# ਕਿਤਾਬ ਏ ਜੰਗਲ

## ਭਾਗ ਪਹਿਲਾ

## ਕਹਾਣੀ ਮੁਗਲੀ ਦੀ



ਰੁਡਯਾਰ੍ਡ ਕਿਪਲਿੰਗ  ਦੀ "ਦ ਜੰਗਲ ਬੁਕ" ਦਾ ਤਰਜਮਾ

ਤਨਵੀਰ ਸਿੰਘ

ਅਕੱਥ ਕਥਾ ਪਬਲੀਕੇਸ਼ਨਸ

ਓਪਨ ਗੁਰਦੁਆਰਾ ਫਾਉਂਡੇਸ਼ਨ

ਓਂਟੈਰਿਓ । ਕੈਨਡਾ

This work is licensed under a Creative Commons Attribution-NonCommercial-NoDerivs 3.0 Unported License available at http://creativecommons.org/licenses/by-nc-nd/3.0/legalcode

You are free:

to Share — to copy, distribute and transmit this work (Kitab - e - Jungle Part One)

Under the following conditions:

| | |
|---|---|
| Attribution | You must attribute this work (but not in any way that suggests that the author or Akath Katha Publications, endorse you or your use of the work). |
| Noncommercial | You may not use this work for commercial purposes. |
| No Derivative Works | You may not alter, transform, or build upon this work. |

With the understanding that:

| | |
|---|---|
| Waiver | Any of the above conditions can be waived if you get permission from the copyright holder. |
| Public Domain | Where the work or any of its elements is in the public domain under applicable law, that status is in no way affected by the license. |
| Other Rights | In no way are any of the following rights affected by the license:<br>• Your fair dealing or fair use rights, or other applicable copyright exceptions and limitations;<br>• The author's moral rights;<br>• Rights other persons may have either in the work itself or in how the work is used, such as publicity or privacy rights. |
| Notice | For any reuse or distribution, you must make clear to others the license terms of this work. |

2013 - 2017 Tanveer Singh, Akath Katha Publications, Ontario, Canada. Some rights reserved.

ਇਹ ਕਾਰਜ(ਕਿਤਾਬ ਏ ਜੰਗਲ ਭਾਗ ਪਹਿਲਾ) ਆਮ ਸਿਰਜਨਾਤਮਕ ਗੁਣ ਆਰੋਪਣ-ਗੈਰ ਵਪਾਰਕ-ਗੈਰ ਵਿਉਤਪੱਨ ੩.੦ ਬੇ ਤਬਦੀਲ ਆਗਿਆ ਪੱਤਰ ਹੇਠ ਮੁਹਇਆ ਕਰਾਇਆ ਗਇਆ ਹੈ॥

ਤੁਸੀਂ ਅਜਾਦ ਹੋਂ:

ਇਸ ਕਿਤਾਬ ਏ ਜੰਗਲ ਭਾਗ ਦੂਜੇ ਨੂੰ ਸਾਂਝਾ ਕਰਨ ਵਾਸਤੇ । ਜਾਂ ਫੇਰ ਇਸਦੀਆਂ ਨਕਲਾਂ ਕਰਨ ਵਾਸਤੇ । ਜਾਂ ਫੇਰ ਇਸ ਕਾਰਜ(ਕਿਤਾਬ ਏ ਜੰਗਲ ਭਾਗ ਪਹਿਲਾ) ਨੂੰ ਵੰਡਨ ਜਾਂ ਪਰਚਾਰ ਕਰਨ ਵਾਸ੍ਤੇ ॥

ਸਿਰਫ ਹੇਠ ਲਿਖੀਆਂ ਸ਼ਰਤਾਂ ਦੇ ਮੁਤਾਬਕ:

| | |
|---|---|
| ਗੁਣ ਆਰੋਪਣ | ਇਸ ਕਾਰਜ ਦਾ ਗੁਣ ਆਰੋਪਣ ਕਰਨਾ ਹੈ(ਮਗਰ ਇਸ ਤਰੀਕੇ ਨਾਲ ਨਹੀਂ ਕਿ ਇੰਞ ਜਾਪੇ ਕਿ ਤੁਹਾਨੂੰ ਲੇਖਕ ਜਾਂ ਅਕੱਥ ਕਥਾ ਪਬਲੀਕੇਸ਼੍ਨਸ ਦੀ ਆਗਿਆ ਪ੍ਰਾਪਤ ਹੈ ਜਾਂ ਲੇਖਕ ਤੁਹਾਡੇ ਨਾਲ ਸਹਮਤਿ ਹੈ) |
| ਗੈਰ ਵਪਾਰਕ | ਇਸ ਕਿਤਾਬ ਏ ਜੰਗਲ ਭਾਗ ਪਹਿਲੇ ਦਾ ਇਸ੍ਤੁਮਾਲ ਤੁਸੀ ਕਿਸੇ ਵਪਾਰਕ ਕੰਮ ਵਾਸਤੇ ਜਾਂ ਪੈਸਾ ਕਮਾਉਣ ਵਾਸਤੇ ਨਹੀਂ ਕਰ ਸਕਦੇ ॥ ਤੁਸੀਂ ਇਸਨੂੰ ਛਾਪ ਕੇ ਵੇਚ ਨਹੀਂ ਸਕਦੇ ਅਤੇ ਇਸ ਤੋਂ ਮੁਨਾਫਾ ਨਹੀਂ ਕਮਾ ਸਕਦੇ ॥ ਛਾਪ ਕੇ ਮੁਫ੍ਤ ਵੰਡਨ ਦੀ ਕੋਈ ਮਨਾਹੀ ਨਹੀਂ ਹੈ ॥ |
| ਗੈਰ ਵਿਉਤਪੱਨ | ਤੁਸੀਂ ਇਸ ਕਿਤਾਬ ਏ ਜੰਗਲ ਭਾਗ ਪਹਿਲੇ'ਚ ਫੇਰ ਬਦਲ ਨਹੀਂ ਕਰ ਸਕਦੇ ਜਾਂ ਫੇਰ ਇਹ੍ਹੋ'ਤੇ ਅਧਾਰਤ ਕੋਈ ਹੋਰ ਕਾਰਜ ਨਹੀਂ ਬਨਾ ਸਕਦੇ ਹੋਂ ॥ |

ਇਸ ਸਮਝ ਨਾਲ ਕਿ:

**ਛੋਟ** ਉੱਪਰ ਲਿਖੀਆਂ ਸਾਰੀਆਂ ਸ਼ਰਤਾਂ'ਤੋਂ ਛੋਟ ਮਿਲ ਸਕਦੀ ਹੈ ਜੇਕਰ ਤੁਸੀਂ ਲੇਖਕ(ਕਾਪੀਰਾਈਟ ਹੋਲਡਰ) ਤੋਂ ਆਗ੍ਯਿਆ ਪ੍ਰਾਪਤ ਕਰ ਲਵੋਂ

**ਲੋਕੱਕ ਕਾਰਜ ਖੇਤਰ** ਜੇਕਰ ਇਹ ਕਾਰਜ ਜਾਂ ਇਸ ਕਾਰਜ ਦੇ ਕੁਝ ਤਤੁ ਲੋਕੱਕ ਕਾਰਜ ਖੇਤਰ'ਚ ਹਣ ਇਸ ਆਗਿਆ ਪਤੁਰ ਨਾਲ ਉਧੀ ਹੈਸਿਅਤ'ਚ ਕੋਈ ਤਬਦੀਲੀ ਨਹੀਂ ਆਵੇਗੀ

**ਬਾਕੀ ਹੱਕ** ਹੇਠ ਲਿਖੇ ਹੱਕ ਕਿਸੇ ਭੀ ਤਰੀਕੇ ਨਾਲ ਇਸ ਆਗ੍ਯਿਆ ਪਤੁਰ ਕਰਕੇ ਅਸਰ ਪਾਉਂਦੇ ਨੇ:

- ਤੁਹਾਡਾ ਵਾਜਬ ਇਸ੍ਤੁਮਾਲ ਕਰਨ ਦਾ ਹੱਕ ਜਾਂ ਫੇਰ ਲਾਗੂ ਕਾਪੀਰਾਈਟ ਦੀਆਂ ਕਮਜੋਰੀਆਂ ਜਾਂ ਛੋਟ
- ਲੇਖਕ ਦੇ ਨੈਤਕ ਹੱਕ
- ਬਾਕੀ ਲੋਕਾਂ ਦੇ ਹੱਕ ਇਸ ਕਾਰਜ'ਚ ਜਾਂ ਜਿਵੇਂ ਇਸ ਨੂੰ ਇਸ੍ਤੁਮਾਲ ਕੀਤਾ ਗਇਆ ਹੈ ਜਿਵੇਂ ਕਿ ਮਸ਼ੂਰੀ ਕਰਨਾ ਅਤੇ ਨਿਜੀ ਹੱਕ

**ਹਿਦਾਇਤ** ਵੰਡਨ ਜਾਂ ਦੁਬਾਰਾ ਇਸ੍ਤੁਮਾਲ(ਇਸ ਕਾਰਜ ਨੂੰ ਕੁਝ ਹੋਰ ਬਣਾਉਨ ਵਾਸਤੇ) । ਤੁਹਾਨੂੰ ਇਸ ਕਾਰਜ ਦੀਆਂ ਸ਼ਰਤਾਂ ਇਸ ਆਗ੍ਯਿਆ ਪਤੁਰ ਹੇਠ ਦੂਜਿਆਂ ਨੂੰ ਸਾਫ ਕਰਨੀਆਂ ਚਾਹਿਦੀਆਂ ਨੇ ॥

**ਇਹ ਤਰਜਮਾ ਤੁਹਾਡੀ ਸਹੂਲਿਅਤ ਵਾਸਤੇ ਮੁਹਇਆ ਕਰਾਇਆ ਗਇਆ ਹੈ ਕਿਸੇ ਭੀ ਸ਼ੱਕ ਜਾਂ ਸ਼ੁਭਾ ਦੀ ਹਾਲਤਾਚ English Version ਹੀ ਲਾਗੂ ਹੋਵੇਗਾ.**

੨੦੧੩ - ੨੦੧੭ ਤਨਵੀਰ ਸਿੰਘ । ਅਕੱਥ ਕਥਾ ਪਬਲੀਕੇਸ਼੍ਨਸ । ਓਂਟੈਰਿਓ । ਕੈਨਡਾ ॥ ਕੁਝ ਹੱਕ ਰਾਖਵੇਂ ॥

# ਤਤਕਰਾ

ਦੋ ਸ਼ਬਦ (ਦੂਸਰੀ ਜਿਲ੍ਹ)........................................vii
ਕਿਤਾਬ ਏ ਜੰਗਲ........................................੧
ਮੁਗਲੀ ਦੇ ਭਾਈ ਬੰਧ........................................੨
ਸਿਉਨੀ ਦਲ ਦਾ ਸ਼ਿਕਾਰ-ਗੀਤ........................................੨੫
ਕਾ ਦਾ ਸ਼ਿਕਾਰ........................................੨੬
ਕਾ ਦਾ ਸ਼ਿਕਾਰ........................................੨੭
ਬਾਂਦਰ - ਲੋਕਾਂ ਦਾ ਗੀਤ ਏ ਸੜਕ........................................੫੩
ਚੀਤਾ ! ਚੀਤਾ !........................................੫੫
ਚੀਤਾ ! ਚੀਤਾ !........................................੫੬
ਮੁਗਲੀ ਦਾ ਗੀਤ........................................੭੫

# ਦੋ ਸ਼ਬਦ (ਦੂਸਰੀ ਜਿਲ੍ਹ)

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ॥ ਮਾਂ ਬੋੱਲੀ ਪੰਜਾਬੀ ਨੂੰ ਅਜ ਇਕ ਵੱਢਾ ਖਤਰਾ ਹੈ। ਖਤਮ ਹੋ ਜਾਣ ਦਾ ਖਤਰਾ ॥ ਪੰਜਾਬੀ ਦੋਵਾਂ ਪੰਜਾਬਾਂ'ਚ ਯਤੀਮ ਹੋ ਚੁੱਕੀ ਹੈ ॥ ਲਹਿੰਦੇ ਪੰਜਾਬ'ਚ ਉੜਦੂ ਨੂੰ ਤਵੱਜੋ ਦਿਤ੍ਤੀ ਜਾਉਂਦੀ ਹੈ ਅਤੇ ਚੜ੍ਹਦੇ ਪੰਜਾਬ'ਚ ਹਿੰਦੀ ਨੂੰ ॥ ਅੱਜ ਪੰਡਤ ਰਾਓ ਧਾਰੇਨ੍ਨਵਰ ਵਰਗੇ ਸੱਜਣ ਸਾਨੂੰ ਸੋਚ੍ਹਣ'ਚ ਮਜਬੂਰ ਕਰਦੇ ਨੇ ਕਿ ਕਿਵੇਂ ਅਸੀਂ ਆਪਣੀ ਮਾਂ ਬੋੱਲੀ ਪੰਜਾਬੀ ਦੀ ਬੇਅਦਬੀ ਕਰਦੇ ਪਏ ਹਾਂ ॥ ਚੜ੍ਹਦੇ ਪੰਜਾਬ'ਚ ਹਿੰਦੀ ਪੰਜਾਬੀ'ਤੇ ਹਾਵੀ ਹੋ ਚੁੱਕੀ ਹੈ ॥ ਜਿਵੇਂ ਕਿ "ਜਾਣਕਾਰੀ ਲੈਣ ਲਈ ਸੰਪਰਕ ਕਰੋ" ਆਮ ਹੀ ਸੁਣਨ ਨੂੰ ਮਿਲਦਾ ਹੈ। ਇ੍ਹਧੇ'ਚ ਪੰਜਾਬੀ ਕਿੱਥੇ ਹੈ ਦੱਸੋ ? ਕੋਈ ਭੀ ਜ਼ੁਬਾਨ ਬੁਰੀ ਨਹੀਂ ਪਰ ਜਦੋਂ ਇਕ ਜ਼ੁਬਾਨ ਨੂੰ ਖਤਮ ਕਰਨ ਵਾਸ੍ਤੇ ਦੂਸਰੀ ਉ੍ਹਧੇ'ਤੇ ਥੱਪ ਦਿਤ੍ਤੀ ਜਾਵੇ'ਤੇ ਇਹ ਗਲਤ ਹੈ ॥ ਇ੍ਹਧੀ ਇਕ ਵਜ੍ਹਾ ਸ਼ਾਇਦ ਹਿੰਦੁਸ੍ਤਾਨ ਦੀ ਸਰਕਾਰ ਦੀ ਪਾਲਸੀ ਹੋ ਸਕਦੀ ਹੈ ॥ ਸੋ ਜੇ ਅੱਜ ਅਸੀਂ ਪੰਜਾਬੀ ਅਤੇ ਪੰਜਾਬਿਅਤ ਨੂੰ ਬਚਾਉਨਾ ਚਾਹੁੰਦੇ ਹਾਂ'ਤੇ ਸਾਨੂੰ ਆਪਣੀ ਨਵੀਂ ਪਨੀਰੀ ਨੂੰ ਪੰਜਾਬੀ ਅਤੇ ਗੁਰਮੁਖੀ ਜਰੂਰ ਸਿਖਾਉਨੀ ਚਾਹਿਦੀ ਹੈ ॥

ਸੋ ਇਹ ਮੇਰੀ ਕੋਸ਼ਿਸ਼ ਹੈ ਕਿ ਦਿਲਚਸਪ ਕਹਾਂਣੀਆਂ ਜਿੜ੍ਹੀਆਂ ਬਚ੍ਚਿਆਂ ਨੂੰ ਪਹਿਲਾਂ ਹੀ ਪਤਾ ਨੇ। ਓਨ੍ਹਾਂ ਦਾ ਪੰਜਾਬੀ'ਚ ਤਰਜਮਾ ਕਰਕੇ ਬਚ੍ਚਿਆਂ ਨੂੰ ਪੰਜਾਬੀ ਸਿਖਾਈ ਅਤੇ ਪੜ੍ਹਾਈ ਜਾਵੇ ॥ ਇਸ ਸੋਚ ਦੇ ਨਾਲ ਮੈਂ ਰੁਡਯਾਰ੍ਡ ਕਿਪਲਿੰਗ ਦੀ "ਦ ਜੰਗਲ ਬੁੱਕ" ਦਾ ਤਰਜਮਾ ਕੀਤ੍ਤਾ ਹੈ ॥

ਜਿੜ੍ਹਾ ਬਚ੍ਚਾ ਬਿਲਕੁਲ ਪੰਜਾਬੀ ਜਾਂ ਗੁਰਮੁਖੀ ਨਹੀਂ ਜਾਣਦਾ ਓਨ੍ਹੂ ਇਸ ਕਿਤਾਬ ਦੀ ਦੁਬੋੱਲੀ ਜਿਲ੍ਹ ਨਾਲ ਸਿੱਖਨ ਦਾ ਕਾਰਜ ਅਰੰਭ ਕਰਨਾ ਚਾਹਿਦਾ ਹੈ ਅਤੇ ਨਾਲ ਹੀ ਨਾਲ ਇਸ ਕਿਤਾਬ ਦਾ ਜੋੜੀਦਾਰ ਕਾਇਦਾ ਭੀ ਪੜ੍ਹਨਾ ਚਾਹਿਦਾ ਹੈ ॥ ਇ੍ਹਧੇ ਨਾਲ ਬਚ੍ਚਿਆਂ ਨੂੰ ਇਹ ਕਿਤਾਬ ਪੜ੍ਹਨ'ਚ ਅਸਾਨੀ ਹੋਵੇਗੀ ਅਤੇ ਨਾਲ ਹੀ ਨਾਲ ਓਨ੍ਹਾਂ ਦੀ ਦਿਲਚਸਪੀ ਬਣੀ ਰਹੇਗੀ ॥

ਉੱਮੀਦ ਕਰਦਾਂ ਹਾਂ ਕਿ ਆਪ ਸੱਭ ਨੂੰ ਇਹ ਕਿਤਾਬ ਪੰਜਾਬੀ/ਗੁਰਮੁਖੀ ਸਿੱਖਣ'ਚ ਸਹਾਈ ਹੋਵੇਗੀ ॥

ਗੁਰ ਫਤਿਹ

ਤਨਵੀਰ ਸਿੰਘ

ਸੇਵਾਦਾਰ। ਓਪਨ ਗੁਰਦੁਆਰਾ ਫਾਂਉਂਡੇਸ਼ਨ

ਟੋਰੰਟੋ। ਓਂਟੈਰਿਉ

ਕੈਨਡਾ

੧ ਨਵੰਬਰ ੨੦੧੭

# ਕਿਤਾਬ ਏ ਜੰਗਲ

ਹੁਣ ਰਣ ਜੋ ਹੈ ਬਾਜ ਘਰ ਲਿਆਇਆ ਹੈ ਰਾਤ
ਜਿਸ ਨੂੰ ਮੰਗੂ ਚੰਮਗਿਦੂੜ ਕਰਦਾ ਹੈ ਅਜਾਦ -
ਇੱਜੜ ਤਬੇਲੇ ਅਤੇ ਝੁੱਗੀ'ਚ ਹੈ ਬੰਦ
ਸਵੇਰ ਤਕ ਅਸੀਂ ਹਾਂ ਖੁਲ੍ਹੇ'ਤੇ ਅਜਾਦ ॥
ਸਮਾਂ ਹੈ ਇਹ ਕਰਨ ਦਾ ਗਰੂਰ ਅਤੇ ਵਿਖਾਉਣ ਦਾ ਦੰਮ ।
ਨੌਂਹ ਅਤੇ ਬੜੀ ਬੇਸਬਰੀ ਅਤੇ ਇਹ ਪੰਜ ॥
ਓਹ ਸੁਨੇ ਇਹ ਪੁਕਾਰ ਹੋਵੇ ਵਧਿਆ ਸ਼ਿਕਾਰ
ਮਨ੍ਹੋ ਕਨੂੰਨ ਜੰਗਲ ਦਾ !

ਇਹ ਰਾਤ ਗੀਤ । ਵਿਚ ਜੰਗਲ ॥



## ਮੁਗਲੀ ਦੇ ਭਾਈ ਬੰਧ

ਸਿਉਨੀ ਦੀ ਪਹਾੜੀ'ਚ ਇਕ ਗਰਮੀ ਭਰੀ ਸ਼ਾਮ ਨੂੰ ਸਤੁ ਵਜੇ ਦਾ ਸਮਾ ਸੀ ਜਦੋਂ ਪਿਤਾ ਬਘਿਆੜ ਅਪਨੀ ਨੀਂਦ'ਚੋਂ ਜਾਗਿਆ । ਅਪਨੇ ਆਪ ਨੂੰ ਖੁਰਕਿਆ । ਉਬਾਸੀ ਲਈ ਅਤੇ ਅਪਨੇ ਇਕ ਇਕ ਕਰਕੇ ਸਾਰੇ ਪੰਜੇ ਪਸਾਰੇ । ਕਿ ਨੀਂਦ ਦੂਰ ਹੋਵੇ ॥ ਮਾਤਾ ਬਘਿਆੜ ਅਪਨਾ ਵੱਢਾ ਸਲੇਟੀ ਨੱਕ ਸੁਟਕੇ ਅਪਨੇ ਚੁਲਬੁਲਾਉਂਦੇਂ ਹੋਏ ਚਾਰ ਬਲੂੰਗੜਿਆਂ ਨਾਲ ਲੰਮੀਂ ਪਈ ਹੋਈ ਸੀ ਅਤੇ ਚੰਦ੍ਰਮਾਂ ਗੁਫਾ ਦੇ ਮੂੰਹ ਤੇ ਚਮਕਦਾ ਪਇਆ ਸੀ । ਜਿੱਥੇ ਇਹ ਸਾਰੇ ਰਹਿੰਦੇ ਸੀ ॥ ਆਹ ਫੇਰ ਸ਼ਿਕਾਰ ਕਰਨ ਦਾ ਸਮਾਂ ਆ ਗਿਆ । ਪਿਤਾ ਬਘਿਆੜ ਨੇ ਕਿਹਾ॥ ਓਹ ਛਲਾਂਗਾਂ ਮਾਰ ਪਹਾੜੀ ਉਤਰਨ ਵਾਲਾ ਹੀ ਸੀ ਕਿ ਇਕ ਪਰਛਾਂਈ ਨੇ ਉਧਾ ਰਸ੍ਤਾ ਕਟ੍ਰਿਆ ਅਤੇ ਅਵਾਜ ਆਈ "ਵਢਭਾਗੀ ਹੋਵੋ ਓਹ ਬਘਿਆੜਾਂ ਦੇ ਸਰਦਾਰ ॥ ਅਤੇ ਵਢਭਾਗ ਤੇ ਮਜਬੂਤ ਚਿਟ੍ਰੇ ਦੰਦ ਨਵਾਬੀ ਬਚ੍ਰਿਆਂ ਦੇ ਹੁਦੇਂ ਹਣ ਤਾਕਿ ਓਹ ਕਦੇ ਭੀ ਇਸ ਸੰਸਾਰ ਦੇ ਭੁਖਿਆਂ ਨੂੰ ਨਾਂ ਭੁੱਲਣ" ॥

ਤਬਾੱਕੀ । ਓਹ ਇਕ ਗਿਦੂੜ ਸੀ ॥ ਤਸ੍ਤਰਿਆਂ ਚੱਟਨ ਵਾਲਾ। ਅਤੇ ਹਿੰਦੁਸ੍ਤਾਨ ਦੇ ਬਘਿਆੜ ਤਬਾੱਕੀ ਤੋਂ ਨਫਰਤ ਕਰਦੇ ਸੀ ਕਿਓਂਕਿ ਓਹ ਸ਼ਰਾਰਤਾਂ ਕਰਦਾ ਫਿਰਦਾ ਸੀ ॥ ਕਹਾਇਆਂ ਸੁਣਾਉਂਦਾ ਫਿਰਦਾ ਸੀ ਅਤੇ ਲੀੜੇ ਅਤੇ ਚਮੜੇ ਦੇ ਟੋਟ੍ਰੇ ਪਿੰਡ ਦੇ ਕੂੜੇ ਦੇ ਢੇਰਾਂ'ਚੋਂ ਚੁਕ ਕੇ ਖਾਉਂਦਾ ਸੀ ॥ ਮਗਰ ਓਹ ਤਬਾੱਕੀ ਤੋਂ ਡਰਦੇ ਭੀ ਨੇ ਕਿਓਂਕਿ ਤਬਾੱਕੀ ਨੂੰ ਪਾਗਲ ਹੋਣ ਦਾ ਅੰਦੇਸ਼ਾ ਹੈ ਅਤੇ ਓਹ ਉਸ ਵੇਲੇ ਭੁੱਲ ਜਾਉਂਦਾ ਹੈ ਕਿ ਓਹ ਕਿਸੇ ਤੋਂ ਡਰਦਾ ਭੀ ਸੀ । ਅਤੇ ਜੰਗਲ'ਚ ਦੌੜਨ ਲਗ ਪੈਂਦਾ ਹੈ । ਜੋ ਭੀ ਉਧੇ ਰਸ੍ਤੇ ਵਿਚ ਆਓਂਦਾ ਹੈ ਉਸ ਨੂੰ ਦੰਦੀਆਂ ਵੱਢ ਲੈਂਦਾ ਹੈ ॥ ਇਥੋਂ ਤਕ ਕਿ ਚੀਤਾ ਭੀ ਨੁੱਸ ਕੇ ਲੁਕ ਜਾਉਂਦਾ ਹੈ ਜਦੋਂ ਛੋਟ੍ਰਾ ਤਬਾੱਕੀ ਪਾਗਲ ਹੋ ਜਾਉਂਦਾ ਹੈ । ਕਿਓਂਕਿ ਪਾਗਲਪਨ ਸਭ'ਤੋਂ ਜਿਆਦਾ ਭੈੜੀ ਚੀਜ ਹੈ ਜੋ ਇਕ ਜੰਗਲੀ ਜੀਅ'ਤੇ ਹਾਵੀ ਹੋ ਜਾਵੇ ॥ ਅਸੀਂ ਇਸ ਨੂੰ ਪਾਣੀ ਤੋਂ ਲੱਗਣ ਵਾਲਾ ਡਰ ਆਖਦੇ ਹਾਂ ਪਰ ਓਹ ਇਸ ਨੂੰ ਦਿਵਾਨੀ - ਪਾਗਲਪਨ - ਕਹਿਦੇਂ ਨੇ ਅਤੇ ਦੌੜ ਜਾਉਂਦੇ ਨੇ ॥

"ਅੰਦਰ ਆ'ਤੇ ਵੇਖ" ਪਿਤਾ ਬਘਿਆੜ ਨੇ ਔਖਾ ਹੋਕੇ ਕਿਹਾ "ਮਗਰ ਇੱਥੇ ਕੋਈ ਭੋਜਨ ਨਹੀਂ ਹੈ" ॥

"ਇਕ ਬਘਿਆੜ ਵਾਸ੍ਤੇ ਨਹੀਂ" ਤਬਾੱਕੀ ਨੇ ਕਿਹਾ । "ਪਰ ਮੇਰੇ ਵਰਗੇ ਕਮੀਨੇ ਵਾਸ੍ਤੇ ਤਾਂ ਇਕ ਸੁੱਕੀ ਹੱਡੀ ਭੀ ਇਕ ਵੱਢਾ ਭੋਜ ਹੈ" ॥ ਅਸੀਂ ਕੌਣ ਲੋਗ ਹਾਂ । ਗਿਦੂੜ ਲੋਗ । ਅਪਨੀ ਮਨ ਮਰਜੀ ਕਰਨ ਵਾਲੇ ॥ ਓਹ ਗੁਫਾ ਦੇ ਪਿਛਲੇ ਪਾਸੇ ਚਲਾ ਗਿਆ ਜਿੱਥੇ ਉਸ ਨੂੰ ਇਕ ਹਿਰਣ ਦੀ ਹੱਡੀ ਲਭ ਪਈ ਜਿਸਦੇ ਉੱਪਰ ਕੁਝ ਮਾਸ ਲਗ੍ਗਾ ਹੋਇਆ ਸੀ। ਅਤੇ ਓਹ ਬੈਠ ਕੇ ਉਸ ਨੂੰ ਚਬਾ ਕੇ ਅਨੰਦ ਮਾਨਣ ਲਗ ਪਿਆ ॥

"ਇਸ ਅੱਛੇ ਭੋਜਨ ਵਾਸ੍ਤੇ ਬਹੁਤ ਸ਼ੁਕ੍ਰਿਆ ।" ਓਨ੍ਹੇ ਅਪਨੇ ਬੁੱਲ ਚਟ੍ਦੇ ਹੋਏ ਕਿਹਾ ॥ "ਕਿਨ੍ਹੇ ਸੋਹਣੇ ਹਣ ਨਵਾਬੀ ਬਚ੍ਚੇ ! ਇਨ੍ਹਾਂ ਦੀਆਂ ਅੱਖਾਂ ਕਿਨ੍ਹੀਆਂ ਵੱਢੀਆਂ ਨੇ ! ਅਤੇ ਕਿਨ੍ਹੇ ਜਵਾਨ ਭੀ ਹਣ । ਬੇਸ਼ਕ ਮੈਨੂੰ ਸ਼ਾਇਦ ਯਾਦ ਹੈ ਕਿ ਰਾਜਿਆਂ ਦੇ ਬਚ੍ਚੇ ਸ਼ੁਰੂ'ਤੋਂ ਹੀ ਮਰ੍ਦ ਹੁੰਦੇ ਨੇ" ॥

ਹੁਣ ਤਬਾੱਕੀ ਅਤੇ ਕਿਸੇ ਹੋਰ ਨੂੰ ਭੀ ਪਤਾ ਸੀ ਕਿ ਇਹ ਕਿਨ੍ਹੀ ਮੰਦਭਾਗੀ ਗੱਲ ਹੈ। ਬਚ੍ਚਿਆਂ ਦੀ ਓਨ੍ਹਾਂ ਦੇ ਮੂੰਹ'ਤੇ ਤਰੀਫ ਕਰਨਾ ॥ ਉਸ ਨੂੰ ਬੜੀ ਖੁਸ਼ੀ ਹੋਈ ਇਹ ਵੇਖ ਕੇ ਕਿ ਮਾਤਾ ਅਤੇ ਪਿਤਾ ਬਘਿਆੜ ਬੜੇ ਖਫਾ ਲਗ ਰਹੇ ਸੀ ॥

ਤਬਾੱਕੀ ਚੁਪ ਚਪੀਤੇ ਬੈਠਾ ਰਿਹਾ । ਅਪਨੀ ਸ਼ਰਾਰਤ'ਤੇ ਖੁਸ਼ ਹੁੰਦਾ ਹੋਇਆ । ਅਤੇ ਫੇਰ ਔਖੀ ਅਵਾਜ'ਚ ਬੋੱਲਿਆ :

ਵੱਢੇ ਸ਼ੇਰ ਖਾਂ ਨੇ ਅਪਨੇ ਸ਼ਿਕਾਰ ਦੀ ਜਗ੍ਹਾ ਬਦਲ ਲਈ ਹੈ ॥ ਅਗਲਾ ਚੰਦ੍ਰਮਾ ਖਿਡਨ ਤਾਂਈਂ ਓਹ ਇਨ੍ਹਾਂ ਪਹਾੜੀਆਂ'ਚ ਸ਼ਿਕਾਰ ਕਰੇਗਾ । ਇਹ ਓਨ੍ਹੇ ਮੈਨੂੰ ਦੱਸਿਆ ਹੈ ॥

ਸ਼ੇਰ ਖਾਂ ਓਹ ਚੀਤਾ ਸੀ ਜੋ ਵੇਨਗੰਗਾ ਦਰਿਆ ਨੇੜੇ ਵੀਹ ਮੀਲ ਦੂਰ ਰਹਿੰਦਾ ਸੀ ॥

"ਉਸ ਨੂੰ ਕੋਈ ਹੱਕ ਨਹੀਂ ਹੈ" ਗੁੱਸੇ'ਚ ਪਿਤਾ ਬਘਿਆੜ ਸ਼ੁਰੂ ਹੋਇਆ - "ਜੰਗਲ ਦੇ ਕਨੂੰਨ ਮੁਤਾਬਿਕ ਉਸ ਨੂੰ ਕੋਈ ਹੱਕ ਨਹੀਂ ਹੈ ਕਿ ਓਹ ਅਪਨੀ ਰਿਹਾਇਸ਼ ਬਿਨਾ ਕਿਸੇ ਨੂੰ ਖਬਰਦਾਰ ਕੀਤੇ ਬਦਲ ਲਵੇ ॥ ਓਹ ਦਸ ਮੀਲ ਦੇ ਅੰਦਰ ਸਾਰੇ ਦਲਾਂ ਦੇ ਹਰ ਜਾਨਵਰ ਨੂੰ ਡਰਾ ਦੇਵੇਗਾ । ਅਤੇ ਮੈਨੂੰ - ਮੈਨੂੰ ਦੋ ਬੰਦਿਆਂ ਵਾਸ੍ਤੇ ਮਾਰਨਾ ਪੈਂਦਾ ਹੈ । ਅਜਕਲ ॥"

"ਉਧੀ ਮਾਂ ਐਵੇਂ ਹੀ ਨਹੀਂ ਉਸ ਨੂੰ ਲੰਗੜਾ ਆਖਦੀ ਸੀ" ਮਾਤਾ ਬਘਿਆੜ ਚੁਪਚਪੀਤੇ ਬੋੱਲੀ ॥ "ਓਹ ਜਨਮ ਤੋਂ ਹੀ ਇਕ ਪੈਰ'ਤੋਂ ਲੰਗੜਾ ਸੀ ॥ ਇਸ ਲਈ ਓਨ੍ਹੇ ਸਿਰਫ ਡੰਗਰ ਹੀ ਮਾਰੇ ਹਣ ॥ ਹੁਣ ਵੇਨਗੰਗਾ ਦੇ ਪਿੰਡਾਂ ਵਾਲੇ ਇਸ ਤੋਂ ਨਰਾਜ ਨੇ । ਅਤੇ ਇਹ ਇੱਥੇ ਆਇਆ ਹੈ ਸਾੱਢੇ ਪਿੰਡਾਂ ਵਾਲਿਆਂ ਨੂੰ ਨਰਾਜ ਕਰਨ ॥ ਓਹ ਜੰਗਲ ਛਾਨ ਮਾਰਨਗੇ ਇਸ ਨੂੰ ਲੱਭਨ ਵਾਸ੍ਤੇ । ਜਦੋਂ ਓਹ ਬਹੁਤ ਦੂਰ ਹੋਵੇਗਾ । ਸਾਨ੍ਹੂੰ ਅਤੇ ਸਾੱਢੇ ਬਚ੍ਚਿਆਂ ਨੂੰ ਭੱਜਨਾ ਪਵੇਗਾ ਜਦੋਂ ਘ੍ਹਾ ਨੂੰ ਅਗ ਲਗਾ ਦਿਤ੍ਤੀ ਜਾਵੇਗੀ ॥ ਬੇਸ਼ਕ ਅਸੀਂ ਸ਼ੇਰ ਖਾਂ ਦੇ ਬਹੁਤ ਸ਼ੁਕਰਗੁਜਾਰ ਹਾਂ !"

"ਕਿ ਮੈਂ ਉਸ ਨੂੰ ਤੁਹਾਡੀ ਸ਼ੁਕਰਗੁਜਾਰੀ ਬਾਰੇ ਦਸ ਦਿਆਂ ?" ਤਬਾੱਕੀ ਬੋੱਲਿਆ॥

"ਦਫਾ ਹੋ ਜਾ !" ਭੜਕ ਕੇ ਪਿਤਾ ਬਘਿਆੜ ਬੋੱਲਿਆ ॥ "ਦਫਾ ਹੋ ਤੇ ਅਪਨੇ ਮਾਲਿਕ ਨਾਲ ਮਿਲਕੇ ਸ਼ਿਕਾਰ ਕਰ । ਤੂੰ ਇਕ ਰਾਤ ਜੋਗ੍ਗਾ ਬਹੁਤ ਨੁਕਸਾਨ ਪਹੁੰਚਾ ਚੁੱਕਿਆਂ ਹੈਂ ॥"

"ਮੈਂ ਜਾਉਦਾਂ ਹਾਂ ।" ਤਬਾੱਕੀ ਹੋਲੇ ਜਿਹੇ ਬੋੱਲਿਆ ॥ "ਤੁਸੀਂ ਥੱਲੇ ਸੰਘਨੀ ਝਾੜੀਆਂ'ਚ ਸ਼ੇਰ ਖਾਂ ਨੂੰ ਸੁਣ ਹੀ ਸਕਦੇ ਹੋ ॥ ਮੈਂ


ਸ਼ਾਇਦ ਸੁਨੇਹਾਂ ਸਾਂਭ ਲਿਆ ਹੋਵੇ ॥"

ਪਿਤਾ ਬਘਿਆੜ ਨੇ ਸੁਣਿਆ । ਅਤੇ ਥੱਲੇ ਘਾਟੀ'ਚ ਜੇੜ੍ਹੀ ਇਕ ਚੋਈ ਤਕ ਜਾਉਂਦੀ ਸੀ । ਓਨ੍ਹੇ ਸੁੱਕੀ ਗੁੱਸੇ ਭਰੀ ਚੀਤੇ ਦੀ ਦਹਾੜ ਸੁਣੀ ਜਿਸ ਨੂੰ ਕੋਈ ਸ਼ਿਕਾਰ ਨਹੀਂ ਲੱਭਿਆ ਸੀ ਅਤੇ ਉਸ ਨੂੰ ਕੋਈ ਪਰਵਾਹ ਨਹੀਂ ਸੀ ਕਿ ਇਸਦਾ ਭਾਵੇਂ ਪੂਰੇ ਜੰਗਲ ਨੂੰ ਪਤਾ ਲਗ੍ਗੇ ॥

"ਬੇਵਕੂਫ !" ਪਿਤਾ ਬਘਿਆੜ ਨੇ ਕਿਹਾ ॥ ਅਪਨੇ ਕੱਮ ਦੀ ਸ਼ੁਰੂਆਤ ਇਨ੍ਹੀ ਖੱਪ ਪਾ ਕੇ ਕਰਨੀ ! ਓਹ ਕੀ ਸੋਚਦਾ ਹੈ ਕਿ ਸਾੱਢੇ ਹਿਰਣ ਵੇਨਗੰਗਾ ਦੇ ਸੰਢਿਆਂ ਵਰਗੇ ਮ੍ਹੋਟ੍ਹੇ ਡਾਢੇ ਨੇ ॥

ਹ ਸ਼ਸ਼ ॥ ਨਾਂ ਸੰਢੇ ਨਾਂ ਹੀ ਹਿਰਣ ਦਾ ਸ਼ਿਕਾਰ ਓਹ ਅਜ ਰਾਤ ਕਰ ਰਿਹਾ ਹੈ ।" ਮਾਤਾ ਬਘਿਆੜ ਬੋੱਲੀ॥ "ਓਹ ਆਦਮੀ ਦਾ ਸ਼ਿਕਾਰ ਕਰ ਰਿਹਾ ਹੈ ॥"

ਸਹਕਨਾ ਹੁਣ ਗੁਨਗੁਨਾਉਣ'ਚ ਬਦਲ ਗਿਆ ਸੀ ਜਿੜ੍ਹਾ ਹਰ ਪਾਸਿਓਂ ਆਓਂਦਾ ਜਾਪਦਾ ਸੀ ॥ ਓਹ ਐਸੀ ਅਵਾਜ ਸੀ ਕਿ ਜਿੜ੍ਹੀ ਖੁੱਲੇ'ਚ ਸੁਤ੍ਤੇ ਹੋਏ ਲਕੱੜਹਾਰਿਆਂ ਅਤੇ ਖਾਨਾਬਦੋਸ਼ਾਂ ਨੂੰ ਕਦੇ ਕਦੇ ਸ਼ੇਰ ਦੇ ਮੂੰਹ ਵਿਚ ਜਾਣ ਵਾਸ੍ਤੇ ਗੁਮਰਾਹ ਕਰ ਦੇਂਦੀ ਸੀ ॥



"ਚੰਗੀ ਕਿਸਮਤ ਤੇਰੇ ਨਾਲ ਜਾਵੇ ਓ ਬਘਿਆੜਾਂ ਦੇ ਸਰਦਾਰ"

"ਆਦਮੀ" ਪਿਤਾ ਬਘਿਆੜ ਨੇ ਅਪਨੇ ਸਾਰੇ ਚਿਟ੍ਟੇ ਦੰਦ ਵਿਖਾਉਂਦੇ ਹੋਏ ਕਿਹਾ ॥ "ਆਹ ! ਕਿ ਛੱਪੜਾਂ'ਚ ਕੀੜੇ'ਤੇ ਡੱਡੂ ਕਾਫੀ

ਨਹੀਂ ਹੈਗੇ ਜੇੜ੍ਹਾ ਇਨ੍ਹੇ ਆਦਮੀ ਨੂੰ ਹੀ ਖਾਣਾ ਹੈ ਓਹ ਭੀ ਸਾੱਢੇ ਇਲਾਕੇ'ਚ !"

ਜੰਗਲ ਦਾ ਕਨੂੰਨ । ਜੇੜ੍ਹਾ ਕਦੇ ਭੀ ਕਿਸੇ ਵਜ੍ਹਾ ਬਿਨਾ ਕੋਈ ਹੁਕਮ ਨਹੀਂ ਕਰਦਾ । ਹਰ ਇਕ ਵ੍ਰਸ਼ੀ ਨੂੰ ਆਦਮੀ ਦੇ ਖਾਣ'ਤੇ ਰੋਕ ਲਗਾਉਂਦਾ ਹੈ ਬਸ਼ਰਤੇ ਕਿ ਓਹ ਅਪਨੇ ਬਚ੍ਚਿਆਂ ਨੂੰ ਸ਼ਿਕਾਰ ਕਿਵੇਂ ਕਰਨਾ ਹੈ ਸਿਖਾ ਰਿਹਾ ਹੋਵੇ ਅਤੇ ਉਸ ਨੂੰ ਸ਼ਿਕਾਰ ਅਪਨੇ ਦਲ ਜਾਂ ਕਬੀਲੇ ਦੇ ਇਲਾਕੇ ਤੋਂ ਬਾਹਰ ਕਰਨਾ ਹੁੰਦਾ ਹੈ॥ ਇਸਦੀ ਅਸਲੀ ਵਜ੍ਹਾ ਹੈ ਕਿ ਆਦਮੀ ਦੇ ਮਾਰਨ ਦਾ ਮਤਲਬ । ਅਜ ਨਹੀਂ ਤੇ ਕੱਲ । ਗੋਰੇ ਆਦਮੀਆਂ ਦਾ ਬੰਦੂਕਾਂ ਲੈਕੇ ਹਾਥੀ'ਤੇ ਸਵਾਰ ਹੋਕੇ ਅਤੇ ਕਈ ਸੌ ਦੇਸੀ ਆਦਮੀਆਂ ਦਾ ਘੈਂਟੇ । ਹਵਾਈਆਂ ਅਤੇ ਮਸ਼ਾਲਾਂ ਲੈਕੇ ਆਓਣਾ ॥ ਫਿਰ ਹਰ ਕੋਈ ਜੰਗਲ'ਚ ਦੁਖ ਭੋਗਦਾ ਹੈ ॥ ਵ੍ਰਸ਼ੀ ਆਪਸ'ਚ ਤਰਕ ਕਰਦੇ ਹਣ ਕਿ ਆਦਮੀ ਸਾਰੇ ਜੀਆਂ ਤੋਂ ਕਮਜੋਰ ਅਤੇ ਬੇਬਸ ਹੁੰਦਾ ਹੈ । ਅਤੇ ਉਸ ਨੂੰ ਹੱਥ ਪਾਉਣਾ ਜਾਨਵਰਾਂ ਨੂੰ ਸੋਭਾ ਨਹੀਂ ਦੇਂਦਾ ॥ ਓਹ ਕਹਿੰਦੇ ਨੇ ਅਤੇ ਇਹ ਸਚ੍ਚ ਭੀ ਹੈ ਕਿ ਆਦਮੀ ਨੂੰ ਖਾਣ ਵਾਲਿਆਂ ਨੂੰ ਖੁਰਕ ਪੈ ਜਾਉਂਦੀ ਹੈ । ਅਤੇ ਓਨ੍ਹਾਂ ਦੇ ਦੰਦ ਟੁਟ੍ਟ ਜਾਉਂਦੇ ਨੇ ॥

ਮਮਿਓਨਾ ਹੌਲੀ ਹੌਲੀ ਤੇਜ ਹੁੰਦਾ ਗਿਆ ਅਤੇ ਇਕ ਚੜ੍ਹਾਈ ਕਰਦੇ ਹੋਏ ਚੀਤੇ ਦੀ ਦਹਾੜ'ਚ ਖਤਮ ਹੋਇਆ ॥

ਫੇਰ ਭੌਂਕਦੀ ਹੋਈ ਇਕ ਬੇਚੀਤਈ ਦਹਾੜ ਸ਼ੇਰ ਖਾਂ ਤੋਂ ਆਈ ॥ "ਓਹ ਚੂਕ ਗਿਆ ।" ਮਾਤਾ ਬਘਿਆੜ ਨੇ ਕਿਹਾ ॥ "ਓਹ ਕੀ ਹੈ ?"

ਪਿਤਾ ਬਘਿਆੜ ਕੁਝ ਕਦਮ ਨ੍ਹੱਸਿਆ ਅਤੇ ਸੁਣਿਆ ਕਿ ਸ਼ੇਰ ਖਾਂ ਵ੍ਹੈਸ਼ਿਆਨਾ ਤਰੀਕੇ ਨਾਲ ਬੜਬੜਾਉਂਦੇ ਹੋਏ ਇਕ ਝਾੜੀ'ਚ ਢ੍ਹੈ ਪਿਆ ॥

"ਮੂਰਖ ਨੂੰ ਕੋਈ ਹੋਸ਼ ਨਹੀਂ ਹੈ ਕਿਓਂਕਿ ਓਨ੍ਹੇ ਇਕ ਲਕੜਹਾਰੇ ਦੀ ਲਾਈ ਹੱਥ ਸੇਕਨ ਜੋਗੀ ਅਗ੍ਗ'ਚ ਅਪਨੇ ਪੈਰ ਸਾੜ ਲਏ ਹਨ ।" ਪਿਤਾ ਬਘਿਆੜ ਨੇ ਘੁਰ੍ਰਘੁਰ੍ਰ ਕਰਦੇ ਬੋੱਲਿਆ ॥ "ਤਬਾੱਕੀ ਉਧੇ ਨਾਲ ਹੈ ॥"

"ਕੁਝ ਉਪੱਰ ਪਹਾੜੀ ਤੇ ਆ ਰਿਹਾ ਹੈ ।" ਮਾਤਾ ਬਘਿਆੜ ਨੇ ਇਕ ਕਨ੍ਨ ਫੜਕਾਉਂਦੇ ਹੋਏ ਕਿਹਾ ॥ "ਤਿਆਰ ਹੋ ਜਾਓ ॥"

ਸੰਘਨੀ ਝਾੜੀਆਂ'ਚ ਥੋੜ੍ਹੀ ਜਿਹੀ ਸਰਸਰਾਹਟ ਹੋਈ ਅਤੇ ਪਿਤਾ ਬਘਿਆੜ ਪਿਛਵਾੜੇ ਦੇ ਭਾਰ ਢਹ ਪਿਆ ਅਤੇ ਛਲਾਂਗ ਮਾਰਨ ਵਾਸ੍ਤੇ ਤਿਆਰ ਹੋ ਗਿਆ ॥ ਫੇਰ ਜੇਕਰ ਤੁਸੀਂ ਵੇਖ ਰਹੇ ਸਿਗੇ ਤਾਂ ਤੁਸੀਂ ਵੇੱਖਿਆ ਹੋਵੇਗਾ ਇਸ ਸੰਸਾਰ ਦੀ ਸਭ ਤੋਂ ਵਧੀਆ ਚੀਜ । ਬਸੰਤ'ਚ ਬਘਿਆੜ ॥ ਓਹ ਬਿਨਾ ਵੇਖੇ ਹੀ ਛਾਲਾਂ ਮਾਰਨ ਲਗ ਪਿਆ । ਅਤੇ ਫੇਰ ਅਪਨੇ ਆਪ ਨੂੰ ਰੋਕਨ ਦੀ ਕੋਸ਼ਿਸ਼ ਕਰਨ ਲਗ੍ਗਾ ॥ ਇ੍ਧਾ ਇਹ ਨਤੀਜਾ ਹੋਇਆ ਕਿ ਓਹ ਹਵਾ'ਚ ਸਿੱਧਾ ਚਾਰ ਜਾਂ ਪੰਜ ਫੁਟ ਉੱਛਲ ਪਿਆ । ਓਹ ਓੱਥੇ ਹੀ ਆਨ ਡਿਗ੍ਗਾ ਜਿੱਥੋਂ ਓਨ੍ਹੇ ਛਾਲ ਮਾਰੀ ਸੀ ॥

"ਆਦਮੀ" ਓਹ ਫੁਟ੍ਟ ਪਿਆ ॥ "ਇਕ ਆਦਮੀ ਦਾ ਬਲ੍ਹੂੰਗੜਾ ॥ ਵੇੱਖੋ !"

ਉਧੇ ਇਕਦਮ ਸਾਹਮਨੇ । ਇਕ ਨੀਵੀਂ ਟ੍ਹਾਣੀ ਨੂੰ ਫੜੇ ਹੋਏ । ਇਕ ਦੇਸੀ ਬਚ੍ਹਾ ਖੜਾ ਸੀ ਜੋ ਕੁਝ ਇਸ ਤਰ੍ਹਾਂ ਟੂਰ ਸਕਦਾ ਸੀ ਜਿਵੇਂ ਕੂਲਾ ਅਤੇ ਸਲੋਨਾ ਛੋਟ੍ਹਾ ਜਿਹਾ ਜ਼ਰ੍ਹਾ ਕਦੀਂ ਇਕ ਬਘਿਆੜ ਦੀ ਗੁਫਾ'ਚ ਰਾਤ ਨੂੰ ਆਇਆ ਹੋਵੇ ॥ ਓਨ੍ਹੇ ਪਿਤਾ ਬਘਿਆੜ ਦੇ ਮੂੰਹ ਦੀ ਤਰਫ ਵੇੱਖਿਆ ਅਤੇ ਹੱਸ ਪਿਆ ॥

"ਕਿ ਇਹ ਆਦਮੀ ਦਾ ਬਲੂੰਗੜਾ ਹੈ ?" ਮਾਤਾ ਬਘਿਆੜ ਨੇ ਕਿਹਾ ॥ "ਮੈਂ ਕਦੇ ਭੀ ਇਕ ਨਹੀਂ ਵੇੱਖਿਆ ॥ ਇਸ ਨੂੰ ਇੱਥੇ ਲੈਕੇ ਆਓ ॥"

ਇਕ ਬਘਿਆੜ ਅਪਨੇ ਬਲੂੰਗੜਿਆਂ ਨੂੰ ਇੱਧਰ ਉੱਧਰ ਲੈ ਕੇ ਜਾਣ'ਚ ਗਿੱਝਿਆ ਹੋਵੇ ਤਾਂ ਜਰੂਰਤ ਪੈਣ'ਤੇ ਇਕ ਆਂਡਾ ਬਿਨਾ ਤੋੜੇ ਅਪਨੇ ਮੂੰਹ'ਚ ਲਿਜਾ ਸਕਦਾ ਹੈ । ਅਤੇ ਬੇਸ਼ੱਕ ਪਿਤਾ ਬਘਿਆੜ ਨੇ ਬਚ੍ਹਾ ਅਪਨੇ ਜਬਾੜੇ'ਚ ਫੜ ਲਿਆ ਪਰ ਇਕ ਭੀ ਦੰਦ ਨੇ ਬਚ੍ਹੇ'ਤੇ ਝਰੀਟ ਨਹੀਂ ਪਾਈ ਜਦੋਂ ਓਨ੍ਹੇ ਆਦਮੀ ਦੇ ਬਚ੍ਹੇ ਨੂੰ ਅਪਨੇ ਬਲੂੰਗੜਿਆਂ ਦੇ ਨਾਲ ਹੇਠਾਂ ਲੰਮਾਂ ਪਾਇਆ ॥

"ਕਿਨ੍ਹਾ ਛੋਟ੍ਹਾ ! ਕਿਵੇਂ ਨੰਗਾ । ਅਤੇ ਕਿਨ੍ਹਾ ਬਹਾਦਰ !" ਮਾਤਾ ਬਘਿਆੜ ਨੇ ਹੋਲੀ ਜਿਹੇ ਬੋੱਲਿਆ ॥ ਬਚ੍ਹਾ ਵਿਛੀ ਹੋਈ ਗਰਮ ਖੱਲ ਦੇ ਨੇੜੇ ਹੋਣ ਵਾਸ੍ਤੇ ਬਲੂੰਗੜਿਆਂ ਨੂੰ ਧੱਕ ਕੇ ਅਪਨਾ ਰਾਹ ਬਨਾਉਣ ਲਗ੍ਹਾ ॥ "ਆਹਾ ਇਹ ਅਪਨਾ ਭੋਜਨ ਬਾਕੀਆਂ ਦੇ ਨਾਲ ਮਿਲ ਕੇ ਕਰ ਰਿਹਾ ਹੈ ॥ ਅਤੇ ਫੇਰ ਇਹ ਆਦਮੀ ਦਾ ਬਲੂੰਗੜਾ ਹੈ ॥ ਹੁਣ ਦੱਸੋ ਕਦੇ ਕੋਈ ਬਘਿਆੜ ਸੀ ਜੋ ਕਹਿ ਸਕੇ ਕਿ ਉਧੇ ਬਚ੍ਹਿਆਂ'ਚ ਇਕ ਆਦਮੀ ਦਾ ਬਲੂੰਗੜਾ ਭੀ ਹੈ ?"

"ਮੈਂ ਕਾਫੀ ਵਾਰ ਪਿਹਲਾਂ ਭੀ ਇਸ ਤਰ੍ਹਾਂ ਦੀ ਗੱਲ ਸੁਨੀ ਹੈ। ਪਰ ਅਪਨੇ ਦਲ ਜਾਂ ਅਪਨੇ ਵਕ੍ਤ'ਚ ਨਹੀਂ।" ਪਿਤਾ ਬਘਿਆੜ ਨੇ ਕਿਹਾ॥ "ਇਹ ਪੂਰਾ ਬਿਨਾ ਵਾਲਾਂ ਦੇ ਹੈ ਅਤੇ ਮੈਂ ਇਸ ਨੂੰ ਸਿਰਫ ਅਪਨੇ ਪੈਰ ਦੀ ਛੋਹ ਨਾਲ ਮਾਰ ਸਕਦਾਂ ਹਾਂ ॥ ਮਗਰ ਵੇੱਖੋ । ਓਹ ਉਪੱਰ ਵੇਖ ਰਿਹਾ ਹੈ ਅਤੇ ਉਸ ਨੂੰ ਡਰ ਭੀ ਨਹੀਂ ਲਗ ਰਿਹਾ ਹੈ ॥"

ਚੰਦ੍ਰਮਾਂ ਦੀ ਰੋਸ਼ਨੀ ਗੁਫਾ ਦੇ ਮੂੰਹ'ਚੋਂ ਆਓਣ ਤੋਂ ਰੁਕ ਗਈ ਸੀ ਕਿਓਂਕਿ ਸ਼ੇਰ ਖਾਂ ਨੇ ਅਪਨਾ ਚਕੋਰ ਸਿਰ ਅਤੇ ਮੋਢੇ ਦਰਵਾਜੇ'ਚ ਫਸਾ ਲਏ ਸੀ ॥ ਤਬਾਕੀ ਉਧੇ ਪਿੱਛੇ ਚੂੰ ਚੂੰ ਕਰਦਾ ਬੋੱਲਿਆ : "ਮੇਰੇ ਮਾਲਿਕ ਮੇਰੇ ਮਾਲਿਕ ਓਹ ਇੱਥੇ ਹੀ ਅੰਦਰ ਗਿਆ ਹੈ !"

"ਸ਼ੇਰ ਖਾਂ ਨੇ ਸਾਨੂ੍ਹ ਬੜਾ ਮਾਨ ਬਕਸ਼ਿਆ ਹੈ ।" ਪਿਤਾ ਬਘਿਆੜ ਬੋੱਲਿਆ । ਪਰ ਉਧੀਆਂ ਅੱਖਾਂ ਗੁੱਸੇ ਨਾਲ ਭਰੀਆਂ ਹੋਈਆਂ ਸੀ ॥ "ਸ਼ੇਰ ਖਾਂ ਨੂੰ ਕਿ ਚਾਹਿਦਾ ਹੈ ?"

"ਮੇਰਾ ਸ਼ਿਕਾਰ ॥ ਇਕ ਆਦਮੀ ਦਾ ਬਲੂੰਗੜਾ ਇਸ ਰਸ੍ਤੇ ਗਿਆ ਹੈ ।" ਸ਼ੇਰ ਖਾਂ ਨੇ ਕਿਹਾ ॥ "ਉਧੇ ਮਾਂ ਬਾਪ ਨੱ੍ਸ ਗਏ ਨੇ ॥ ਓਨ੍ਹੂ ਮੈਨੂੰ ਦੇਦੇ ॥"



"ਚੀਤੇ ਦੀ ਦ੍ਹਾੜ ਨੇ ਗੁਫਾ ਨੂੰ ਗੜਗੜਾਹ੍ਹ ਨਾਲ ਭਰ ਦਿਤ੍ਤਾ"

ਸ਼ੇਰ ਖਾਂ ਨੇ ਇਕ ਲੱਕੜਹਾਰੇ ਦੀ ਬਾਲ਼ੀ ਧੂਣੀ'ਚ ਛਾਲ ਮਾਰੀ ਸੀ । ਜਿਵੇਂ ਪਿਤਾ ਬਘਿਆੜ ਨੇ ਦੱਸਿਆ ਸੀ । ਅਤੇ ਅਪਨੇ ਪੈਰ ਬਲਣ ਦੀ ਦਰ੍ਹ ਕਰਕੇ ਬੜਾ ਗੁੱਸਾਇਆ ਹੋਇਆ ਸੀ ॥ ਪਰ ਪਿਤਾ ਬਘਿਆੜ ਜਾਣਦਾ ਸੀ ਕਿ ਗੁਫਾ ਦਾ ਮੂੰਹ ਇਕ ਚੀਤੇ ਦੇ ਅੰਦਰ ਆਓਣ ਵਾਸ੍ਤੇ ਕਾਫੀ ਛੋਟ੍ਟਾ ਸੀ ॥ ਜਿੱਥੇ ਸ਼ੇਰ ਖਾਂ ਸੀ । ਉਧ੍ਹੇ ਮੋੱਢੇ ਅਤੇ ਅਗਲੇ ਪੰਜੇ ਘਟ੍ਟ ਜਗ੍ਹਾ ਹੋਣ ਕਰਕੇ ਕੜਵੱਲੇ ਹੋਏ ਸੀ । ਜਿਵੇਂ ਇਕ ਆਦਮੀ ਦੇ ਹੋਣਗੇ ਜੇ ਓਹ ਇਕ ਪੀਪੇ'ਚ ਪਿਆ ਲੜਨ ਦੀ ਕੋਸ਼ਿਸ਼ ਕਰੇ ॥

"ਬਘਿਆੜ ਇਕ ਅਜਾਦ ਕੌਮ ਹਣ ॥" ਪਿਤਾ ਬਘਿਆੜ ਬੋੱਲਿਆ ॥ "ਓਹ ਅਪਨੇ ਸਰਦਾਰ ਦਾ ਹੁਕਮ ਮਨ੍ਹਦੇ ਨੇਂ । ਨਾਂ ਕਿ ਕਿਸੇ ਧਾਰੀਦਾਰ ਡੰਗਰ ਮਾਰਨ ਵਾਲੇ ਦਾ ॥ ਆਦਮੀ ਦਾ ਬਲੂੰਗੜਾ ਸਾੱਢਾ ਹੈ ਮਾਰੀਏ ਜਾਂ ਰਖੀਏ । ਇਹ ਸਾੱਢੇ ਉਤ੍ਤੇ ਹੈ ॥"

"ਅਪਨੀ ਮਰਜੀ ਕਰੋ ਜਾਂ ਨਾਂ ਕਰੋ ! ਇਹ ਅਪਨੀ ਮਰਜੀ ਕਰਨ ਦੀ ਕੀ ਗੱਲ ਹੋਈ ? ਜੇੜ੍ਹਾ ਮੈਂ ਸੰਢਾ ਮਾਰਿਆ ਹੈ ਉਸਦੀ ਕਸਮ । ਮੈ ਕੀ ਤੇਰੀ ਕੁਤ੍ਤੀ ਗੁਫਾ'ਚ ਅਪਨਾ ਜਾਇਜ਼ ਬਕਾਇਆ ਵਸੂਲਣ ਵਾਸ੍ਤੇ ਨੱਕ ਪਾਈ ਖੜਾਂ ਰਹ੍ਹਾਂ ? ਇਹ ਮੈਂ ਹਾਂ ਸ਼ੇਰ ਖਾਂ । ਜੋ ਇਹ ਬੋਲ ਰਿਹਾ ਹੈ !"

ਚੀਤੇ ਦੀ ਦਹਾੜ ਨੇ ਗੁਫਾ'ਚ ਗੜਹੜਾਹ੍ਹ ਪੈਦਾ ਕਰ ਦਿਤ੍ਤੀ ॥ ਮਾਤਾ ਬਘਿਆੜ ਨੇ ਝਟਕ ਕੇ ਬੱਲੂੰਗੜੇ ਪਾਸੇ ਕੀਤੇ ਅਤੇ ਅਗ੍ਗੇ ਟਪੂਸੀ ਮਾਰੀ । ਉਧੀਆਂ ਅੱਖਾਂ । ਜਿਵੇਂ ਹਨੇਰੇ'ਚ ਦੋ ਹਰੇ ਚੰਦ੍ਰਮਾਂ ਸ਼ੇਰ ਖਾਂ ਦੀਆਂ ਘੂਰਦੀਆਂ ਹੋਈਆਂ ਅੱਖਾਂ ਦਾ ਟਾਕਰਾ ਕਰ ਰਹੇ ਹੋਣ॥

"ਅਤੇ ਇਹ ਮੈਂ ਹਾਂ । ਰਾਕਸ਼ਸ । ਜੋ ਜਵਾਬ ਦੇ ਰਿਹਾ ਹੈ ॥ ਆਦਮੀ ਦਾ ਬਲੂੰਗੜਾ ਮੇਰਾ ਹੈ ਲੰਗੜਿਆ । ਮੇਰਾ ਅਤੇ ਸਿਰਫ ਮੇਰਾ ! ਇਸ ਨੂੰ ਮਾਰਿਆ ਨਹੀਂ ਜਾਵੇਗਾ ॥ ਇਹ ਜੀਉਂਦਾ ਰਹੇਗਾ ਦਲ ਨਾਲ ਦੌੜਨ ਲਈ ਅਤੇ ਦਲ ਨਾਲ ਸ਼ਿਕਾਰ ਖੇੱਡਨ ਲਈ ॥ ਅਤੇ ਅਖੀਰ'ਚ । ਇੱਧਰ ਵੇਖ । ਛੋਟ੍ਰੇ ਨੰਗੇ ਬਲੂੰਗੜਿਆਂ ਦਾ ਸ਼ਿਕਾਰ ਕਰਨਾ'ਤੇ ਡੱਡੂ ਖਾਣ'ਤੇ ਮੱਛੀ ਮਾਰਣ ਵਾਲਿਆ । ਇਹ ਤੇਰਾ ਸ਼ਿਕਾਰ ਕਰੇਗਾ ! ਹੁਣ ਇਹ ਸਮੱਝ ਲੈਹ ਜੇੜ੍ਹਾ ਮੈਂ ਸਾਂਭਰ ਮਾਰਿਆ ਹੈ (ਮੈਂ ਭੁਖਮਰੀ ਦਾ ਸ਼ਿਕਾਰ ਹੋਇਆ ਡੰਗਰ ਨਹੀਂ ਖਾਓਂਦਾ) ਉਸਦੀ ਕਸਮ । ਹੁਣ ਚਲਾ ਜਾ ਵਾਪਿਸ ਅਪਨੀ ਮਾਂ ਦੇ ਕੋਲ । ਜਲੇ ਹੋਏ ਜੰਗਲੀ ਜਾਨਵਰ । ਲੰਗ ਮਾਰਦਾ ਹੋਇਆ ਹੀ ਤੂੰ ਇਸ ਸੰਸਾਰ'ਚ ਆਈਆਂ ਸੀ ! ਦਫਾ ਹੋ ਜਾ !"

ਪਿਤਾ ਬਘਿਆੜ ਹੈਰਾਨ ਹੋਕੇ ਵੇਖ ਰਿਹਾ ਸੀ ॥ ਓਹ ਬਿਲਕੁਲ ਭੁੱਲ ਗਿਆ ਸੀ ਓਹ ਦਿਨ ਜਦੋਂ ਓਨ੍ਹੇ ਮਾਤਾ ਬਘਿਆੜ ਨੂੰ ਪੰਜ ਬਘਿਆੜਾਂ ਨਾਲ ਇਕ ਮੁਨਾਸਬ ਲੜਾਈ'ਚ ਜਿਤ੍ਤੁ ਲਿਆ ਸੀ । ਜਦੋਂ ਓਹ ਦਲ ਨਾਲ ਰਹਿੰਦੀ ਸੀ ਅਤੇ ਉਸ ਨੂੰ ਤਰੀਫ ਵੱਜੋਂ ਰਾਕਸ਼ਸ ਨਹੀਂ ਕਹਿੰਦੇ ਸੀ ॥ ਬੇਸ਼ਕ ਸ਼ੇਰ ਖਾਂ ਨੇ ਪਿਤਾ ਬਘਿਆੜ ਦਾ ਟਾਕ੍ਰਾ ਕਰ ਲਿਆ ਹੋਵੇ । ਪਰ ਓਹ ਮਾਤਾ ਬਘਿਆੜ ਦਾ ਸਾਹਮਨਾ ਨਹੀਂ ਕਰ ਸਕਿਆ । ਕਿਓਂਕਿ ਓਨ੍ਹੂ ਪਤਾ ਸੀ ਕਿ ਜਿਸ ਜਗ੍ਹਾ ਓਹ ਸੀ ਮਾਤਾ ਬਘਿਆੜ ਨੂੰ ਓਹ ਜਗ੍ਹਾ ਪੂਰੀ ਤਰ੍ਹਾਂ ਲਾਭਵੰਤ ਸੀ । ਅਤੇ ਓਹ ਮਰਣ ਤਕ ਮੁਕਾਬਲਾ ਕਰੂਗੀ ॥ ਇਸ ਲਈ ਓਹ ਘੁਰ੍ਹ ਘੁਰ੍ਹ ਕਰਦਾ ਹੋਇਆ ਗੁਫਾ ਦੇ ਮੂੰਹ'ਚੋਂ ਬਾਹਰ ਨਿੱਕਲ ਆਇਆ । ਅਤੇ ਜਦੋਂ ਓਹ ਮਹਫੂਜ਼ ਸੀ ਓਹ ਚੀਕਿਆ :

"ਹਰ ਕੁਤ੍ਤਾ ਅਪਨੀ ਗਲੀ'ਚ ਭੌਂਕ ਲੈਂਦਾ ਹੈ ! ਅਸੀਂ ਵੇਖਾਂਗੇ ਕਿ ਦਲ ਨੂੰ ਆਦਮੀ ਦਾ ਬਲੂੰਗੜਾ ਪਾਲਨ ਬਾਰੇ ਕੀ ਕਹਿਣਾ ਹੈ ॥ ਆਦਮੀ ਦਾ ਬਲੂੰਗੜਾ ਮੇਰਾ ਹੈ । ਆਖਿਰਕਾਰ ਇਨ੍ਹੇ ਮੇਰੇ ਦੰਦਾ ਹੇਠ ਹੀ ਆਓਣਾ ਹੈ । ਓਹ ਝਾਟ੍ਰੇ ਵਾਲੇ ਪੂੱਛੜ ਚੋਰੋਂ !"

ਮਾਤਾ ਬਘਿਆੜ ਜੋਰ ਜੋਰ ਦੀ ਸਾਹ ਭਰਦੇ ਹੋਏ ਬਲੂੰਗੜਿਆਂ'ਚ ਆਕੇ ਢਹਿ ਪਈ । ਅਤੇ ਪਿਤਾ ਬਘਿਆੜ ਨੇ ਉਸ ਨੂੰ ਬੜਾ ਸੰਜੀਦਾ ਹੋ ਕੇ ਕਿਹਾ:

"ਸ਼ੇਰ ਖਾਂ ਨੇ ਇਹ ਸਚ੍ਚੁ ਕਿਹਾ ਹੈ ॥ ਆਦਮੀ ਦਾ ਬਲੂੰਗੜਾ ਦਲ ਨੂੰ ਜਰੂਰ ਵਿਖਾਉਣਾ ਪਵੇਗਾ ॥ ਕਿ ਮਾਤਾ ਤੂੰ ਫੇਰ ਭੀ ਇਸ ਨੂੰ ਰਖਨਾ ਚਾਹ੍ਵੇਂਗੀ ?"

"ਰਖਨਾ ਚਾਹ੍ਵਾਂਗੀ!" ਇਕ ਆਹ ਲੈਕੇ ਬੋੱਲੀ ॥ "ਇਹ ਇਕ ਰਾਤ ਨੰਗਾ ਆਇਆ ਸੀ । ਕਲ੍ਹਾ ਅਤੇ ਬਹੁਤ ਭੁੱਖਾ ॥ ਫੇਰ ਭੀ ਇਹ ਬਿਲਕੁਲ ਡਰਿਆ ਹੋਇਆ ਨਹੀਂ ਸੀ ! ਵੇੱਖੋ ਇਨ੍ਹੇ ਹੁਣੇ ਹੀ ਮੇਰੇ ਇਕ ਬਚ੍ਚੇ ਨੂੰ ਧੱਕ ਕੇ ਪਾਸੇ ਕਰ ਦਿਤ੍ਤਾ ਹੈ ॥ ਅਤੇ ਉਸ ਲੰਗੜੇ ਜੱਲਾਦ ਨੇ ਇਸ ਨੂੰ ਮਾਰ ਦੇਨਾ ਸੀ ਅਤੇ ਆਪ ਵੇਨਗੰਗਾ ਨੂੰ ਨ੍ਹੱਸ ਜਾਣਾ ਸੀ ਅਤੇ ਪਿੰਡ ਵਾਲਿਆਂ ਨੇ ਇੱਥੇ ਸਾਡੀਆਂ ਗੁਫਾਵਾਂ'ਚ ਸ਼ਿਕਾਰ ਕਰਕੇ ਅਪਨਾ ਬਦਲਾ ਲੈਣਾ ਸੀ ! ਰਖਨਾ ਚਾਹ੍ਵਾਂਗੀ ? ਬੇਸ਼ਕ ਮੈਂ ਇਸ ਨੂੰ ਰਖਾਂਗੀ ॥ ਹਿੱਲ ਡੁੱਲ ਨਾਂ । ਛੋਟ੍ਰੇ ਡੱਡੂ ॥ ਓਹ ਤੂੰ ਮੁਗਲੀ - ਕਿਓਂਕਿ ਮੈਂ ਤੈਨੂੰ ਮੁਗਲੀ ਡੱਡੂ ਕਹਿ ਕੇ ਬੁਲਾਵਾਂਗੀ - ਇਕ ਸਮਾਂ ਆਵੇਗਾ ਜਦੋਂ ਤੂੰ ਸ਼ੇਰ ਖਾਂ ਦਾ ਸ਼ਿਕਾਰ ਕਰੇਂਗਾ ਜਿਸ ਤਰ੍ਹਾਂ ਓਨ੍ਹੇ ਤੇਰਾ ਕੀਤ੍ਤਾ ਹੈ ॥"

"ਪਰ ਅਪਨਾ ਦਲ ਇਸ ਬਾਰੇ'ਚ ਕੀ ਕਹਿਗਾ ?" ਪਿਤਾ ਬਘਿਆੜ ਬੋੱਲਿਆ ॥

ਜੰਗਲ ਦਾ ਕਨੂੰਨ ਬੜਾ ਸਾਫ ਕਹਿੰਦਾ ਹੈ ਕਿ ਜਦ ਇਕ ਬਘਿਆੜ ਵਿਆਹਾ ਜਾਵੇ ਤੇ ਓਹ ਦਲ ਤੋਂ ਅੱਡ ਹੋ ਸਕਦਾ ਹੈ ॥ ਪਰ ਜਦੋਂ ਉਧੇ ਬਲੂੰਗੜੇ ਇਨ੍ਹੇ ਵੱਢੇ ਹੋ ਜਾਣ ਕਿ ਅਪਨੇ ਪੈਰੀ ਆਪ ਖਲ੍ਹੋ ਸਕਣ ਉਸ ਨੂੰ ਓਨ੍ਹਾਂ ਨੂੰ ਦਲ ਦੀ ਪੰਚਾਇਤ ਅਗ੍ਹੇ ਪੇਸ਼ ਕਰਨਾ ਪੈਂਦਾ ਹੈ । ਜੋ ਕਿ ਹਰ ਮਹੀਨੇ ਪੂਰਨਮਾਸੀ ਨੂੰ ਬੈਠਕ ਲਾਉਂਦੀ ਹੈ । ਤਾਕਿ ਦੂਜੇ ਬਘਿਆੜ ਓਨ੍ਹਾ ਦੀ ਪਛਾਨ ਕਰ ਸਕਨ ॥ ਮੁਆਇਣਾ ਹੋਣ ਤੋਂ ਬਾਅਦ ਓਹ ਕਿਧਰੇ ਭੀ ਜਾਣ ਵਾਸ੍ਤੇ ਅਜਾਦ ਹੁੰਦੇ ਨੇ । ਅਤੇ ਜਦੋਂ ਤਕ ਓਹ ਅਪਨਾ ਪਹਿਲਾ ਸ਼ਿਕਾਰ ਨਾਂ ਕਰ ਲੈਣ ਕੋਈ ਭੀ ਬਹਾਨਾ ਮਨ੍ਹਿਆ ਨਹੀਂ ਜਾਓਂਦਾ ਜੇਕਰ ਇਕ ਦਲ ਦਾ ਜਵਾਨ ਬਘਿਆੜ ਇਨ੍ਹਾ'ਚ ਇਕ ਨੂੰ ਮਾਰ ਸਿਟ੍ਹੇ ॥ ਇਸ ਦੀ ਸਜ਼ਾ ਮੌਤ ਹੁੰਦੀ ਹੈ ਜੇਕਰ ਕਾਤਿਲ ਲਭ ਲਿਆ ਜਾਵੇ ॥ ਜੇਕਰ ਤੈਨੂੰ ਇਕ ਪਲ ਵਾਸ੍ਤੇ ਭੀ ਲਗਦਾ ਹੈ ਕਿ ਤੂੰ ਇਹ ਵੇਖ ਸਕਦੀ ਹੈਂ ਤਾਂ ਫੇਰ ਇਹ ਹੀ ਸਹੀ ॥

ਪਿਤਾ ਬਘਿਆੜ ਨੇ ਉਸ ਵਕ੍ਤ ਦਾ ਇੰਤਜ਼ਾਰ ਕੀਤ੍ਹਾ ਜਦੋਂ ਉਧੇ ਬਲੂੰਗੜੇ ਥੋੜਾ'ਕ ਨ੍ਹੱਸਣ ਜੋਗੇ ਹੋ ਗਏ ॥ ਅਤੇ ਫੇਰ ਜਿਸ ਰਾਤ ਪੰਚਾਇਤ ਦੀ ਬੈਠਕ ਹੋਣੀ ਸੀ ਓਨ੍ਹਾ ਨੂੰ'ਤੇ ਮੁਗਲੀ ਨੂੰ ਅਤੇ ਮਾਤਾ ਬਘਿਆੜ ਨੂੰ ਲੈਕੇ ਉਸ ਥੜ੍ਹੇ'ਤੇ ਗਿਆ ਜਿੱਥੇ ਪੰਚਾਇਤ ਬ੍ਹੈਦੀ ਸੀ ਜੋ ਕਿ ਇਕ ਪ੍ਹਾੜੀ ਦੇ ਉੱਪਰ ਸੀ ਜੋ ਕਈ ਛੋਟ੍ਹੇ ਵੱਢੇ ਪੱਥਰਾਂ ਨਾਲ ਢਕੀ ਹੋਈ ਸੀ ਜਿੱਥੇ ਕਈ ਸੌ ਬਘਿਆੜ ਲੁੱਕ ਸਕਦੇ ਸੀ ॥ ਕਲ੍ਹਾ । ਮਹਾਨ ਸਲੇਟੀ ਛੜਾ ਬਘਿਆੜ । ਜੋ ਕਿ ਪੂਰੇ ਦਲ ਦੀ ਸਰਦਾਰੀ ਬੜੀ ਤਾਕਤ ਅਤੇ ਮੱਕਾਰੀ ਨਾਲ ਕਰਦਾ ਸੀ । ਲੰਮਾਂ ਹੋ ਕੇ ਅਪਨੇ ਥੜ੍ਹੇ ਉਤ੍ਹੇ ਪਿਆ ਸੀ । ਅਤੇ ਭੁੰਜੇ ਹਰ ਰੰਗ ਅਤੇ ਹਰ ਅਕਾਰ ਦੇ ਕੋਈ ਚਾਲੀ'ਕ ਬਘਿਆੜ ਬੈਠੇ ਹੋਏ ਸੀ । ਜੋ ਕਿ ਬਿੱਜੂ ਦੇ ਰੰਗ ਦੇ ਬਜੁਰ੍ਗ ਜੋ ਕਲ੍ਹੇ ਹੀ ਇਕ ਹਿਰਣ ਦਾ ਸ਼ਿਕਾਰ ਕਰ ਸਕਦੇ ਸੀ ਤੋਂ ਲੈਕੇ ਕਾਲੇ ਜਵਾਨ ਤਿਨ ਸਾਲਾ ਜਿਨ੍ਹਾ ਦਾ ਖਿਆਲ ਸੀ ਕਿ ਓਹ ਭੀ ਕਲ੍ਹੇ ਹੀ ਇਕ ਹਿਰਣ ਦਾ ਸ਼ਿਕਾਰ ਕਰ ਸਕਦੇ ਨੇ ॥ ਪਿਛਲੇ ਇਕ ਸਾਲ'ਤੋਂ ਕਲ੍ਹਾ ਛੜਾ ਬਘਿਆੜ ਇਨ੍ਹਾ ਦਾ ਸਰਦਾਰ ਸੀ ॥ ਓਹ ਅਪਨੀ ਜਵਾਨੀ'ਚ ਦੋ ਵਾਰੀ ਬਘਿਆੜ ਕੁੜਿੱਕੀ'ਚ ਫਸ ਚੁੱਕਾ ਹੈ । ਅਤੇ ਇਕ ਵਾਰ ਇਸ ਨੂੰ ਕੁਟ੍ਹ ਕੇ ਮਰਿਆ ਹੋਇਆ ਸਮਝ ਕੇ ਛੱਡ ਗਏ ਸੀ । ਇਸ ਲਈ ਓਹ ਆਦਮੀ ਦੇ ਰਸਮੋ ਰਿਵਾਜਾਂ ਨਾਲ ਅੱਛੀ ਤਰ੍ਹਾਂ ਵਾਕਿਫ ਸੀ ॥ ਥੜ੍ਹੇ ਉਤ੍ਹੇ ਬੜੀ ਘਟ੍ਹ ਗੱਲ ਹੋਈ ॥ ਬਲੂੰਗੜੇ ਇਕ ਦੂਸਰੇ ਦੇ ਉੱਪਰ ਇਕ ਘੇਰੇ ਦੇ ਵਿਚਕਾਰ ਡਿਗਦੇ ਰਹੇ ਜਿੱਥੇ ਓਨ੍ਹਾ ਦੇ ਮਾਂ ਪਿਉ ਬੈਠੇ ਸੀ । ਕਦੀ'ਕ'ਤਾਂਈ ਇਕ ਵੱਢਾ ਬਘਿਆੜ ਉੱਠ ਕੇ ਚੁਪਚਾਪ ਜਾਉਂਦਾ ਸੀ ਇਕ ਬਲੂੰਗੜੇ ਦੇ ਕੋਲ ਅਤੇ ਉਸ ਨੂੰ ਚੰਗੀ ਤਰ੍ਹਾਂ ਵੇਖ ਕੇ ਅਪਨੇ ਪੈਰਾਂ ਨਾਲ ਬਿਨਾ ਕੋਈ ਅਵਾਜ ਕੀਤੇ ਆ ਕੇ ਅਪਨੀ ਜਗ੍ਹਾ ਤੇ ਬੈਠ ਜਾਉਂਦਾ ਸੀ ॥ ਕਦੇ ਕਦੇ ਇਕ ਮਾਂ ਅਪਨੇ ਬੱਲੂੰਗੜੇ ਨੂੰ ਦੂਰ ਚੰਦ੍ਰਮਾਂ ਦੀ ਰੋਸ਼ਨੀ'ਚ ਧਕ ਦੇਂਦੀ ਸੀ ਇਹ ਤਸੱਲੀ ਕਰਨ ਵਾਸ੍ਤੇ ਕਿ ਕਿਧਰੇ ਉਧਾ ਬਲੂੰਗੜਾ ਵਿਖਾਉਣਾ ਰਿਹ ਨਾਂ ਜਾਵੇ ॥ ਕਲ੍ਹਾ ਅਪਨੇ ਥੜ੍ਹੇ'ਤੋਂ ਬੋਲਦਾ: "ਤੁਹਾਨੂੰ ਕਨੂੰਨ ਪਤਾ ਹੈ - ਤੁਹਾਨੂੰ ਕਨੂੰਨ ਪਤਾ ਹੈ ॥ ਚੰਗੀ ਤਰ੍ਹਾਂ ਵੇੱਖੋ । ਓਹ ਬਘਿਆੜੋ !" ਅਤੇ ਬੇਚੈਨ ਮਾਤਾਂਵਾਂ ਅਗ੍ਹੇ ਬੋਲਣ ਲਗ ਪੈਂਦਿਆਂ :"ਵੇੱਖੋ - ਚੰਗੀ ਤਰ੍ਹਾਂ ਵੇੱਖੋ । ਓਹ ਬਘਿਆੜੋ !"

ਆਖਿਰਕਾਰ - ਜਦੋਂ ਸਮਾਂ ਆਇਆ ਮਾਤਾ ਬਘਿਆੜ ਦੀ ਗਰਦਨ ਦੇ ਰੌਂਗਟੇ ਖੜੇ ਹੋ ਗਏ - ਪਿਤਾ ਬਘਿਆੜ ਨੇ "ਮੁਗਲੀ ਡੱਡੂ" ਨੂੰ ਵਿਚਕਾਰ ਧੱਕਿਆ । ਜਦੋਂ ਉਸ ਨੂੰ ਅਵਾਜ ਪਈ । ਓਹ ਓੱਥੇ ਬੈਠਾ ਹੱਸਦਾ ਅਤੇ ਵਟ੍ਹਿਆਂ ਨਾਲ ਖੇਡਦਾ ਪਿਆ ਸੀ ਜੇੜ੍ਹੇ ਚੰਦ੍ਰਮਾਂ ਦੀ ਰੋਸ਼ਨੀ'ਚ ਚਮਕਦੇ ਪਏ ਸੀ ॥

ਕਲ੍ਹੇ ਨੇ ਅਪਨਾ ਸਿਰ ਪੰਜਿਆਂ'ਤੋਂ ਉਚ੍ਹਾ ਨਹੀਂ ਚੁੱਕਿਆ । ਪਰ ਇਹ ਹੀ ਕਹਿੰਦਾ ਰਿਹਾ :"ਚੰਗੀ ਤਰ੍ਹਾਂ ਵੇੱਖੋ !" ਇਕ ਦਬੀ ਹੋਈ ਅਵਾਜ ਥੜ੍ਹੇ ਦੇ ਪਿੱਛੋਂ ਆਈ - ਸ਼ੇਰ ਖਾਂ ਦੀ ਰੋਂਦੀ ਹੋਈ ਅਵਾਜ :"ਇਹ ਬਲੂੰਗੜਾ ਮੇਰਾ ਹੈ ॥ ਇਸ ਨੂੰ ਮੈਨੂੰ ਦੇ ਦਿਓ ॥ ਅਜਾਦ ਲੋਕਾਂ ਨੇ ਇਕ ਆਦਮੀ ਦੇ ਬਲੂੰਗੜੇ ਦਾ ਕੀ ਕਰਨਾ ਹੈ ?" ਕਲ੍ਹੇ ਨੇ ਕਦੀਂ ਅਪਨੇ ਕਨ੍ਹ ਨਹੀਂ ਸੀ ਫੜਕਾਏ ॥ ਸਿਰਫ ਇਨ੍ਹਾ ਹੀ ਕਿਹਾ ਸੀ : "ਚੰਗੀ ਤਰ੍ਹਾਂ ਵੇੱਖੋ ਓਹ ਬਘਿਆੜੋ ! ਅਜਾਦ ਲੋਕਾਂ ਦਾ ਕਿਸੇ ਹੋਰ ਦੇ ਹੁਕਮ ਬਾਰੇ ਕੀ ਕਰਨਾ ਹੈ ਸਿਰਫ ਅਜਾਦ ਲੋਕਾਂ ਦੇ ਹੁਕਮ ਦੇ ਬਜਾਏ ? ਚੰਗੀ ਤਰ੍ਹਾਂ ਵੇੱਖੋ !"



"ਪੰਚਾਇਤੀ ਥੜ੍ਹੇ'ਤੇ ਬੈਠਕ"

ਇਕ ਅਵਾਜ'ਚ ਬਘਿਆੜ ਘੁਰ੍ਹ ਘੁਰ੍ਹ ਕਰਨ ਲਗ ਪਏ ਅਤੇ ਇਕ ਬਘਿਆੜ ਜਿਸ ਨੂੰ ਚੌਥਾ ਸਾਲ ਚੜ੍ਹਿਆ ਸੀ । ਕਲ੍ਹੇ ਨੂੰ ਸ਼ੇਰ ਖਾਂ ਦਾ ਸਵਾਲ ਦੇ ਮਾਰਿਆ : "ਅਜਾਦ ਲੋਕਾਂ ਦਾ ਆਦਮੀ ਦੇ ਬਲੂੰਗੜੇ ਨਾਲ ਕੀ ਲੈਣਾ ਦੇਣਾ ਹੈ ?" ਹੁਣ ਜੰਗਲ ਦਾ ਕਨੂੰਨ ਕਹਿੰਦਾ ਹੈ ਕਿ ਜੇਕਰ ਕੋਈ ਝਗੜਾ ਝੇੜਾ ਹੋਵੇ ਕਿ ਦਲ ਨੂੰ ਬਲੂੰਗੜਾ ਕਬੂਲ ਕਰਨ ਦਾ ਅਖਤਿਆਰ ਹੈ ਕਿ ਨਹੀਂ । ਇ੍ਧੇ ਵਾਸ੍ਤੇ ਦਲ ਦੇ ਘਟ੍ਹੋਂ ਘਟ ਦੋ ਲੋਕਾਂ ਨੂੰ ਮੰਜੂਰ ਹੋਣਾ ਲਾਜ਼ਮੀ ਹੈ ਜੋ ਬਲੂੰਗੜੇ ਦੇ ਮਾਂ ਬਾਪ ਨਾਂ ਹੋਣ ॥

"ਇਸ ਬਲੂੰਗੜੇ ਲਈ ਕੌਣ ਬੋੱਲੇਗਾ ?" ਕਲ੍ਹੇ ਨੇ ਕਿਹਾ ॥ "ਅਜਾਦ ਲੋਕਾਂ'ਚੋਂ ਕੌਣ ਬੋੱਲੇਗਾ ?" ਕੋਈ ਜਵਾਬ ਨਹੀਂ ਆਇਆ ਅਤੇ ਮਾਤਾ ਬਘਿਆੜ ਉਸ ਲੜਾਈ ਵਾਸ੍ਤੇ ਤਿਆਰ ਹੋ ਗਈ ਜਿ੍ਧਾ ਉਸ ਨੂੰ ਪਤਾ ਸੀ ਕਿ ਇਹ ਉ੍ਧੀ ਆਖਰੀ ਲੜਾਈ ਹੋਵੇਗੀ। ਜੇਕਰ ਇਸ ਦੀ ਨੌਬਤ ਆ ਜਾਵੇ ॥

ਫੇਰ ਜੇ ਕੋਈ ਹੋਰ ਜਾਨਵਰ ਜੋ ਪੰਚਾਇਤ'ਚ ਆ ਸਕਦਾ ਹੈ ਓਹ ਹੈ ਭਾੱਲੂ । ਸੌਂਦੂ ਭੂਰਾ ਰਿਛ ਜੋ ਬਘਿਆੜਾਂ ਦੇ ਬਲੂੰਗੜਿਆਂ ਨੂੰ ਜੰਗਲ ਦਾ ਕਨੂੰਨ ਸਿਖਾਉਂਦਾ ਹੈ : ਬਜੁਰ੍ਗ ਭਾੱਲੂ ਜੋ ਜਿੱਥੇ ਉ੍ਧਾ ਦਿਲ ਕਰੇ ਆ ਅਤੇ ਜਾ ਸਕਦਾ ਹੈ ਕਿਓਂਕਿ ਓਹ ਸਿਰਫ ਜੜ੍ਹਾਂ

ਸ਼ਹਿਦ ਅਤੇ ਮੇਵੇ ਹੀ ਖਾਉਂਦਾ ਹੈ - ਅਪਨੇ ਪੁੱਠਾਂ'ਤੇ ਖੜਾ ਹੋਇਆ'ਤੇ ਗੜਗੜਾਇਆ ॥
"ਆਦਮੀ ਦਾ ਬਲੂੰਗੜਾ - ਆਦਮੀ ਦਾ ਬਲੂੰਗੜਾ ?" ਓਹ ਬੋੱਲਿਆ ॥ "ਮੈ ਬੋਲਾਂਗਾ ਇਸ ਬਲੂੰਗੜੇ ਵਾਸ੍ਤੇ ॥ ਆਦਮੀ ਦੇ ਬਲੂੰਗੜੇ'ਚ ਕੋਈ ਬੁਰਾਈ ਨਹੀਂ ਹੈ ॥ ਮੇਰੇ ਕੋਲ ਬੋਲਣ ਵਾਸ੍ਤੇ ਸ਼ਬਦ ਨਹੀਂ ਹਣ ਪਰ ਮੈਂ ਸਚ੍ਚ ਬੋਲਦਾ ਹਾਂ ॥ ਇਸ ਨੂੰ ਦਲ ਨਾਲ ਹੀ ਰਹਿਣ ਦਿਓ ॥ ਮੈਂ ਖੁਦ ਇਸ ਨੂੰ ਸਿਖਾਂਵਾਂਗਾ ॥"

"ਸਾਨੂੰ ਇਕ ਹੋਰ ਬੰਦਾ ਚਾਹਿਦਾ ਹੈ" ਕਲ੍ਹੇ ਨੇ ਕਿਹਾ ॥ "ਭਾੱਲੂ ਬੋੱਲਿਆ ਹੈ । ਅਤੇ ਇਹ ਸਾੱਢੇ ਛੋਟ੍ਹੇ ਬਲੂੰਗੜਿਆਂ ਦਾ ਉਸ੍ਤਾਦ ਹੈ ॥ ਭਾੱਲੂ ਤੋਂ ਇਲਾਵਾ ਹੋਰ ਕੌਣ ਬੋੱਲੇਗਾ? "

ਇਕ ਕਾਲੀ ਪਰਛਾਂਈ ਘੇਰੇ'ਚ ਆਨ ਡਿਗ੍ਗੀ ॥ ਓਹ ਸੀ ਬਘੀਰਾ ਕਾਲਾ ਤੇਂਦੁਆ । ਹਰ ਤਰਫੋਂ ਕਾਲਾ ਸਿਆਹ । ਮਗਰ ਕਿਸੇ ਕਿਸੇ ਰੋਸ਼ਨੀ'ਚ ਉਧੇ ਨਿਸ਼ਾਨ ਨਜਰ ਆਓਂਦੇ ਸੀ ਜਿਵੇਂ ਪਾਣੀ'ਚ ਭਿੱਜਿਆ ਹੋਇਆ ਰੇਸ਼ਮ ਹੋਵੇ ॥ ਹਰ ਕੋਈ ਬਘੀਰੇ ਨੂੰ ਜਾਣਦਾ ਸੀ । ਅਤੇ ਕੋਈ ਭੀ ਉਸਦਾ ਰਸ੍ਤਾ ਕਟ੍ਣ ਦੀ ਕੋਸ਼ਿਸ਼ ਨਹੀਂ ਕਰਦਾ ਸੀ ॥ ਕਿਓਂਕਿ ਓਹ ਇਨ੍ਹਾ ਮੱਕਾਰ ਸੀ ਜਿਨ੍ਹਾ ਤਬਾੱਕੀ । ਜੰਗਲੀ ਮੱਝ ਵਰਗਾ ਬਹਾਦਰ ਅਤੇ ਇਨ੍ਹਾ ਤਰਥੱਲ ਮਚਾਉਣ ਵਾਲਾ ਜਿਨ੍ਹਾ ਇਕ ਜਖਮੀ ਹਾਥੀ ॥ ਮਗਰ ਉਧੀ ਅਵਾਜ ਇਨ੍ਹੀ ਕੋਮਲ ਸੀ ਜਿਵੇਂ ਇਕ ਦ੍ਰਖ੍ਤ'ਤੋਂ ਡਿਗਦਾ ਹੋਇਆ ਸ਼ਹਿਦ । ਅਤੇ ਚਮੜੀ ਖੰਭਾਂ ਨਾਲੋਂ ਭੀ ਕੋਮਲ ॥

"ਓਹ ਕਲ੍ਹਿਆ । ਅਤੇ ਅਜਾਦ ਲੋੱਕੋ ।" ਓਹ ਮਮਿਆਇਆ । "ਮੇਰਾ ਕੋਈ ਹੱਕ ਨਹੀਂ ਬਣਦਾ ਕਿ ਮੈਂ ਤੁਹਾਡੀ ਪੰਚਾਇਤ'ਚ ਆਂਵਾਂ । ਮਗਰ ਜੰਗਲ ਦਾ ਕਨੂੰਨ ਕਹਿੰਦਾ ਹੈ ਕਿ ਕੋਈ ਸ਼ੰਕਾ ਸ਼ੁਭਾ ਹੋਵੇ ਅਤੇ ਜੇਕਰ ਇਹ ਇਕ ਬਲੂੰਗੜੇ ਨੂੰ ਲੈਕੇ ਮਰਨ ਮਾਰਨ ਦੀ ਗੱਲ ਨਾਂ ਹੋਵੇ । 'ਤੇ ਉਸ ਬਲੂੰਗੜੇ ਦੀ ਜਿੰਦਗੀ ਇਕ ਮੁੱਲ'ਤੇ ਖਰੀਦੀ ਜਾ ਸਕਦੀ ਹੈ ॥ ਅਤੇ ਕਨੂੰਨ ਇਹ ਨਹੀਂ ਕਹਿੰਦਾ ਕਿ ਇਹ ਮੁੱਲ ਕੌਣ ਅਦਾ ਕਰ ਸਕਦਾ ਹੈ ॥ ਕਿ ਮੈਂ ਠੀਕ ਬੋੱਲਿਆ ?"

"ਬਹੁਤ ਚੰਗਾ ! ਬਹੁਤ ਵਧਿਆ !" ਜਵਾਨ ਬਘਿਆੜਾਂ ਨੇ ਕਿਹਾ । ਜੋ ਹਮੇਸ਼ਾ ਹੀ ਭੁੱਖੇ ਰਹਿੰਦੇ ਨੇ ॥ "ਬਘੀਰੇ ਨੂੰ ਸੁਣੋ ॥ ਬਲੂੰਗੜਾ ਇਕ ਕੀਮਤ ਦੇ ਕੇ ਖਰੀਦਿਆ ਜਾ ਸਕਦਾ ਹੈ ॥ ਇਹ ਹੀ ਕਨੂੰਨ ਹੈ ॥"

"ਇਹ ਜਾਣਦੇ ਹੋਏ ਕਿ ਮੇਰਾ ਇੱਥੇ ਬੋਲਣ ਦਾ ਕੋਈ ਹਕ ਨਹੀਂ ਹੈ । ਮੈ ਤੁਹਾਡੀ ਇਜਾਜ਼ਤ ਚਾਹੁੰਦਾ ਹਾਂ ॥"

"ਤਾਂ ਬੋਲ ਫੇਰ ॥" ਵੀਹ'ਕ ਅਵਾਜਾਂ ਚੀਕੀਆਂ ॥

"ਇਕ ਨੰਗੇ ਬਲੂੰਗੜੇ ਨੂੰ ਮਾਰਨਾ ਬੜੇ ਸ਼ਰਮ ਦੀ ਗੱਲ ਹੈ ॥ ਓਹ ਵੱਢਾ ਹੋਕੇ ਤੁਹਾਡਾ ਵਧੀਆ ਸ਼ਿਕਾਰ ਬਣ ਸਕਦਾ ਹੈ ॥ ਭਾੱਲੂ ਨੇ ਉਧੇ ਵੱਲੋਂ ਬੋੱਲਿਆ ॥ ਹੁਣ ਉਧੀ ਗੱਲ ਨਾਲ ਮੈ ਇਕ ਸੰਢਾ । ਓਹ ਭੀ ਇਕ ਮੋਟ੍ਹਾ ਤਾਜਾ । ਹੁਣੇ ਹੁਣੇ ਮਾਰਿਆ ਹੋਇਆ । ਇੱਥੋਂ ਅੱਧੇ ਮੀਲ'ਤੋਂ ਭੀ ਘਟ੍ਹ ਦੂਰੀ'ਤੇ । ਦੇਵਾਂਗਾ ਜੇਕਰ ਤੁਸੀਂ ਆਦਮੀ ਦੇ ਬਲੂੰਗੜੇ ਨੂੰ ਕਨੂੰਨ ਮੁਤਾਬਿਕ ਕਬੂਲ ਲਵੋਂ ॥ ਕਿ ਇਹ ਮੁਸ਼ਕਿਲ ਹੈ ?"

ਓੱਥੇ ਕਈ ਅਵਾਜਾਂ ਦਾ ਚੀਕ ਚਿਹਾੜਾ ਪੈਣ ਲਗ ਪਿਆ ਅਤੇ ਅਵਾਜਾਂ ਆਈਆਂ "ਕੇੜ੍ਹੀ ਗੱਲ ? ਓਹ ਸਰਦੀਆਂ ਦੀ ਬਾਰਿਸ਼ਾਂ'ਚ ਮਰ ਜਾਵੇਗਾ ॥ ਓਹ ਸੂਰਜ ਹੇਠਾਂ ਜਲ ਭੁੰਨ ਜਾਵੇਗਾ ॥ ਇਕ ਨੰਗਾ ਡੱਡੂ ਸਾੱਢਾ ਕੀ ਬੁਰਾ ਕਰ ਸਕਦਾ ਹੈ ? ਇਸ ਨੂੰ ਦਲ ਨਾਲ ਹੀ ਰਹਿਣ ਦਿਓ ॥ ਸੰਢਾ ਕਿੱਥੇ ਹੈ ਬਘੀਰੇ ? ਇਨ੍ਹੂ ਕਬੂਲ ਕਰ ਲਿਆ ਜਾਵੇ ॥" ਅਤੇ ਫੇਰ ਕਲ੍ਹੇ ਦੀ ਭਾਰੀ ਭੌਂਕਣ ਜਿਹੀ ਅਵਾਜ ਆਈ : "ਚੰਗੀ ਤਰ੍ਹਾਂ ਵੇੱਖੋ - ਚੰਗੀ ਤਰ੍ਹਾਂ ਵੇੱਖੋ । ਓਹ ਬਘਿਆੜੋ !

ਮੁਗਲੀ ਦੀ ਹਜੇ ਭੀ ਵਟ੍ਟਿਆਂ'ਚ ਦਿਲਚਸਪੀ ਸੀ । ਅਤੇ ਉਸ ਨੂੰ ਪਤਾ ਨਹੀਂ ਚੱਲਿਆ ਕਿ ਇਕ ਇਕ ਕਰਕੇ ਬਘਿਆੜ ਓਨ੍ਹੂ ਵੇਖ ਕੇ ਗਏ ਸੀ ॥ ਅਖੀਰ'ਚ ਓਹ ਸਾਰੇ ਮਰੇ ਹੋਏ ਸੰਢੇ ਵਾਸ੍ਤੇ ਪ੍ਹਾੜੀ'ਤੋਂ ਥੱਲੇ ਉਤਰੇ । ਅਤੇ ਸਿਰਫ ਕਲ੍ਹਾ । ਬਘੀਰਾ । ਭਾੱਲੂ ਅਤੇ ਮੁਗਲੀ ਦੇ ਅਪਨੇ ਬਘਿਆੜ ਪਿੱਛੇ ਰਹੇ ॥ ਸ਼ੇਰ ਖਾਂ ਹਜੇ ਭੀ ਰਾਤ ਨੂੰ ਬੜਕਾਂ ਮਾਰਦਾ ਸੀ । ਕਿਓਂਕਿ ਓਹ ਹਜੇ ਭੀ ਗੁੱਸਾਇਆ ਹੋਇਆ ਸੀ ਕਿ ਮੁਗਲੀ ਨੂੰ ਓਨ੍ਹੂ ਨਹੀਂ ਸੌਂਪਿਆ ਗਿਆ ॥

"ਉਏ ਚੰਗੀ ਤਰ੍ਹਾਂ ਦਹਾੜ ।" ਬਘੀਰੇ ਨੇ ਅਪਨੀਆਂ ਮੁੱਛਾਂ ਸਵਾਰਕੇ ਕਿਹਾ । "ਕਿਓਂਕਿ ਇਕ ਦਿਨ ਆਵੇਗਾ ਜਦੋਂ ਇਹ ਨੰਗਾ ਬਲ੍ਹੂੰਗੜਾ ਤੈਨੂੰ ਕਿਸੇ ਹੋਰ ਹੀ ਧੁਨ'ਚ ਦਹਾੜਨ ਵਾਸ੍ਤੇ ਮਜਬੂਰ ਕਰ ਦੇਵੇਗਾ । ਜਾਂ ਫੇਰ ਮੈਨੂੰ ਆਦਮੀਆਂ ਬਾਰੇ ਕੁਝ ਪਤਾ ਹੀ ਨਹੀਂ ॥"

"ਇਹ ਬੜੀ ਚੰਗੀ ਤਰ੍ਹਾਂ ਹੋਇਆ ।" ਕਲ੍ਹੇ ਨੇ ਕਿਹਾ ॥ "ਆਦਮੀ ਅਤੇ ਓਨ੍ਹਾਂ ਦੇ ਬਲ੍ਹੂੰਗੜੇ ਬੜੇ ਸਿਆਣੇ ਨੇ ॥ ਸਮਾਂ ਆਓਣ'ਤੇ ਇ੍ਹਧੀ ਬੜੀ ਮਦਦ ਹੋਵੇਗੀ ॥"

"ਠੀਕ ਗੱਲ ਹੈ ਓਹ ਲੋੜ ਪੈਣ'ਤੇ ਮਦਦ ॥ ਕਿਓਂਕਿ ਕੋਈ ਭੀ ਹਮੇਸ਼ਾਂ ਵਾਸ੍ਤੇ ਦਲ ਦੀ ਸਰਦਾਰੀ ਕਰਨ ਬਾਰੇ ਨਹੀਂ ਉੱਮੀਦ ਕਰ ਸਕਦਾ ।" ਬਘੀਰੇ ਨੇ ਕਿਹਾ ॥

ਕਲ੍ਹੇ ਨੇ ਕੁਝ ਨਹੀਂ ਕਹਿਆ ॥ ਓਹ ਉਸ ਵਕ੍ਤ ਬਾਰੇ ਸੋਚ ਰਿਹਾ ਸੀ ਜਿੜ੍ਹਾ ਹਰੇਕ ਦਲ ਦੇ ਸਰਦਾਰ ਦੀ ਜਿੰਦਗੀ'ਚ ਆਓਂਦਾ ਹੈ ਜਦੋਂ ਉ੍ਹਧੀ ਤਾਕਤ ਦਿਨ ਪਰ ਦਿਨ ਘਟ੍ਦੀ ਜਾਉਂਦੀ ਹੈ । ਤੇ ਆਖਿਰਕਾਰ ਬਘਿਆੜ ਉਸ ਨੂੰ ਮਾਰ ਸਿਟ੍ਦੇ ਨੇ ਅਤੇ ਇਕ ਨਵਾਂ ਸਰਦਾਰ ਆ ਜਾਉਂਦਾਂ ਹੈ - ਜਿਸ ਨੂੰ ਉ੍ਹਧੀ ਵਾਰੀ ਆਓਣ ਤੇ ਮਾਰ ਦਿਤ੍ਤਾ ਜਾਉਂਦਾ ਹੈ ॥

"ਇਸ ਨੂੰ ਲੈ ਜਾਉ ।" ਓਨ੍ਹੇ ਪਿਤਾ ਬਘਿਆੜ ਨੂੰ ਕਿਹਾ ॥ "ਅਤੇ ਜਿਵੇਂ ਅਜਾਦ ਲੋਕਾਂ ਨੂੰ ਠੀਕ ਜਾਪਦਾ ਹੈ ਇਸ ਨੂੰ ਸਿੱਖਿਆ ਦਿਓ ॥"

ਅਤੇ ਇਸ ਤਰ੍ਹਾਂ ਮੁਗਲੀ ਸਿਉਨੀ ਦੇ ਬਘਿਆੜਾਂ ਦੇ ਦਲ'ਚ ਸ਼ਾਮਿਲ ਹੋਇਆ ਇਕ ਸੰਢੇ ਦੀ ਕੀਮਤ ਅਤੇ ਭਾੱਲੂ ਦੇ ਮਿਠੜੇ ਬੋੱਲਾਂ ਦੇ ਸਦਕੇ ॥

ਹੁਣ ਤੁਹਾਨੂੰ ਪੂਰੇ ਦੱਸ ਜਾਂ ਗਿਆਰ੍ਹਾਂ ਸਾਲ ਛੱਡ ਕੇ ਸੰਤੋਖ ਕਰ ਲੈਣਾ ਚਾਹਿਦਾ ਹੈ । ਅਤੇ ਸਿਰਫ ਇਹ ਖਿਆਲ ਕਰਨਾ ਚਾਹਿਦਾ ਹੈ ਕਿ ਮੁਗਲੀ ਦੀ ਜਿੰਦਗੀ ਬਘਿਆੜਾਂ ਨਾਲ ਕਿਨ੍ਹੀ ਮਜੇ'ਚ ਗੁਜਰੀ ਹੋਵੇਗੀ । ਕਿਓਂਕਿ ਅਗਰ ਇਸ ਬਾਰੇ ਲਿਖਿਆ ਜਾਵੇ ਤਾਂ ਕਈ ਕਿਤਾਬਾਂ ਭਰ ਜਾਣਗੀਆਂ ॥ ਓਹ ਬਲੂੰਗੜਿਆਂ ਨਾਲ ਵੱਢਾ ਹੋਇਆ । ਬੇਸ਼ਕ ਓਹ ਬਹੁਤ ਪਹਿਲਾਂ ਹੀ ਜਵਾਨ ਹੋ ਗਏ ਜਦੋਂ ਕਿ ਇਹ ਹਜੇ ਬਚ੍ਚਾ ਹੀ ਸੀ ॥ ਅਤੇ ਪਿਤਾ ਬਘਿਆੜ ਨੇ ਇਸ ਨੂੰ ਅਪਨਾ ਕੱਮ ਸਿਖਾਇਆ । ਅਤੇ ਜੰਗਲ ਦੀਆਂ ਚੀਜਾਂ ਦਾ ਮਤਲਬ ਸਮਝਾਇਆ। ਘਾਹ'ਚ ਹਵਾ ਦੀ ਹਰੇਕ ਝੋਂਕ । ਹਰ ਗਰਮ ਰਾਤ'ਚ ਸਾਹ ਲੈਣ ਦਾ ਇਹਸਾਸ । ਓੁਧੇ ਸਿਰ ਉਤ੍ਤੇ ਬੋਲਦੇ ਹੋਏ ਉੱਲੂ ਦਾ ਹਰੇਕ ਸੁਰ । ਚੰਮਗਿਦੱੜ ਦੇ ਪੰਜਿਆਂ ਦੀ ਹਰੇਕ ਝਰੀਟ ਜਦੋਂ ਓਹ ਦ੍ਰਖ੍ਤ ਤੇ ਅਪਨੇ ਬਸੇਰੇ'ਚ ਹੋਵੇ । ਅਤੇ ਹਰ ਮੱਛੀ ਦੀਆਂ ਛੱਪੜ'ਚ ਮਾਰਦੀਆਂ ਹੋਈਆਂ ਛਾਲਾਂ ਦੀਆਂ ਛਿਟ੍ਟਾਂ ਦਾ ਓੁਧੇ ਵਾਸ੍ਤੇ ਓਨ੍ਹਾ ਹੀ ਮਤਲਬ ਸੀ ਜਿਨ੍ਹਾ ਕਿ ਇਕ ਅਪਨੇ ਦਫਤਰ'ਚ ਬੈਠੇ ਹੋਏ ਇਕ ਵਪਾਰੀ ਨੂੰ ਅਪਨੇ ਕੱਮ ਨਾਲ ॥ ਜਦੋਂ ਓਹ ਸਿਖ ਨਹੀਂ ਰਹਿਆ ਹੁੰਦਾ ਸੀ ਓਹ ਬਾਹਰ ਧੁੱਪੇ ਬੈਠਦਾ ਅਤੇ ਸੌਂਦਾ ਸੀ । ਅਤੇ ਖਾਉਂਦਾ ਸੀ ਅਤੇ ਫੇਰ ਸੌਂ ਜਾਉਂਦਾ ਸੀ ॥ ਜਦੋਂ ਓਹ ਗੰਦਾ ਹੋ ਜਾਉਂਦਾ ਸੀ ਜਾਂ ਓਨ੍ਹੂ ਗਰਮੀ ਲਗਦੀ ਸੀ । ਓਹ ਜੰਗਲ ਦੀਆਂ ਛਪੜੀਆਂ'ਚ ਨ੍ਹਾ ਲੈਂਦਾ ਸੀ । ਅਤੇ ਜਦੋਂ ਓਨ੍ਹੂ ਸ਼ਹਿਦ ਦੀ ਲੋੜ ਹੁੰਦੀ ਸੀ (ਭਾੱਲੂ ਨੇ ਇਨ੍ਹੂ ਦੱਸਿਆ ਸੀ ਕਿ ਸ਼ਹਿਦ ਅਤੇ ਮੇਵੇ ਖਾਣ'ਚ ਓਨ੍ਹਾ ਹੀ ਮਜਾ ਆਓਂਦਾ ਹੈ ਜਿਨ੍ਹਾ ਕਚ੍ਚਾ ਮਾਸ ਖਾਣ'ਚ) ਓਹ ਓੁਧੇ ਵਾਸ੍ਤੇ ਉੱਪਰ ਚੜ੍ਹ ਜਾਉਂਦਾ ਸੀ । ਅਤੇ ਇਹ ਕਿਵੇਂ ਕਰਨਾ ਹੈ ਇਨ੍ਹੂ ਬਘੀਰੇ ਨੇ ਸਿਖਾਇਆ ਸੀ ॥

ਬਘੀਰਾ ਇਕ ਟਾਹਣੀ'ਤੇ ਲੰਮਾਂ ਪੈ ਜਾਉਂਦਾ ਅਤੇ ਅਵਾਜ ਲਗਾਉਂਦਾ "ਮੇਰੇ ਪਿੱਛੇ ਆ ਜਾ ਛੋਟ੍ਟੇ ਭਰਾ ।" ਅਤੇ ਪਹਿਲਾਂ ਮੁਗਲੀ ਹੋਲੇ ਜਿਹੇ ਫੜਦਾ ਸੀ ਮਗਰ ਬਾਦ'ਚੋਂ ਓਹ ਬਹਾਦਰੀ ਨਾਲ ਇੰਝ ਇਕ ਟ੍ਹਾਣੀ'ਤੋਂ ਦੂਜੀ ਟ੍ਹਾਣੀ ਟੱਪਦਾ ਸੀ ਜਿਵੇਂ ਇਕ ਸਲੇਟੀ ਬਾਂਦਰ ॥ ਓਹ ਉਸ ਥੜ੍ਹੇ'ਤੇ ਅਪਨੀ ਜਗ੍ਹਾ ਜਾ ਕੇ ਬੈਠਦਾ ਸੀ ਜਿੱਥੇ ਪੰਚਾਇਤ ਲਗਦੀ ਸੀ । ਅਤੇ ਓੱਥੇ ਓਨ੍ਹੂ ਪਤਾ ਚੱਲਿਆ ਕਿ ਜੇ ਓਹ ਕਿਸੇ ਬਘਿਆੜ ਵੱਲ ਜੋਰ ਦੀ ਘੂਰੀ ਵਟ੍ਟੇ ਤਾਂ ਓਹ ਬਘਿਆੜ ਨੀਵੀਂ ਪਾਉਣ ਨੂੰ ਮਜਬੂਰ ਹੋ ਜਾਉਂਦਾ ਸੀ । ਅਤੇ ਓਹ ਇੰਜ ਮਜਾਕ ਵਾਸਤੇ ਘੂਰੀਆਂ ਵਟ੍ਟਦਾ ਰਹਿੰਦਾ ਸੀ ॥ ਕਿਸੇ ਹੋਰ ਵੇਲ੍ਹੇ ਓਹ ਅਪਨੇ ਦੋਸ੍ਤਾਂ ਦੇ ਪੈਰਾਂ'ਚੋਂ ਲੰਮੇ ਕੰਡੇ ਕੱਢਦਾ ਰਹਿੰਦਾ ਸੀ । ਕਿਓਂਕਿ ਬਘਿਆੜਾਂ ਨੂੰ ਅਪਨੀ ਖੱਲ'ਚ ਪਈਆਂ ਝਰੀਟਾਂ ਅਤੇ ਕੰਡਿਆਂ'ਤੋਂ ਬਹੁਤ ਦੁਖ ਭੋਗਣਾ ਪੈਂਦਾ ਹੈ ॥ ਓਹ ਰਾਤ ਨੂੰ ਪ੍ਹਾੜੀ ਉਤ੍ਤੁਰ ਕੇ ਥੱਲੇ ਖੇਤੀਹਰ ਜਮੀਨਾਂ'ਤੇ ਜਾਉਂਦਾ ਸੀ । ਅਤੇ ਬੜਾ ਜਿਗਿਆਸੂ ਹੋਕੇ ਪਿੰਡ ਵਾਲਿਆਂ ਨੂੰ ਓਨ੍ਹਾਂ ਦੀਆਂ ਝੁਗ੍ਗੀਆਂ'ਚ ਵੇਖਦਾ ਸੀ ॥ ਮਗਰ ਓਹ ਇਨਸਾਨਾਂ'ਤੇ ਬਿਲਕੁਲ ਇਤਬਾਰ ਨਹੀਂ ਕਰਦਾ ਸੀ ਕਿਓਂਕਿ ਬਘੀਰੇ ਨੇ ਉਸ ਨੂੰ ਇਕ ਚਕੋਰ ਡੱਬਾ ਵਿਖਾਇਆ ਸੀ ਜਿਧੇ ਉਤ੍ਤੇ ਇਕ ਦਰਵਾਜਾ ਸੀ ਜੋ ਡਿਗ ਪੈਂਦਾ ਸੀ ਜੇਕਰ ਕੋਈ ਦਰਵਾਜੇ'ਤੇ ਫਸਾਈ ਹੋਈ ਲੱਕੜ ਨੂੰ ਛੇੜੇ । ਅਤੇ ਡੱਬੇ ਨੂੰ ਇਨ੍ਹੀ ਮੱਕਾਰੀ ਨਾਲ ਜੰਗਲ'ਚ ਲੁਕੋਇਆ ਗਿਆ ਸੀ ਕਿ ਓਹ ਇਕ ਬਾਰੀ ਡੱਬੇ'ਚ ਫੱਸਦਾ ਫੱਸਦਾ ਬਚਿਆ । ਅਤੇ ਦੱਸਿਆ ਸੀ ਕੀ ਓਹ ਇਕ ਕੁੜਿੱਕੀ ਸੀ ॥ ਉਸ ਨੂੰ ਸਭ'ਤੋਂ ਜਿਆਦਾ ਚੰਗਾ ਬਘੀਰੇ ਦੇ ਨਾਲ ਗਰਮ'ਤੇ ਹਨੇਰੇ ਜੰਗਲ ਦੇ ਅੰਦਰ ਜਾ ਕੇ ਸੁਸ੍ਤਾਉਂਦੇ ਹੋਏ ਦਿਨ'ਚ ਸੌਣਾ ਚੰਗਾ ਲਗਦਾ ਸੀ ਅਤੇ ਰਾਤ ਨੂੰ ਵੇਖਣਾ ਕਿ ਬਘੀਰੇ ਨੇ ਸ਼ਿਕਾਰ ਕਿਵੇਂ ਕੀਤ੍ਤਾ ॥ ਜਦੋਂ ਬਘੀਰੇ ਨੂੰ ਭੁੱਖ ਲਗਦੀ ਸੀ ਓਹ ਜਿੜ੍ਹਾ ਭੀ ਜਾਨਵਰ ਓੁਧੇ ਰਸ੍ਤੇ'ਚ ਆਓਂਦਾ ਸੀ ਉਸ ਨੂੰ ਓਹ ਮਾਰ ਸਿਟ੍ਟਦਾ ਸੀ । ਅਤੇ ਮੁਗਲੀ ਭੀ ਇੰਜ ਹੀ ਕਰਦਾ ਸੀ ਸਿਵਾਏ ਇਕ ਗੱਲ ਦੇ ॥ ਜਦੋਂ ਓਹ ਇਨ੍ਹਾ ਵੱਢਾ ਹੋ ਗਿਆ'ਤੇ ਓਨ੍ਹੇ ਹੋਸ਼ ਸੰਭਾਲਿਆ । ਬਘੀਰੇ ਨੇ ਉਸ ਨੂੰ ਦੱਸਿਆ ਕਿ ਓਨ੍ਹੂ ਕਦੇ ਭੀ ਡੰਗਰਾਂ'ਤੇ ਹੱਥ ਨਹੀਂ ਪਾਉਣਾ ਚਾਹਿਦਾ ਕਿਓਂਕਿ ਦਲ ਨੇ ਉਸ ਨੂੰ ਇਕ ਸੰਢੇ ਦੀ ਕੀਮਤ ਚੁਕਾ ਕੇ ਖਰੀਦਿਆ ਸੀ ॥ "ਸਾਰਾ ਜੰਗਲ ਤੇਰਾ ਹੈ" ਬਘੀਰੇ ਨੇ ਕਿਹਾ । "ਅਤੇ ਤੂੰ ਹਜੇ ਇਨ੍ਹਾ ਜੋਰਦਾਰ ਨਹੀਂ ਹੋਇਆ ਕਿ ਜੰਗਲ'ਚ ਹਰ ਚੀਜ ਨੂੰ ਮਾਰ ਸਕੇਂ ॥ ਪਰ ਉਸ ਸੰਢੇ ਦੀ ਖਾਤਿਰ ਜਿਧੀ ਵਜ੍ਹਾ ਨਾਲ ਤੈਨੂੰ ਖਰੀਦਿਆ ਗਇਆ ਸੀ । ਤੈਨੂੰ ਕੋਈ ਭੀ ਛੋਟ੍ਟਾ ਜਾਂ

ਵੱਢਾ ਡੰਗਰ ਨਾਂ ਤੇ ਮਾਰਨਾ ਚਾਹਿਦਾ ਹੈ ਅਤੇ ਨ ਹੀ ਖਾਣਾ ਚਾਹਿਦਾ ਹੈ ॥ ਇਹ ਹੀ ਜੰਗਲ ਦਾ ਕਨੂੰਨ ਹੈ॥" ਮੁਗਲੀ ਨੇ ਵਫਾਦਾਰੀ ਨਾਲ ਇਸ ਨੂੰ ਨਿਭਾਇਆ ॥

ਅਤੇ ਓਹ ਵੱਢਾ'ਤੇ ਭਲਵਾਨ ਹੁੰਦਾ ਗਇਆ ਜਿਵੇਂ ਕਿ ਇਕ ਮੁੰਡੇ ਨੂੰ ਵੱਢਾ ਹੋਣਾ ਹੀ ਚਾਹਿਦਾ ਹੈ ਜਿਸ ਨੂੰ ਇਹ ਨਹੀਂ ਪਤਾ ਲਗ੍ਹਦਾ ਕਿ ਓਹ ਕੁਝ ਸਬਕ ਸਿਖ ਰਿਹਾ ਹੈ । ਅਤੇ ਜਿਸ ਨੂੰ ਖਾਣ'ਤੋਂ ਸਿਵਾ ਕੁਝ ਹੋਰ ਨਹੀਂ ਸੁੱਝਦਾ ॥



"ਬਘੀਰਾ ਇਕ ਟ੍ਹਾਣੀ'ਤੇ ਲੰਮਾ ਪੈਕੇ ਅਵਾਜ ਮਾਰਦਾ ਆ ਜਾ ਛੋਟ੍ਹੇ ਭਰਾ"

ਮਾਤਾ ਬਘਿਆੜ ਨੇ ਇਕ ਜਾਂ ਦੋ ਵਾਰ ਓਨ੍ਹ ਦੱਸਿਆ ਸੀ ਕਿ ਸ਼ੇਰ ਖਾਂ ਵਰਗੇ ਜੀਅ'ਤੇ ਭਰੋਸਾ ਨਹੀਂ ਕੀਤ੍ਹਾ ਜਾ ਸਕਦਾ । ਅਤੇ ਕਿਸੇ ਦਿਨ ਉਸ ਨੂੰ ਸ਼ੇਰ ਖਾਂ ਨੂੰ ਜਰੂਰ ਮਾਰਨਾ ਪਏਗਾ ॥ ਪਰ ਇਕ ਜਵਾਨ ਬਘਿਆੜ ਨੂੰ ਇਹ ਮਸ਼ਵਰਾ ਹਰ ਵਕ੍ਤ ਯਾਦ ਰਹਿੰਦਾ । ਪਰ ਮੁਗਲੀ ਇਹ ਭੁੱਲ ਗਿਆ ਕਿਓਂਕਿ ਓਹ ਇਕ ਮੁੰਡਾ ਸੀ - ਮਗਰ ਅਪਨੇ ਆਪ ਨੂੰ ਓਹ ਜਰੂਰ ਬਘਿਆੜ ਅਖਵਾਉਂਦਾ ਜਿਹ ਓਹ ਕਿਸੇ ਇਨਸਾਨੀ ਜਬਾਨ'ਚ ਬੋਲ ਸਕਦਾ ॥

ਸ਼ੇਰ ਖਾਂ ਹਮੇਸ਼ਾਂ ਉਧੇ ਰਸ੍ਤੇ'ਚ ਆ ਜਾਉਂਦਾ ਸੀ । ਕਿਓਂਕਿ ਜਿਉਂ ਜਿਉਂ ਕਲ੍ਹਾ ਬੁੱਢਾ'ਤੇ ਕਮਜੋਰ ਹੁੰਦਾ ਗਿਆ ਲੰਗੜਾ ਚੀਤਾ ਦਲ ਦੇ ਜਵਾਨ ਬਘਿਆੜਾਂ ਨਾਲ ਬੜਾ ਦੋਸ੍ਤਾਨਾ ਹੁੰਦਾ ਗਿਆ । ਜੋ ਉਧੇ ਪਿੱਛੇ ਰਹਿੰਦ ਖੁਹੰਦ ਵਾਸ੍ਤੇ ਜਾਉਂਦੇ ਸੀ । ਜੋ ਕਲ੍ਹੇ ਨੂੰ ਕਦੇ ਭੀ ਗਵਾਰਾ ਨਹੀਂ ਹੁੰਦਾ ਜੇ ਓਹ ਅਪਨਾ ਪੂਰਾ ਰੋਭ ਪਾ ਕੇ ਰੱਖ ਸਕਦਾ ॥ ਫੇਰ ਸ਼ੇਰ ਖਾਂ ਓਨ੍ਹਾਂ ਨੂੰ ਉਕਸਾਓਂਦਾ ਅਤੇ ਹੈਰਾਨ ਹੁੰਦਾ ਕਿ ਕਿਨ੍ਹੇ ਚੰਗੇ ਜਵਾਨ ਸ਼ਿਕਾਰੀ ਇਕ ਮਰਨ ਜੋਗੇ ਬਘਿਆੜ ਅਤੇ ਇਕ ਆਦਮੀ ਦੇ ਬਲੂੰਗੜੇ ਦੀ ਸਰਦਾਰੀ'ਤੋਂ ਸੰਤੋਖ ਕਰ ਲੈਂਦੇ ਸੀ ॥ "ਓਹ ਮੈਨੂੰ ਦੱਸਦੇ ਨੇ ।" ਸ਼ੇਰ ਖਾਂ ਓਨ੍ਹਾਂ ਨੂੰ ਕਹਿੰਦਾ । "ਕਿ ਪੰਚਾਇਤ ਦੀ ਬੈਠਕ'ਚ ਕਦੇ ਭੀ ਉਧੀਆਂ ਅੱਖਾਂ ਵਿਚ੍ਹਕਾਰ ਵੇਖਣ ਦੀ ਹਿੰਮਤ ਨਹੀਂ ਕਰਨਾ ॥" ਅਤੇ ਜਵਾਨ ਬਘਿਆੜ ਘੁਰ੍ਹ ਘੁਰ੍ਹ ਕਰਨ ਲਗ ਪੈਂਦੇ ॥

ਬਘੀਰਾ ਜ੍ਹੇਧੀਆਂ ਅੱਖਾਂ'ਤੇ ਕੱਨ ਹਰ ਤਰਫ ਰਹਿੰਦੇ ਸੀ । ਇਸ ਬਾਰੇ ਕੁਝ ਜਾਣਦਾ ਸੀ । ਅਤੇ ਇਕ ਦੋ ਵਾਰ ਓਨ੍ਹੇ ਮੁਗਲੀ ਨੂੰ ਬਹੁਤ ਸਾਰੇ ਸ਼ਬਦਾਂ'ਚ ਦੱਸਿਆ ਸੀ ਕਿ ਸ਼ੇਰ ਖਾਂ ਕਿਸੇ ਦਿਨ ਉਸ ਨੂੰ ਮਾਰ ਦੇਵੇਗਾ ॥ ਮੁਗਲੀ ਹੱਸ ਪੈਂਦਾ ਅਤੇ ਕਹਿੰਦਾ : "ਮੇਰੇ ਕੋਲ ਦਲ ਹੈ ਅਤੇ ਮੇਰੇ ਕੋਲ ਤੁਸੀਂ ਹੋ । ਅਤੇ ਭਾਲੂ । ਮਗਰ ਓਹ ਬਹੁਤ ਆਲਸੀ ਹੈ । ਇਕ ਦੋ ਹੱਥ ਮੇਰੇ ਵਾਸ੍ਤੇ ਮਾਰ ਹੀ ਸਕਦਾ ਹੈ ॥ ਮੈਨੂੰ ਡਰਨ ਦੀ ਕੀ ਲੋੜ ਹੈ ?"

ਇਕ ਦਿਨ ਬੜੀ ਗਰਮੀ ਸੀ ਕਿ ਬਘੀਰੇ ਨੂੰ ਇਕ ਫੁਰਨਾ ਫੁਰਿਆ - ਜੋ ਓਨ੍ਹੇ ਕਿਧਰੇ ਸੁਣਿਆ ਸੀ ॥ ਸ਼ਾਇਦ ਇੱਕੀ ਸੇਹੇ ਨੇ ਉਸ ਨੂੰ ਕੁਝ ਦੱਸਿਆ ਸੀ ॥ ਪਰ ਓਨ੍ਹੇ ਮੁਗਲੀ ਨੂੰ ਇੑਧੇ ਬਾਰੇ ਦੱਸਿਆ ਜਦੋਂ ਓਹ ਡੂੰਘੇ ਜੰਗਲ'ਚ ਸੀ ਜਦੋਂ ਮੁਗਲੀ ਉੑਧੀ ਕਾਲੀ ਚਮੜੀ ਨਾਲ ਢੋਹ ਲਾਕੇ ਬੈਠਾ ਸੀ । "ਛੋਟ੍ਰੇ ਭਰਾ । ਮੈ ਤੈਨੂੰ ਕਿਨ੍ਹੀ ਵਾਰ ਦੱਸਿਆ ਹੈ ਕਿ ਸ਼ੇਰ ਖਾਂ ਤੇਰਾ ਦੁਸ਼ਮਨ ਹੈ ?"

"ਇਨ੍ਹੀ ਵਾਰ ਜਿਨ੍ਹੇ ਉਸ ਤਾੜ ਤੇ ਮੇਵੇ ਨੇ ।" ਮੁਗਲੀ ਬੋੱਲਿਆ । ਜਿਸ ਨੂੰ । ਕੁਦਰਤੀ । ਗਿਨਤੀ ਨਹੀਂ ਆਓਂਦੀ ਸੀ ॥ "ਉੑਧਾ ਕੀ ? ਮੈਨੂੰ ਬਹੁਤ ਜੋਰ ਦੀ ਨੀਂਦ ਆਈ ਹੈ । ਬਘੀਰੇ । ਅਤੇ ਸ਼ੇਰ ਖਾਂ ਹੈ ਬਸ ਇਕ ਲੰਬੀ ਪੂੱਛੜ ਅਤੇ ਬੜਬੋਲਾ - ਜਿਵੇਂ ਮਾਓ ਮੋਰ ॥"

"ਮਗਰ ਇਹ ਸੌਣ ਦਾ ਸਮਾ ਨਹੀਂ ਹੈ ॥ ਭਾੱਲੂ ਨੂੰ ਇੑਧਾ ਪਤਾ ਹੈ । ਮੈਨੂੰ ਪਤਾ ਹੈ । ਦਲ ਨੂੰ ਪਤਾ ਹੈ । ਅਤੇ ਮਹਾਂ ਮੂਰਖ ਹਿਰਣ ਨੂੰ ਭੀ ਪਤਾ ਹੈ ॥ ਤਬਾੱਕੀ ਨੇ ਭੀ ਤੈਨੂੰ ਦੱਸਿਆ ਹੈ ॥"

"ਹੋ ! ਹੋ !" ਮੁਗਲੀ ਬੋੱਲਿਆ ॥ "ਤਬਾੱਕੀ ਕੁਝ ਸਮਾਂ ਪਹਿਲਾਂ ਮੇਰੇ ਕੋਲ ਆਇਆ ਸੀ ਅਤੇ ਬੜੀ ਬਦ੍ਹਮੀਜੀ ਨਾਲ ਬੋੱਲਿਆ ਕਿ ਮੈਂ ਨੰਗਾ । ਆਦਮੀ ਦਾ ਬਲੂੰਗੜਾ ਹਾਂ ਅਤੇ ਮੈਂ ਮੁੰਗਫਲੀ ਨਹੀਂ ਖੋਦ ਸਕਦਾ ॥ ਪਰ ਮੈਂ ਤਬਾੱਕੀ ਨੂੰ ਪੂਛ'ਤੋਂ ਫੱੜਕੇ ਦੋ ਵਾਰੀ ਘੁਮਾਕੇ ਤਾੜ'ਤੇ ਦੇ ਮਾਰਿਆ ਤਾਕਿ ਓਹ ਕੁਝ ਤਮੀਜ ਸਿੱਖ ਸਕੇ ॥"

"ਇਹ ਇਕ ਬੇਵਕੂਫੀ ਸੀ । ਕਿਓਂਕਿ ਭਾਵੇਂ ਤਬਾੱਕੀ ਇਕ ਪਵਾੜੇ ਪਾਉਣ ਵਾਲਾ ਹੈ । ਪਰ ਓਨ੍ਹੇ ਤੈਨੂੰ ਕੁਝ ਗੱਲ ਕਹੀ ਹੋਣੀ ਜੋ ਤੈਨੂੰ ਲਗ੍ਹ ਗਈ ਹੋਣੀ ॥ ਓਹ ਅੱਖਾਂ ਖੋਲ । ਛੋਟ੍ਰੇ ਭਰਾ ॥ ਸ਼ੇਰ ਖਾਂ ਜੰਗਲ'ਚ ਤੈਨੂੰ ਮਾਰਨ ਦੀ ਜੁਰ੍ਹਤ ਨਾਂ ਕਰੇ ॥ ਮਗਰ ਯਾਦ ਰੱਖ ਕਲ੍ਹਾ ਬਹੁਤ ਬੁੱਢਾ ਹੈ । ਅਤੇ ਜਲ੍ਹੀ ਹੀ ਇਕ ਦਿਨ ਆਵੇਗਾ ਕਿ ਅਪਨਾ ਸੰਢਾ ਨਹੀਂ ਮਾਰ ਸਕੇਗਾ । ਅਤੇ ਓਹ ਸਰਦਾਰ ਨਹੀਂ ਰਹੇਗਾ ॥ ਬੜੇ ਬਘਿਆੜ ਜਿਨ੍ਹਾਂ ਨੇ ਤੈਨੂੰ ਵੇੱਖਿਆ ਸੀ ਜਦੋਂ ਤੈਨੂੰ ਪਹਿਲੀ ਵਾਰੀ ਪੰਚਾਇਤ'ਚ ਲਿਆਇਆ ਗਿਆ ਸੀ । ਓਹ ਭੀ ਬੁੱਢੇ ਹੋ ਗਏ ਨੇ । ਅਤੇ ਜਵਾਨ ਬਘਿਆੜ ਉਸੇ ਗੱਲ'ਤੇ ਭਰੋਸਾ ਕਰਦੇ ਨੇ ਜੋ ਸ਼ੇਰ ਖਾਂ ਨੇ ਓਨ੍ਹਾਂ ਨੂੰ ਪਟ੍ਹੀ ਪੜਾਹੀ ਹੈ । ਕਿ ਆਦਮੀ ਦੇ ਬਲੂੰਗੜੇ ਦੀ ਦਲ'ਚ ਕੋਈ ਜਗ੍ਹਾ ਨਹੀਂ ਹੈ ॥ ਕੁਝ ਹੀ ਵਕ੍ਹ'ਚ ਤੂੰ ਜਵਾਨ ਹੋ ਜਾਂਵੇਂਗਾ ॥"

"ਅਤੇ ਓਹ ਕੇੜ੍ਹਾ ਮਰਦ ਹੈ ਜੋ ਅਪਨੇ ਭਰਾਂਵਾਂ ਦਾ ਸਾਥ ਨਾਂ ਦੇਵੇ ?" ਮੁਗਲੀ ਨੇ ਕਿਹਾ ॥ "ਮੈਂ ਜੰਗਲ'ਚ ਪੈਦਾ ਹੋਇਆ ਸੀ ॥ ਮੈਂ ਜੰਗਲ ਦਾ ਕਨੂੰਨ ਮਨ੍ਹਿਆ ਹੈ । ਅਤੇ ਇਕ ਭੀ ਬਘਿਆੜ ਨਹੀਂ ਹੈ ਜਿਧੇ ਪੰਜਿਆ'ਚੋਂ ਮੈ ਕੰਡੇ ਨਹੀਂ ਕੱਢੇ ਹੋਣ ॥ ਯਕੀਨਨ ਓਹ ਮੇਰੇ ਭਰਾ ਨੇ !"

ਬਘੀਰੇ ਨੇ ਅੰਗੜਾਈ ਲਈ'ਤੇ ਪੂਰਾ ਲੰਮਾਂ ਹੋ ਗਿਆ ਅਤੇ ਅਪਨੀਆਂ ਅੱਖਾਂ ਅੱਧੀਆਂ ਬੰਦ ਕਰ ਲਇਆਂ ॥ "ਛੋਟ੍ਰੇ ਭਰਾ ।" ਓਹ ਬੋੱਲਿਆ । "ਮੇਰੇ ਜਬਾੜੇ ਹੇਠਾਂ ਮਹਸੂਸ ਕਰ ॥"

ਮੁਗਲੀ ਨੇ ਅਪਨਾ ਮਜਬੂਤ ਭੂਰਾ ਹੱਥ । ਬਘੀਰੇ ਦੀ ਰੇਸ਼ਮੀ ਠੋਡੀ ਹੇਠਾਂ ਰਖਿਆ । ਜਿੱਥੇ ਘੁਮਾਵਦਾਰ ਮਾਸਪੇਸ਼ੀਆਂ ਚਮਕੀਲੇ ਵਾਲਾਂ'ਚ ਲੁਕੀਆਂ ਹੋਈਆਂ ਸੀ । ਅਤੇ ਓਨ੍ਹੇ ਇਕ ਗੰਜਾ ਧੱਬਾ ਮਹਸੂਸ ਕੀਤ੍ਤਾ ॥

"ਜੰਗਲ'ਚ ਕੋਈ ਨਹੀਂ ਹੈ ਜਿਸ ਨੂੰ ਇਹ ਪਤਾ ਹੈ ਕਿ ਮੈਂ । ਬਘੀਰਾ। ਇਸ ਨਿਸ਼ਾਨ ਦਾ ਮਾਲਿਕ ਹਾਂ - ਇਕ ਪਟੇ ਦਾ ਨਿਸ਼ਾਨ । ਅਤੇ ਫੇਰ । ਛੋਟ੍ਹੇ ਭਰਾ । ਮੈਂ ਆਦਮੀਆਂ'ਚ ਜੱਮਿਆ ਸੀ। ਅਤੇ ਆਦਮੀਆਂ'ਚ ਹੀ ਮੇਰੀ ਮਾਂ ਮਰੀ ਸੀ - ਉਦੇਪੁਰ ਦੇ ਰਾਜੇ ਦੇ ਮਹਿਲ ਦੇ ਪਿੰਜਰਿਆਂ'ਚ ॥ ਇਸ ਲਈ ਮੈਂ ਤੇਰਾ ਮੁੱਲ ਚੁਕਾਇਆ ਸੀ । ਬਘਿਆੜਾਂ ਦੀ ਪੰਚਾਇਤ'ਚ ਜਦੋਂ ਤੂੰ ਇਕ ਛੋਟ੍ਹਾ ਜਿਹਾ ਨੰਗਾ ਬਲੂੰਗੜਾ ਸੀ ॥ ਹਾਂ। ਮੈ ਭੀ ਆਦਮੀਆਂ'ਚ ਜੱਮਿਆ ਸੀ ॥ ਮੇਂ ਕਦੀ ਜੰਗਲ ਨਹੀਂ ਵੇੱਖਿਆ ਸੀ ॥ ਓਹ ਜੰਗਲੇਆਂ ਪਿੱਛੇ ਮੈਨੂੰ ਇਕ ਲੋਹੇ ਦੇ ਬਾਟੇ'ਚ ਖਵਾਉਂਦੇ ਸੀ ਜਦੋਂ ਤਾਂਈ ਮੈਂ ਇਕ ਰਾਤ ਮਹਿਸੂਸ ਕੀਤ੍ਤਾ ਕਿ ਮੈਂ ਬਘੀਰਾ ਹਾਂ - ਕਾਲਾ ਤੇਂਦੂਆ - ਅਤੇ ਕਿਸੇ ਆਦਮੀ ਦਾ ਖਿਡਾਉਨਾ ਨਹੀਂ। ਅਤੇ ਮੈ ਝੱਲਾ ਜਿਹਾ ਤਾਲਾ ਅਪਨੇ ਪੰਜੇ ਦੀ ਇਕ ਸਟ੍ਹ ਨਾਲ ਤੋੜ ਸਿਟ੍ਹਿਆ ਅਤੇ ਨ੍ਹੱਸ ਆਇਆ ॥ ਅਤੇ ਮੈਂ ਆਦਮੀ ਦੇ ਤਰੀਕੇ ਸਿੱਖੇ ਹੋਣ ਕਰਕੇ । ਜੰਗਲ'ਚ ਸ਼ੇਰ ਖਾਂ'ਤੋਂ ਭੀ ਜਿਆਦਾ ਖੂੰਖਾਰ ਬਣ ਗਿਆ ॥ ਕਿਓਂ ਇਸ ਤਰ੍ਹਾਂ ਨਹੀਂ ਹੈ ?"

"ਹਾਂ ਜੀ ।" ਮੁਗਲੀ ਨੇ ਕਿਹਾ "ਪੂਰਾ ਜੰਗਲ ਬਘੀਰੇ ਤੋਂ ਡਰਦਾ ਹੈ - ਸਿਰਫ ਇਕ ਮੁਗਲੀ ਦੇ ਸਿਵਾਏ ॥"

"ਓਹ । ਤੂੰ ਇਕ ਆਦਮੀ ਦਾ ਬਲੂੰਗੜਾ ਹੈਂ ।" ਕਾਲੇ ਤੇਂਦੁਏ ਨੇ ਬੜੀ ਨਰਮੀ ਨਾਲ ਕਿਹਾ ॥ "ਅਤੇ ਜਿਵੇਂ ਮੈਂ ਅਪਨੇ ਜੰਗਲ ਵਾਪਿਸ ਚਲਾ ਗਿਆ । ਤੈਨੂੰ ਭੀ ਆਖਿਰਕਾਰ ਵਾਪਿਸ ਆਦਮੀਆਂ ਕੋਲ ਜਾਣਾ ਚਾਹਿਦਾ ਹੈ - ਓਨ੍ਹਾਂ ਆਦਮੀਆਂ ਕੋਲ ਜੋ ਤੇਰੇ ਭਰਾ ਨੇਂ - ਜੇਕਰ ਤੂੰ ਪੰਚਾਇਤ'ਚ ਮਾਰ ਦਿਤ੍ਤਾ ਨਾਂ ਜਾਵੇਂ ॥"

"ਮਗਰ ਕਿਓਂ - ਕਿਓਂ ਕੋਈ ਮੈਨੂੰ ਮਾਰਨਾ ਚਾਹੇਗਾ ?" ਮੁਗਲੀ ਨੇ ਕਿਹਾ ॥

"ਮੇਰੇ ਵੱਲ ਵੇਖ ।" ਬਘੀਰੇ ਨੇ ਕਿਹਾ ॥ ਅਤੇ ਮੁਗਲੀ ਉਧੀਆਂ ਅੱਖਾਂ'ਚ ਅੱਖਾਂ ਪਾ ਕੇ ਵੇਖਣ ਲਗ ਪਿਆ ॥ ਤੇਂਦੁਏ ਨੇ ਕੁਝ ਅੱਧੇ'ਕ ਮਿੰਟ'ਚ ਅਪਨਾ ਸਿਰ ਪਰੇ ਫੇਰ ਲਿਆ ॥

"ਇਸ ਲਈ ।" ਅਪਨਾ ਪੰਜਾ ਪਤ੍ਤਿਆਂ'ਤੇ ਚਲਾਉਂਦੇ ਹੋਏ ਓਨ੍ਹੇ ਕਿਹਾ॥ "ਤੇਰੀਆਂ ਅੱਖਾਂ'ਚ ਅੱਖਾਂ ਪਾ ਕੇ ਮੈਂ ਭੀ ਨਹੀਂ ਵੇਖ ਸਕਦਾ । ਅਤੇ ਮੈਂ ਆਦਮੀਆਂ'ਚ ਜੱਮਿਆ ਸੀ । ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ । ਛੋਟ੍ਹੇ ਭਰਾ ॥ ਬਾਕੀ ਤੇਰੇ'ਤੋਂ ਨਫਰਤ ਕਰਦੇ ਨੇਂ ਕਿਓਂਕਿ ਓਹ ਤੇਰੀਆਂ ਅੱਖਾਂ ਨਾਲ ਅੱਖਾਂ ਨਹੀਂ ਮਿਲਾ ਸਕਦੇ ॥ ਕਿਓਂਕਿ ਤੂੰ ਸਮਝਦਾਰ ਹੈਂ । ਕਿਓਂਕਿ ਤੂੰ ਓਨ੍ਹਾਂ ਦੇ ਪੈਰਾਂ'ਚੋਂ ਕੰਡੇ ਕੱਢੇ ਨੇ - ਕਿਓਂਕਿ ਤੂੰ ਆਦਮੀ ਹੈਂ ॥"

"ਮੈਨੂੰ ਇਨ੍ਹਾ ਗੱਲਾਂ ਦਾ ਪਤਾ ਨਹੀਂ ਸੀ ।" ਮੁਗਲੀ ਨੇ ਮੂੰਹ ਵਟ੍ਹਦਿਆਂ ਕਿਹਾ । ਅਤੇ ਓਹ ਅਪਨੇ ਸੰਘਣੇ ਭਰਵਟ੍ਹਿਆਂ ਹੇਠ ਤਿਓੜੀਆਂ ਚੜ੍ਹਾਉਣ ਲਗ੍ਗ ਪਿਆ ॥

"ਜੰਗਲ ਦਾ ਕਨੂੰਨ ਕੀ ਹੈ ? ਪਹਿਲਾਂ ਵਾਰ ਕਰੋ ਫਿਰ ਬੋੱਲੋ ॥ ਤੇਰੀ ਲਾਪਰਵਾਹੀ ਨਾਲ ਓਹ ਜਾਣਦੇ ਨੇ ਕਿ ਤੂੰ ਇਕ ਆਦਮੀ ਹੈਂ ॥ ਮਗਰ ਸਿਆਣਾ ਬਣ ॥ ਮੇਰੇ ਦਿਲ'ਚ ਇਹ ਹੈ ਕਿ ਜਦੋਂ ਕਲ੍ਹੇ ਤੋਂ ਅਗਲਾ ਸ਼ਿਕਾਰ ਛੁਟ੍ਹਿਆ - ਅਤੇ ਹਰ ਵਾਰ ਸ਼ਿਕਾਰ ਵੇਲ੍ਹੇ ਓਨ੍ਹ ਪਹਿਲੀ ਵਾਰ ਨਾਲੋਂ ਜਿਆਦਾ ਮਿਹਨਤ ਕਰਨੀ ਪੈਂਦੀ ਹੈ - ਦਲ ਉਧੇ ਖਿਲਾਫ ਅਤੇ ਤੇਰੇ ਖਿਲਾਫ ਹੋ ਜਾਵੇਗਾ ॥ ਓਹ ਥੜ੍ਹੇ'ਤੇ ਪੰਚਾਇਤ ਬੁਲਾਉਣਗੇ । ਅਤੇ ਫੇਰ - ਅਤੇ ਫੇਰ - ਮੈਨੂੰ ਪਤਾ ਹੈ ॥" ਬਘੀਰੇ ਨੇ । ਛਾਲ ਮਾਰਦੇ ਹੋਏ ਕਿਹਾ ॥ "ਤੂੰ ਛੇਤ੍ਹੀ ਥੱਲੇ ਘਾਟੀ'ਚ ਆਦਮੀਆਂ ਦੀ ਝੁਗ੍ਹੀ'ਚ ਚਲਾ ਜਾ । ਅਤੇ ਅਪਨੇ ਨਾਲ ਓਹ ਲਾਲ ਫੁੱਲ ਲੈ ਆਵੀਂ ਜਿੜ੍ਹਾ ਓਹ ਓੱਥੇ ਉਗਾਓਂਦੇ ਨੇ । ਕਿਓਂਕਿ ਜਦੋਂ ਸਮਾਂ ਆਏ ਉਸ ਵੇਲੇ ਤੇਰੇ ਕੋਲ ਮੇਰੇ ਜਾਂ ਭਾੱਲੂ ਜਾਂ ਦਲ'ਚ ਜੋ ਤੈਨੂੰ ਪਿਆਰ ਕਰਦੇ ਨੇ । ਓਨ੍ਹਾਂ'ਤੋ ਭੀ ਤਾਕਤਵਰ ਦੋਸ੍ਤ ਹੋਵੇਗਾ ॥ ਲਾਲ ਫੁੱਲ ਲੈਕੇ ਆ ॥"

ਲਾਲ ਫੁੱਲ ਦੇ ਨਾਲ ਬਘੀਰੇ ਦਾ ਮਤਲਬ ਸੀ ਅਗ੍ਹ । ਸਿਰਫ ਕੋਈ ਭੀ ਜਾਨਵਰ ਅਗ੍ਹ ਨੂੰ ਠੀਕ ਨਾਓਂ ਨਾਲ ਨਹੀਂ ਬੁਲਾਓਂਦਾ ਸੀ ॥ ਹਰ ਵ੍ਹਸ਼ੀ ਉਧੀ ਦਹਸ਼ਤ'ਚ ਰਹਿੰਦਾ ਸੀ ਅਤੇ ਉਸ ਨੂੰ ਦੱਸਣ ਦੇ ਸੌ ਤਰੀਕੇ ਇਜਾਦ ਕਰਦਾ ਹੈ ॥

"ਲਾਲ ਫੁੱਲ ?" ਮੁਗਲੀ ਨੇ ਕਿਹਾ ॥ "ਜੋ ਸਵੇਰੇ ਜਾਂ ਤਕਾਲਾਂ ਦੇ ਵਕ੍ਤ ਓਨ੍ਹਾਂ ਦੀਆਂ ਝੁਗ੍ਹੀਆਂ ਬਾਹਰ ਉਗਦਾ ਹੈ। ਮੈ ਕੁਝ ਲੈ ਆਵਾਂਗਾ ॥"

"ਇਹ ਗੱਲ ਹੋਈ ਨਾਂ ਆਦਮੀ ਦੇ ਬਲੂੰਗੜੇ ।" ਬੜੇ ਫਖਰ ਨਾਲ ਬਘੀਰਾ ਬੋੱਲਿਆ ॥ "ਯਾਦ ਰਖੀਂ ਕਿ ਓਹ ਛੋਟ੍ਹੀ ਜਿਹੀ ਤੌੜੀ'ਚ ਉਗ੍ਹਦਾ ਹੈ ॥ ਛੇਤ੍ਹੀ ਇਕ ਚੁੱਕ ਲਿਆਈਂ । ਅਤੇ ਅਪਨੇ ਕੋਲ ਰੱਖੀਂ ਮਾੜੇ ਵਕ੍ਤ ਕੱਮ ਆਏਗਾ ॥"

"ਅੱਛਾ !" ਮੁਗਲੀ ਬੋੱਲਿਆ ॥ "ਮੈਂ ਚਲਦਾ ਹਾਂ ॥ ਮਗਰ ਕਿ ਤੈਨੂੰ ਪੱਕਾ ਯਕੀਨ ਹੈ । ਓਹ ਮੇਰੇ ਬਘੀਰੇ" - ਓਨ੍ਹੇ ਅਪਨੀ ਬਾਂਹ ਵੱਢੀ ਗਰਦਨ ਤੇ ਫੇਰੀ ਤੇ ਵੱਢੀਆਂ ਅੱਖਾਂ'ਚ ਡੂੰਗੀ ਝਾਤ੍ਹੀ ਮਾਰੀ - "ਕੀ ਤੈਨੂੰ ਪੂਰਾ ਯਕੀਨ ਹੈ ਕਿ ਇਹ ਸ਼ੇਰ ਖਾਂ ਦੀ ਕਰਨੀ ਹੈ ?"

"ਉਸ ਟੁਟ੍ਹੇ ਤਾਲੇ ਦੀ ਕਸਮ ਜਿਨ੍ਹੇ ਮੈਨੂੰ ਅਜਾਦੀ ਬਕਸ਼ੀ । ਮੈਨੂੰ ਪੂਰਾ ਯਕੀਨ ਹੈ । ਛੋਟ੍ਹੇ ਭਰਾ ॥"

"ਤਾਂ ਫੇਰ । ਉਸ ਸੰਢੇ ਦੀ ਕਸਮ । ਜਿਨ੍ਹੇ ਮੇਰਾ ਮੁੱਲ ਪਾਇਆ । ਮੈ ਸ਼ੇਰ ਖਾਂ ਨੂੰ ਇ੍ਹਧੀ ਪੂਰੀ ਕੀਮਤ ਅਦਾ ਕਰਾਂਗਾ । ਸ਼ਾਇਦ ਥੋੜੀ ਜਿਹੀ ਜਿਆਦਾ ਹੀ ।" ਕਹਿ ਕਿ ਮੁਗਲੀ ਨ੍ਹੱਸ ਗਿਆ ॥

"ਇਹ ਆਦਮੀ ਹੈ । ਇਹ ਪੂਰਾ ਆਦਮੀ ਹੈ ।" ਬਘੀਰੇ ਨੇ ਅਪਨੇ ਆਪ ਨੂੰ ॥ ਦੁਬਾਰਾ ਲੱਮੇ ਪੈਂਦੇ ਹੋਏ ਕਿਹਾ ॥ "ਓਹ । ਸ਼ੇਰ ਖਾਂ । ਤੇਰੀ ਦਸ ਸਾਲ ਪਹਿਲਾਂ ਡੱਡੂ ਦੇ ਸ਼ਿਕਾਰ ਵਰਗੀ ਕਰਤੂਤ'ਤੋਂ ਪਹਿਲਾਂ ਕਦੇ ਕੋਈ ਕਾਲੀ ਕਰਤੂਤ ਨਹੀਂ ਸੀ !"

ਮੁਗਲੀ ਤੇਜ ਦੌੜਦੇ ਹੋਏ ਦੂਰ ਬਹੁਤ ਦੂਰ ਜੰਗਲ'ਚ ਨਿੱਕਲ ਗਇਆ । ਅਤੇ ਉਧਾ ਦਿਲ ਉਧੇ ਅੰਦਰ ਬੱਲ ਰਿਹਾ ਸੀ ॥ ਓਹ

ਗੁਫਾ'ਚ ਆਇਆ ਜਦੋਂ ਸ਼ਾਮ ਦੀ ਧੁੰਧ ਪੈ ਰਹੀ ਸੀ । ਅਤੇ ਇਕ ਲੰਮਾ ਸਾਹ ਲਿਆ। ਅਤੇ ਹੇਠਾਂ ਘਾਟੀ'ਚ ਝਾਤ੍ਰੀ ਮਾਰੀ ॥ ਬਲੂੰਗੜੇ ਬਾਹਰ ਸੀ । ਪਰ ਮਾਤਾ ਬਘਿਆੜ ਨੂੰ । ਪਿੱਛੇ ਗੁਫਾ'ਚ ਉਹਦੇ ਸਾਹ ਲੈਣ'ਤੋਂ ਪਤਾ ਸੀ । ਕਿ ਉਹਦੇ ਡੱਡੂ ਨੂੰ ਕੁਝ ਤਕਲੀਫ ਹੈ ॥

"ਕੀ ਗੱਲ ਹੈ । ਪੁਤ੍ਰੁਰ ?" ਓਨ੍ਹੇ ਕਿਹਾ ॥

"ਕੁਝ ਚੰਮਗਿਦੂੜ ਸ਼ੇਰ ਖਾਂ ਬਾਰੇ ਖੁਸਰ ਫੁਸਰ ਕਰ ਰਹੇ ਸੀ" ਓਨ੍ਹੇ ਮੁੜ ਜਵਾਬ ਦਿਤ੍ਰਾ ॥ "ਅਜ ਰਾਤ ਮੈ ਵਾਹੇ ਹੋਏ ਖੇਤਾਂ'ਚ ਸ਼ਿਕਾਰ ਕਰਨਾ ਹੈ ।" ਅਤੇ ਓਹ ਝਾੜੀਆਂ'ਚੋਂ ਹੁੰਦਾ ਹੋਇਆ ਹੇਠਾਂ ਚਲਾ ਗਿਆ । ਉਸ ਚੋਈ ਵਲ ਜੋ ਹੇਠਾਂ ਘਾਟੀ'ਚ ਵਗਦੀ ਸੀ ॥ ਓੱਥੇ ਓਨ੍ਹੇ ਪਤਾ ਕੀਤ੍ਰਾ । ਜਦੋਂ ਉਸ ਨੂੰ ਦਲ ਦੇ ਸ਼ਿਕਾਰ ਕਰਨ ਦੀ ਜੋਰਾਂ ਨਾਲ ਅਵਾਜ ਆਈ । ਅਤੇ ਓਨ੍ਹੇ ਸਾਂਭਰ ਦੇ ਅੜਿੰਗਨ ਦੀ ਅਵਾਜ ਸੁਣੀ । ਅਤੇ ਚੀਤਲ ਦਾ ਫੜਫੜਾਉਂਦਾ ਹੋਇਆ ਨੱਕ ਸੁਣਿਆ ਜਦੋਂ ਹਿਰਣ ਘਾਟੀ ਵਲ ਮੁੜਿਆ ॥ ਫੇਰ ਜਵਾਨ ਬਘਿਆੜਾਂ ਦੀ ਬੜੇ ਗੁੱਸੇ'ਚ ਭੌਂਕਣ ਦੀ ਅਵਾਜ : "ਕਲ੍ਹਿਆ ! ਕਲ੍ਹਿਆ ! ਕਲ੍ਹੇ ਬਘਿਆੜ ਨੂੰ ਅਪਨੀ ਤਾਕਤ ਵਿਖਾਉਣ ਦਿਓ ॥ ਜਗ੍ਹਾ ਦਿਉ ਸਰਦਾਰ ਨੂੰ ! ਮਾਰ ਛਾਲ । ਕਲ੍ਹਿਆ!"

ਕਲ੍ਹੇ ਬਘਿਆੜ'ਤੋਂ ਛਾਲ ਮਾਰਦੇ ਵਕ੍ਰ ਪਕੜ ਛੁਟ ਗਈ ਹੋਣੀ । ਕਿਓਂਕਿ ਮੁਗਲੀ ਨੇ ਉਹਦੇ ਦੰਦਾਂ ਦੇ ਚਟਖਣ ਦੀ ਅਵਾਜ ਸੁਣੀ ਅਤੇ ਫੇਰ ਭੌਂਕਣ ਦੀ ਅਵਾਜ ਜਦੋਂ ਸਾਂਭਰ ਨੇ ਅਗਲੇ ਪੈਰਾਂ ਨਾਲ ਓਨ੍ਹੂ ਹੇਠਾਂ ਦੇ ਮਾਰਿਆ ॥

ਓਨ੍ਹੇ ਕਿਸੇ ਹੋਰ ਚੀਜ ਦਾ ਇੰਤਜਾਰ ਨਹੀਂ ਕੀਤ੍ਰਾ । ਬਸ ਨੱਸਦਾ ਗਿਆ । ਅਤੇ ਚੀਕਾਂ ਉਹਦੇ ਪਿੱਛੇ ਮੰਦ ਹੁੰਦੀਆਂ ਗਈਆਂ ਜਿਵੇਂ ਓਹ ਖੇਤਾਂ'ਚ ਦੋੜ੍ਹਿਆ ਜਿੱਥੇ ਪੇਂਡੂ ਰਹਿੰਦੇ ਸੀ ॥

"ਬਘੀਰਾ ਸਚ੍ਰ ਬੋਲਦਾ ਸੀ" ਓਨ੍ਹੇ ਸਾਹੋ - ਵਿਸਾਹ ਹੋਕੇ ਕਿਹਾ । ਜਦੋਂ ਓਹ ਇਕ ਝੁਗ੍ਗੀ ਦੀ ਖਿੜਕੀ ਹੇਠ ਪੱਠਿਆਂ'ਚ ਸਾਹ ਲੈਣ ਲਈ ਬੈੱਠਿਆ ॥ "ਕੱਲ ਦਾ ਦਿਨ ਕਲ੍ਹੇ ਅਤੇ ਮੇਰੇ ਵਾਸ੍ਤੇ ਇਕ ਦਿਨ ਹੋਵੇਗਾ ॥"

ਫੇਰ ਓਨ੍ਹੇ ਅਪਨਾ ਮੂੰਹ ਖਿੜਕੀ ਦੇ ਨਾਲ ਲਾਇਆ'ਤੇ ਚੁਲ੍ਹੇ'ਚ ਬਲਦੀ ਹੋਈ ਅਗ੍ਗ ਨੂੰ ਵੇਖਣ ਲਗ ਪਿਆ ॥ ਓਨ੍ਹੇ ਵੇੱਖਿਆ ਕਿ ਕਿਸਾਨ ਦੀ ਘਰ ਵਾਲੀ ਨੇ ਰਾਤ ਨੂੰ ਉੱਠ ਕੇ ਉਹਦੇ'ਚ ਕਾਲੇ ਡਲੇ ਪਾਏ ॥ ਅਤੇ ਜਦੋਂ ਸਵੇਰ ਹੋਈ ਅਤੇ ਧੁੰਧ ਜਦੋਂ ਚਿਟ੍ਰੀ'ਤੇ ਠੰਡੀ ਸੀ । ਓਨ੍ਹੇ ਵੇੱਖਿਆ ਕਿ ਕਿਸਾਨ ਦੇ ਬਚ੍ਚੇ ਨੇ ਇਕ ਬੇਂਤ ਦੀ ਟੋਕਰੀ ਚੁੱਕੀ ਜਿਹ੍ੜੀ ਅੰਦਰੋਂ ਮਿਟ੍ਰੀ ਨਾਲ ਲਿਪੀ ਹੋਈ ਸੀ । ਉਸ ਨੂੰ ਗਰਮ ਲਾਲ ਕਚ੍ਚੇ ਕੋਲਿਆਂ ਨਾਲ ਭਰਿਆ । ਅਤੇ ਅਪਨੇ ਕੰਬਲ ਹੇਠਾਂ ਰੱਖ ਕੇ । ਤਬੇਲੇ'ਚ ਗਾਂਈਆਂ ਨੂੰ ਸੰਭਾਲਨ ਵਾਸ੍ਤੇ ਚਲਾ ਗਿਆ ॥

"ਬੱਸ ਸਿਰਫ ਇਨ੍ਹਾ ਹੀ ?" ਮੁਗਲੀ ਬੋੱਲਿਆ ॥ "ਅਗਰ ਇਕ ਬਲੂੰਗੜਾ ਕਰ ਸਕਦਾ ਹੈ । ਤੇ ਫੇਰ ਡਰਨ ਦੀ ਕੋਈ ਗੱਲ ਨਹੀਂ ॥" ਸੋ ਓਹ ਲੰਮੇ ਕਦਮ ਪੁਟ੍ਟਦਾ ਹੋਇਆ ਨੁੱਕਰ ਤੇ ਮੁੰਡੇ ਨੂੰ ਮਿਲਿਆ । ਉਹਦੇ ਹਥਾਂ'ਚੋਂ ਭਾਂਡਾ ਲੈ ਲਿਆ । ਅਤੇ ਧੁੰਧ'ਚ ਲੋਪ ਹੋ

ਗਿਆ ਜਦਕਿ ਮੁੰਡਾ ਡਰ ਦੇ ਮਾਰੇ ਚਾਂਗਰਾਂ ਮਾਰਦਾ ਰਿਹ ਗਇਆ ॥

"ਓਹ ਬਿਲਕੁਲ ਮੇਰੇ ਵਰਗੇ ਨੇ ।" ਮੁਗਲੀ ਭਾਂਡੇ'ਚ ਫੂਕਾਂ ਮਾਰਦੇ ਹੋਏ ਜਿਵੇਂ ਓਨ੍ਹੇ ਜਨਾਨੀ ਨੂੰ ਵੇੱਖਿਆ ਸੀ । ਬੋੱਲਿਆ ॥ "ਇਹ ਚੀਜ ਮਰ ਜਾਵੇਗੀ ਜਿਹ ਮੈ ਇਨ੍ਹੂ ਕੁਝ ਖਾਣ ਵਾਸ੍ਤੇ ਨਹੀਂ ਦਿਤ੍ਤਾ ॥" ਅਤੇ ਓਨ੍ਹੇ ਛੋਟ੍ਟੀਆਂ ਟ੍ਹਾਣੀਆਂ ਅਤੇ ਸੁੱਕੀ ਹੋਈ ਛੱਲ ਉਸ ਲਾਲ ਚੀਜ ਤੇ ਸੁਟ੍ਟ ਦਿਤ੍ਤੀ ॥ ਪ੍ਰਾੜੀ ਚੜਦਿਆਂ ਅੱਧੇ ਰਸ੍ਤੇ'ਚ ਓਨ੍ਹੂ ਬਘੀਰਾ ਮਿਲਿਆ ਓਸ ਓੁਧੀ ਖੱਲ ਤੇ ਇੰਝ ਚਮਕ ਰਹੀ ਸੀ ਜਿਵੇਂ ਚੰਦਰਮਣੀ ॥

"ਕਲ੍ਹੇ ਤੋਂ ਚੂਕ ਹੋ ਗਈ ਹੈ ।" ਤੇਂਦੂਏ ਨੇ ਕਿਹਾ ॥ "ਓਨ੍ਹਾਂ ਨੇ ਓਨ੍ਹੂ ਕਲ ਰਾਤ ਹੀ ਮਾਰ ਦੇਣਾ ਸੀ । ਪਰ ਓਨ੍ਹਾ ਨੂੰ ਤੇਰੀ ਭੀ ਲੋੜ ਸੀ ॥ ਓਹ ਤੇਰੀ ਭਾਲ ਪ੍ਰਾੜੀ'ਤੇ ਕਰ ਰਹੇ ਸੀ ॥"

"ਮੈਂ ਖੇਤਾਂ'ਚ ਸੀ । ਮੈਂ ਤਿਆਰ ਹਾਂ ॥ ਵੇਖ !" ਮੁਗਲੀ ਨੇ ਅੰਗੀਠੀ ਉੱਪਰ ਚੁੱਕੀ ॥

"ਬਹੁਤ ਵਧੀਆ ! ਹੁਣ । ਮੈਂ ਵੇੱਖਿਆ ਹੈ ਕਿ ਆਦਮੀ ਇਸ ਚੀਜ'ਚ ਸੁੱਕੀਆਂ ਟ੍ਹਾਣੀਆਂ ਪਾਉਂਦੇ ਨੇ । ਅਤੇ ਹੁਣ ਅਖੀਰ'ਚ ਲਾਲ ਫੁੱਲ ਖਿੜ ਪਿਆ ਹੈ ॥ ਤੈਨੂੰ ਕੀ ਡੱਰ ਨਹੀਂ ਲਗਦਾ ?"

"ਨਹੀਂ । ਮੈਨੂੰ ਡੱਰ ਕਿਓਂ ਲਗ੍ਗੂਗਾ ? ਮੈਨੂੰ ਹੁਣ ਚੇਤ੍ਤਾ ਆਇਆ - ਜਿਹ ਇਹ ਸੁਪਨਾ ਨਾਂ ਹੋਵੇ - ਕਿਵੇਂ । ਜਦੋਂ ਮੈਂ ਹਜੇ ਬਘਿਆੜ ਨਹੀਂ ਸੀ । ਮੈਂ ਲਾਲ ਫੁੱਲ ਨੇੜੇ ਲੰਮਾ ਪਿਆ ਸੀ । ਅਤੇ ਮੈਂਨੂੰ ਬਹੁਤ ਨਿੱਘਾ'ਤੇ ਚੰਗਾ ਲਗ੍ਗਿਆ ਸੀ ॥"

ਉਸ ਪੂਰੇ ਦਿਨ ਮੁਗਲੀ ਗੁਫਾ'ਚ ਬੈਹ ਕੇ ਅਪਨੀ ਅੰਗੀਠੀ'ਚ ਸੁੱਕੀਆਂ ਟ੍ਹਾਣੀਆਂ ਪਾਉਂਦਾ ਰਿਹਾ ਇਹ ਵੇਖਣ ਵਾਸ੍ਤੇ ਕਿ ਓਹ ਕਿਵੇਂ ਲਗਦੀਆਂ ਹਣ ॥ ਓਨ੍ਹੂ ਇਕ ਟ੍ਹਾਣੀ ਲੱਭੀ ਜਿਡ਼੍ਹੀ ਓਨ੍ਹੂ ਚੰਗੀ ਲਗ੍ਗੀ । ਅਤੇ ਸ਼ਾਮ ਨੂੰ ਜਦੋਂ ਤਬਾੱਕੀ ਗੁਫਾ'ਚ ਆਇਆ ਅਤੇ ਉਸ ਨੂੰ ਦੱਸਿਆ ਕਿ ਓੁਧੀ ਲੋੜ ਪੰਚਾਇਤ ਦੇ ਥੜ੍ਹੇ'ਤੇ ਹੈ । ਓਹ ਹੱਸਦਾ ਰਿਹਾ ਜਦੋਂ ਤਕ ਤਬਾੱਕੀ ਨ੍ਹੱਸ ਨਹੀਂ ਗਿਆ ॥ ਫੇਰ ਮੁਗਲੀ ਹਜੇ ਭੀ ਹੱਸਦੇ ਹੋਏ । ਪੰਚਾਇਤ ਵਲ ਟੁਰ ਪਿਆ ॥

ਕਲ੍ਹਾ ਅਪਨੇ ਪੱਥਰ ਦੇ ਇਕ ਪਾਸੇ ਪਿਆ ਹੋਇਆ ਸੀ ਜੋ ਦੱਸਦਾ ਸੀ ਕਿ ਦਲ ਦੀ ਸਰਦਾਰੀ ਹੁਣ ਕਿਸੇ ਹੋਰ ਦੀ ਉਡੀਕ ਕਰ ਰਹੀ ਹੈ । ਅਤੇ ਸ਼ੇਰ ਖਾਂ ਅਪਨੇ ਟੁਕੜਿਆਂ'ਤੇ ਪਾਲੇ ਹੋਏ ਬਘਿਆੜਾਂ ਨਾਲ ਸ਼ੇਖੀ ਮਾਰਦੇ ਹੋਏ ਅਗ੍ਗੇ ਪਿੱਛੇ ਫਿਰ ਰਿਹਾ ਸੀ ॥ ਬਘੀਰਾ ਮੁਗਲੀ ਕੋਲ ਲੰਮਾ ਪਿਆ ਹੋਇਆ ਸੀ । ਅਤੇ ਅੰਗੀਠੀ ਮੁਗਲੀ ਨੇ ਅਪਨੇ ਗੋਡਿਆਂ'ਚ ਰੱਖੀ ਹੋਈ ਸੀ ॥ ਜਦੋਂ ਸਾਰੇ ਕੱਠੇ ਹੋ ਗਏ। ਤਾਂ ਸ਼ੇਰ ਖਾਂ ਨੇ ਬੋਲਣਾ ਸ਼ੁਰੂ ਕੀਤ੍ਤਾ - ਇਹ ਓਹ ਕਦੇ ਭੀ ਨਹੀਂ ਕਰਦਾ ਜੇ ਕਲ੍ਹਾ ਅਪਨੇ ਜੋਬਨ'ਚ ਹੁੰਦਾ ॥

"ਉਸ ਨੂੰ ਕੋਈ ਹੱਕ ਨਹੀਂ ਹੈ ।" ਬਘੀਰਾ ਫੁਸਫੁਸਾਇਆ ॥ "ਮੈਂ ਦੱਸ ਰਿਹਾਂ ਹਾਂ ॥ ਓਹ ਕੁਤ੍ਤੇ ਦਾ ਪੁਤ੍ਤੁਰ ਹੈ ॥ ਓਹ ਡਰ ਜਾਵੇਗਾ ॥"

ਮੁਗਲੀ ਅਪਨੇ ਪੈਰਾਂ'ਤੇ ਖੜਾ ਹੋ ਗਿਆ ॥ "ਅਜਾਦ ਲੋਕੋ ।" ਓਹ ਚੀਕਿਆ । "ਕੀ ਸ਼ੇਰ ਖਾਂ ਦਲ ਦੀ ਸਰਦਾਰੀ ਕਰਦਾ ਹੈ ? ਇਕ ਚੀਤੇ ਦਾ ਸਾੱਢੀ ਸਰਦਾਰੀ ਨਾਲ ਕੀ ਲੈਣਾ ਦੇਣਾ ਹੈ ?"

"ਇਹ ਵੇਖ ਕੇ ਕਿ ਦਲ ਦੀ ਸਰਦਾਰੀ ਕਿਸੇ ਹੋਰ ਦੀ ਉਡੀਕ'ਚ ਹੈ । ਅਤੇ ਓਨ੍ਹ ਬੋਲਣ ਵਾਸ੍ਤੇ ਅੱਖਿਆ ਗਿਆ ਹੈ - " ਸ਼ੇਰ ਖਾਂ ਸ਼ੁਰੂ ਹੋਇਆ ॥

"ਕਿਨ੍ਹੇ ਅੱਖਿਆ ?" ਮੁਗਲੀ ਬੋੱਲਿਆ ॥ "ਕੀ ਅਸੀ ਸਾਰੇ ਗਿਦੂੜ ਹਾਂ । ਜਿੜ੍ਹੇ ਇਸ ਡੰਗਰ ਮਾਰ ਕਸਾਈ ਦੀ ਚਾਪਲੂਸੀ ਕਰੀਏ ? ਦਲ ਦੀ ਸਰਦਾਰੀ ਦਾ ਫੈਸਲਾ ਦਲ ਹੀ ਕਰੇਗਾ ॥"

"ਚੁੱਪ ਕਰ । ਆਦਮੀ ਦੇ ਬਲੂੰਗੜੇ !" ਦੀਆਂ ਜੋਰਦਾਰ ਅਵਾਜਾਂ ਆਈਆਂ । "ਇਨ੍ਹੂ ਬੋਲਣ ਦੇ । ਇਨ੍ਹੇ ਸਾੱਢਾ ਕਨੂੰਨ ਮਨ੍ਹਿਆ ਹੈ ॥" ਅਤੇ ਅਖੀਰ'ਚ ਦਲ ਦੇ ਬਜੁਰ੍ਗ ਦਹਾੜੇ : "ਮਰੇ ਹੋਏ ਬਘਿਆੜ ਨੂੰ ਬੋਲਣ ਦਿਓ ॥" ਜਦੋਂ ਦਲ ਦਾ ਸਰਦਾਰ ਸ਼ਿਕਾਰ ਕਰਨ ਤੋਂ ਚੂਕ ਜਾਉਂਦਾ ਹੈ । ਓਨ੍ਹ ਮਰਿਆ ਹੋਇਆ ਸਮਝਿਆ ਜਾਉਂਦਾ ਹੈ । ਜਦੋਂ ਤਾਂਈ ਓਹ ਜਿਊਂਦਾ ਰਹੇ । ਜ੍ਹਿਧੀ ਕਿ ਬਹੁਤੀ ਦੇਰ ਨਹੀਂ ਹੈ ॥

ਕਲ੍ਹੇ ਨੇ ਥਕਾਨ ਭਰਿਆ ਸਿਰ ਚੁੱਕਿਆ : -

"ਅਜਾਦ ਲੋਕੋ । ਅਤੇ ਤੁਸੀਂ ਭੀ । ਸ਼ੇਰ ਖਾਂ ਦੇ ਗਿਦੂੜੋ । ਬਾਰ੍ਹਾਂ ਵਰ੍ਹਿਆਂ'ਤੋਂ ਮੈਂ ਇਸ ਦਲ ਦੀ ਸ਼ਿਕਾਰ ਕਰਨ ਵਾਸ੍ਤੇ ਸਰਦਾਰੀ ਕੀਤ੍ਰੀ ਹੈ । ਅਤੇ ਇਸ ਵਕ੍ਤ ਦੋਰਾਨ ਨਾਂ ਹੀ ਕੋਈ ਕੁੜਿਕੀ'ਚ ਫਸਿਆ ਅਤੇ ਨਾਂ ਹੀ ਕਿਸੇ ਦਾ ਕੋਈ ਹੱਥ ਪੈਰ ਟੁਟ੍ਰਿਆ ॥ ਹੁਣ ਮੈਂ ਸ਼ਿਕਾਰ ਕਰਨ ਤੋਂ ਚੂਕ ਗਿਆਂ ਹਾਂ ॥ ਤੁਸੀਂ ਜਾਣਦੇ ਹੋ ਕਿ ਇਹ ਜਾਲ ਕਿੰਵੇਂ ਵਿਛਾਇਆ ਗਇਆ ਸੀ ॥ ਤੁਸੀਂ ਜਾਣਦੇ ਹੀ ਹੋ ਕਿ ਮੈਨੂੰ ਇਕ ਅੰਜਾਣ ਹਿਰਣ ਦਾ ਸ਼ਿਕਾਰ ਕਰਨ ਨੂੰ ਕਿਹਾ ਗਿਆ ਸੀ ਤਾਕਿ ਮੇਰੀ ਕਮਜੋਰੀ ਉਜਾਗ੍ਗਰ ਹੋ ਸਕੇ ॥ ਇਹ ਬੜੀ ਚਲਾਕੀ ਨਾਲ ਕੀਤ੍ਰਾ ਗਿਆ ਸੀ ॥ ਇਹ ਤੁਹਾਡਾ ਹੱਕ ਹੈ ਕਿ ਮੈਨੂੰ ਇੱਥੇ ਹੀ ਪੰਚਾਇਤੀ ਥੜ੍ਹੇ ਉਤ੍ਰੇ ਮਾਰ ਦਿਤ੍ਰਾ ਜਾਵੇ । ਹੁਣੇ ॥ ਇਸ ਲਈ । ਮੈਂ ਆਖਦਾਂ ਹਾਂ । ਕਿ ਕੋਣ ਆਵੇਗਾ ਇਸ ਕਲ੍ਹੇ ਬਘਿਆੜ ਦਾ ਕੱਮ ਤਮਾਮ ਕਰਨ ਵਾਸ੍ਤੇ ? ਜੰਗਲ ਦੇ ਕਨੂੰਨ ਮੁਤਾਬਿਕ । ਇਹ ਮੇਰਾ ਹੱਕ ਹੈ । ਕਿ ਤੁਸੀਂ ਇਕ ਇਕ ਕਰਕੇ ਆਓ ॥"

ਓਥੇ ਇਕ ਲੰਮੀ ਖਮੋਸ਼ੀ ਛਾ ਗਈ । ਕਿਓਂਕਿ ਕਿਸੇ ਭੀ ਬਘਿਆੜ ਦੀ ਇਨ੍ਹੀ ਜੁਰ੍ਹਤ ਨਹੀਂ ਸੀ ਕਿ ਓਹ ਕਲ੍ਹਾ ਹੀ ਕਲ੍ਹੇ ਨਾਲ ਮਰਨ ਮਾਰਨ ਦੀ ਲੜਾਈ ਕਰੇ ॥ ਫੇਰ ਸ਼ੇਰ ਖਾਂ ਦਹਾੜਿਆ : "ਸਾਨ੍ਹੂੰ ਇਸ ਦੰਦਬੋੜੇ ਮੂਰਖ ਨਾਲ ਕੀ ਲੈਣਾ ਦੇਣਾ ਹੈ ? ਇ੍ਹਧੀ ਕਿਸਮਤ'ਚ ਮੌਤ ਹੀ ਲਿਖੀ ਹੋਈ ਹੈ ! ਇਹ ਜੋ ਆਦਮੀ ਦਾ ਬਲੂੰਗੜਾ ਹੈ ਇਨ੍ਹੇ ਬੜੀ ਲੰਮੀ ਉਮਰ ਜੀ ਲਈ ਹੈ ॥ ਅਜਾਦ ਲੋਕੋ । ਇਹ ਬੜੇ ਪਹਿਲਾਂ ਤੋਂ ਹੀ ਮੇਰਾ ਸ਼ਿਕਾਰ ਸੀ ॥ ਇਨ੍ਹੂ ਮੈਨੂੰ ਦੇ ਦਿਓ ॥ ਮੈਂ ਇਸ ਆਦਮੀ - ਬਘਿਆੜ ਦੀ ਮੂਰਖਤਾ ਤੋਂ ਥਕ ਚੁੱਕਿਆਂ ਹਾਂ ॥ ਇਨ੍ਹੇ ਦਸ ਵਰ੍ਹਿਆਂ'ਤੋਂ ਜੰਗਲ ਨੂੰ ਦੁਖੀ ਕਰਕੇ ਰੱਖਿਆ ਹੋਇਆ ਹੈ ॥ ਮੈਨੂੰ ਦੇ ਦਿਓ ਆਦਮੀ ਦਾ ਬਲੂੰਗੜਾ ।

ਨਹੀਂ ਤੇ ਮੈ ਇੱਥੇ ਹਮੇਸ਼ਾਂ ਸ਼ਿਕਾਰ ਕਰਾਂਗਾ ॥ ਅਤੇ ਤੁਹਾਨੂੰ ਇਕ ਭੀ ਹੱਡੀ ਨਹੀਂ ਦੇਵਾਂਗਾ॥ ਇਹ ਆਦਮੀ ਹੈ । ਇਕ ਆਦਮੀ ਦਾ ਬਚ੍ਚਾ । ਅਤੇ ਮੇਰੇ ਸ਼ਰੀਰ ਦੀ ਹਰ ਹੱਡੀ ਇਸ ਤੋਂ ਨਫਰਤ ਕਰਦੀ ਹੈ !"

ਫੇਰ ਅੱਧੇ'ਤੋਂ ਜਿਆਦਾ ਦਲ ਚੀਕਿਆ : "ਇਕ ਆਦਮੀ ! ਇਕ ਆਦਮੀ ! ਇਕ ਆਦਮੀ ਦਾ ਸਾੱਢੇ'ਚ ਕੀ ਕੱਮ ਹੈ ? ਇਨ੍ਹੂ ਅਪਨੀ ਜਗ੍ਹਾ ਵਾਪਿਸ ਜਾਣ ਦਿਓ ॥"

"ਅਤੇ ਸਾਰੇ ਪਿੰਡ ਦੇ ਲੋਕਾਂ ਨੂੰ ਅਪਨੇ ਖਿਲਾਫ ਕਰ ਲਇਏ ?" ਸ਼ੇਰ ਖਾਂ ਖਿਜ ਕੇ ਬੋੱਲਿਆ ॥ "ਨਹੀਂ । ਇਨ੍ਹੂ ਮੈਨੂੰ ਦੇ ਦਿਓ ॥ ਇਹ ਇਕ ਆਦਮੀ ਹੈ । ਅਤੇ ਅਸੀਂ ਸਾਰਿਆਂ'ਚੋਂ ਕੋਈ ਭੀ ਇ੍ਹਧੇ ਨਾਲ ਅੱਖਾਂ'ਚ ਅਖਾਂ ਪਾ ਕੇ ਨਹੀ ਵੇਖ ਸਕਦਾ ॥"

ਕਲ੍ਹੋ ਨੇ ਅਪਨਾ ਸਿਰ ਫੇਰ ਚੁੱਕਿਆ ਅਤੇ ਬੋੱਲਿਆ । "ਇਨ੍ਹੇ ਸਾੱਢਾ ਭੋਜਨ ਖਾਧਾ ਹੈ ॥ ਇਹ ਸਾੱਢੇ ਨਾਲ ਸੁਤ੍ਤਾ ਹੈ ॥ ਇਹ ਸਾੱਢੇ ਵਾਸ੍ਤੇ ਸ਼ਿਕਾਰ ਨੂੰ ਖਦੇੜ ਕੇ ਲਿਆਇਆ ਹੈ ॥ ਇਨ੍ਹੇ ਕੋਈ ਭੀ ਜੰਗਲ ਦਾ ਕਨੂੰਨ ਨਹੀਂ ਤੋੜਿਆ ਹੈ ॥"

"ਅਤੇ । ਮੈਂ ਇਕ ਸੰਢੇ ਦੀ ਕੀਮਤ ਚੁਕਾਈ ਸੀ ਜਦੋਂ ਇਨ੍ਹੂ ਦਲ'ਚ ਕਬੂਲਿਆ ਗਿਆ ਸੀ ॥ ਇਕ ਸੰਢੇ ਦੀ ਕੀਮਤ ਬਹੁਤੀ ਨਹੀਂ ਹੁੰਦੀ । ਪਰ ਬਘੀਰੇ ਦੀ ਇੱਜਤ ਕੁਝ ਹੈ ਜਿ੍ਹਧੇ ਵਾਸ੍ਤੇ ਓਹ ਸ਼ਾਇਦ ਲੜ੍ਹੂਗਾ ।" ਬਘੀਰੇ ਨੇ ਬੜੀ ਹਲੀਮੀ ਨਾਲ ਬੋੱਲਿਆ ॥

"ਇਕ ਸੰਢਾ ਜਿ੍ਹਧਾ ਦੱਸ ਸਾਲ ਪਹਿਲਾਂ ਮੁੱਲ ਪਾਇਆ ਗਇਆ ਸੀ !"ਦਲ ਧਮਕੀ ਭਰੇ ਲਹਿਜੇ'ਚ ਬੋੱਲਿਆ ॥ "ਦੱਸ ਸਾਲ ਪੁਰਾਨੀਆਂ ਹੱਡੀਆਂ ਦਾ ਸਾਨ੍ਹੂੰ ਕੀ ਭਾਹ ?"

"ਜਾਂ ਚੁੱਕੀ ਸੌਂਹ ਦਾ ?" ਬਘੀਰਾ ਬੋੱਲਿਆ । ਅਤੇ ਉ੍ਹਧੇ ਚਿਟ੍ਟੇ ਦੰਦ ਬੁੱਲਾਂ ਹੇਠ ਨਜਰ ਆ ਰਹੇ ਸੀ ॥ "ਅਤੇ ਤੁਹਾਨੂੰ ਅਜਾਦ ਲੋਕ ਆਖਦੇ ਨੇ !"

"ਕੋਈ ਭੀ ਆਦਮੀ ਦਾ ਬਲੂੰਗੜਾ ਜੰਗਲ ਦੇ ਲੋਕਾਂ ਨਾਲ ਨਹੀਂ ਰਹਿ ਸਕਦਾ ॥" ਸ਼ੇਰ ਖਾਂ ਅੜ੍ਹੂੱਕਿਆ ॥ "ਇਨ੍ਹੂ ਮੈਨੂੰ ਦੇ ਦਿਓ!"

"ਭਾਂਵੇ ਇ੍ਹਧੀਆਂ ਰਗਾਂ'ਚ ਸਾੱਢਾ ਲਹੂ ਨਹੀਂ ਦੋੜ੍ਹਦਾ । ਪਰ ਇਹ ਸਾੱਢਾ ਭਰਾ ਹੈ ।" ਕਲ੍ਹਾ ਬੋਲਦਾ ਰਿਹਾ "ਅਤੇ ਤੁਸੀਂ ਇਨ੍ਹੂ ਇੱਥੇ ਹੀ ਮਾਰ ਦਿਓਂਗੇ ! ਸਚ੍ਚਾਈ ਤਾਂ ਇਹ ਹੈ । ਕਿ ਮੈਂ ਬਹੁਤ ਚਿਰ ਜੀ ਲਿਆ ਹੈ ॥ ਤੁਹਾਡੇ'ਚ ਕੁਝ ਲੋਗ ਡੰਗਰ ਖਾਣ ਵਾਲੇ ਨੇ । ਅਤੇ ਕੁਝ ਬਾਰੇ ਮੇਂ ਇਹ ਸੁਣਿਆ ਹੈ ਕਿ ਸ਼ੇਰ ਖਾਂ ਦੀ ਪਟ੍ਟੀ ਪੜ੍ਹੋਣ ਕਰਕੇ ਤੁਸੀਂ ਲੋਕ ਪਿੰਡ'ਚ ਜਾਕੇ ਦਰਵਾਜੇ ਮੁਹਰਿਓਂ ਛੋਟ੍ਟੇ ਬਲੂੰਗੜੇ ਝਪਟ ਲਿਆਓਂਦੇ ਹੋਂ ॥ ਇਸ ਲਈ ਮੈਨੂੰ ਪਤਾ ਹੈ ਕਿ ਤੁਸੀਂ ਲੋਕ ਕਾਇਰ ਹੋਂ । ਅਤੇ ਮੈ ਕਾਇਰਾਂ ਨੂੰ ਕਹਿ ਰਿਹਾਂ ਹਾਂ ॥ ਇਹ ਯਕੀਨੀ ਹੈ ਕਿ ਮੈਨੂੰ ਮਰ ਜਾਓਣਾ ਚਾਹਿਦਾ ਹੈ । ਅਤੇ ਮੇਰੀ ਜਿੰਦਗੀ ਦੀ ਕੋਈ ਕੀਮਤ ਨਹੀਂ ਹੈ । ਨਹੀਂ ਤੇ ਮੈਂ ਆਦਮੀ ਦੇ ਬਲੂੰਗੜੇ ਦੀ ਜਾਨ ਵਟ੍ਟੇ ਅਪਨੀ ਜਾਨ ਦੇ ਦਵਾਂ ॥ ਪਰ ਦਲ ਦੀ ਇੱਜਤ ਦੀ ਖਾਤਿਰ - ਇਕ ਛੋਟ੍ਟੀ ਜਿਹੀ ਗੱਲ ਕਿ ਬਿਨਾ ਇਕ ਸਰਦਾਰ ਦੇ ਤੁਸੀ ਭੁੱਲ ਗਏ ਹੋਂ - ਮੈਂ ਵਾਇਦਾ ਕਰਦਾ ਹਾਂ ਕਿ ਜੇਕਰ ਤੁਸੀਂ ਆਦਮੀ ਦੇ ਬਲੂੰਗੜੇ ਨੂੰ ਉ੍ਹਧੀ ਜਗ੍ਹਾ ਵਾਪਿਸ ਜਾਣ ਦਿਓ । 'ਤੇ ਜਦੋਂ ਮੇਰੇ ਮਰਨ ਦਾ ਸਮਾਂ ਆਵੇਗਾ ਤੁਹਾਡੇ ਸਾਹਮਨੇ ਕੁੱਸਕੂੰਗਾ ਭੀ ਨਹੀਂ ॥ ਮੈਂ ਬਿਨਾ ਲੜਾਈ ਕੀਤੇ ਹੀ ਮਰ

ਜਾਵਾਂਗਾ ॥ ਉਧੇ ਨਾਲ ਦਲ ਦੀਆਂ ਘਟੋ ਘਟ ਤਿੰਨ ਜਿੰਦਗੀਆਂ ਬਚ ਜਾਣਗੀਆਂ ॥ ਜਿਆਦਾ ਮੈ ਕੁਝ ਕਰ ਨਹੀਂ ਸਕਦਾ ॥ ਮਗਰ ਜੇ ਤੁਸੀਂ ਚਾਹੋ । ਤਾਂ ਮੈਂ ਤੁਹਾਨੂੰ ਅਪਨੇ ਭਰਾ ਨੂੰ ਜੋ ਬੇਕਸੂਰ ਹੋਵੇ ਨੂੰ ਮਾਰਨ ਦੀ ਸ਼ਰਮ'ਤੋਂ ਬਚਾ ਸਕਦਾ ਹਾਂ - ਇਕ ਭਰਾ ਜਿਧੇ ਬਾਰੇ ਚੰਗਾ ਬੋੱਲਿਆ ਜਾਉਂਦਾ ਹੈ ਅਤੇ ਜਿਧੀ ਕੀਮਤ ਚੁਕਾ ਕੇ ਦਲ'ਚ ਜੰਗਲ ਦੇ ਕਨੂੰਨ ਮੁਤਾਬਿਕ ਸ਼ਾਮਿਲ ਕੀਤ੍ਹਾ ਗਿਆ ਸੀ ॥ "

"ਇਹ ਆਦਮੀ ਹੈ - ਇਕ ਆਦਮੀ - ਇਕ ਆਦਮੀ !" ਦਲ ਧਮਕੀ ਭਰੇ ਲਹਿਜੇ'ਚ ਬੋੱਲਿਆ ॥ ਅਤੇ ਜਿਆਦਾਤਰ ਬਘਿਆੜ ਸ਼ੇਰ ਖਾਂ ਦੇ ਆਲੇ ਦਵਾਲੇ ਕੱਠੇ ਹੋਣ ਲਗ ਪਏ । ਜਿਧੀ ਪੂਛ ਜੋਰ ਜੋਰ ਨਾਲ ਹਿਲਨਾ ਸ਼ੁਰੂ ਹੋ ਗਈ ਸੀ ॥

"ਹੁਣ ਸਭ ਕੁਝ ਤੇਰੇ ਹੱਥ'ਚ ਹੈ" ਬਘੀਰੇ ਨੇ ਮੁਗਲੀ ਨੂੰ ਕਿਹਾ ॥ "ਅਸੀਂ ਲੜਾਈ'ਤੋਂ ਸਿਵਾ ਕੁਝ ਹੋਰ ਨਹੀਂ ਕਰ ਸਕਦੇ ॥"

ਮੁਗਲੀ ਸਿੱਧਾ ਖੜਾ ਹੋ ਗਿਆ'ਤੇ ਅੰਗੀਠੀ ਉਧੇ ਹੱਥ'ਚ ਸੀ ॥ ਫੇਰ ਓਨ੍ਹੇ ਅੰਗੜਾਈ ਲਈ । ਅਤੇ ਉਬਾਸੀ ਭਰਿਆ ਮੂੰਹ ਪੰਚਾਇਤ ਵਲ ਕੀਤ੍ਹਾ ॥ ਪਰ ਓਹ ਗੁੱਸੇ ਅਤੇ ਗਮ ਨਾਲ ਭਰਿਆ ਹੋਇਆ ਸੀ । ਕਿਓਂਕਿ । ਬਘਿਆੜਾਂ ਵਾਂਗ । ਬਘਿਆੜਾਂ ਨੇ ਓਨ੍ਹੂ ਕਦੇ ਭੀ ਨਹੀਂ ਸੀ ਦੱਸਿਆ ਕਿ ਓਹ ਕਿਸ ਤਰ੍ਹਾਂ ਉਧੇ'ਤੋਂ ਨਫਰਤ ਕਰਦੇ ਸੀ ॥ "ਸੁਣੋ ਤੁਸੀਂ !" ਓਹ ਚੀਕਿਆ ॥ "ਇਸ ਤਰ੍ਹਾਂ ਕੁਤ੍ਤਿਆਂ ਵਾਂਗ ਭੌਂਕਣ ਦੀ ਕੋਈ ਲੋੜ ਨਹੀਂ ਹੈ ॥ ਤੁਸੀਂ ਮੈਨੂੰ ਬਹੁਤ ਵਾਰੀ ਅੱਜ ਰਾਤ ਚਤਾਰਿਆ ਹੈ ਕਿ ਮੈਂ ਇਕ ਆਦਮੀ ਹਾਂ(ਅਤੇ ਬੇਸ਼ਕ ਮੈ ਮਰਦੇ ਦਮ ਤਾਂਈ ਬਘਿਆੜ ਬਣ ਕੇ ਹੀ ਤੁਹਾਡੇ ਨਾਲ ਹਮੇਸ਼ਾ ਰਹਿੰਦਾ) ਮੈਂ ਮਹਿਸੂਸ ਕਰਦਾ ਹਾਂ ਕਿ ਤੁਹਾਡੇ ਸ਼ਬਦ ਸਚ੍ਹੇ ਨੇ ॥ ਸੋ ਹੁਣ ਤੋਂ ਮੈ ਤੁਹਾਨੂੰ ਅਪਨਾ ਭਰਾ ਨਹੀਂ । ਬਲਕਿ ਕੁਤ੍ਤਾ ਸਮਝਦਾ ਹਾਂ । ਜਿਵੇਂ ਕਿ ਆਦਮੀ ਨੂੰ ਸਮਝਨਾ ਚਾਹਿਦਾ ਹੈ ॥ ਤੁਸੀਂ ਕੀ ਕਰਨਾ ਹੈ । ਜਾਂ ਕੀ ਨਹੀਂ ਕਰਨਾ ਹੈ । ਇਹ ਸੋਚ੍ਹਣ ਦਾ ਕੱਮ ਤੁਹਾਡਾ ਨਹੀਂ ਹੈ ॥ ਇਹ ਕੱਮ ਮੇਰਾ ਹੈ । ਇਹ ਗੱਲ ਹੁਣੇ ਸਾਫ ਹੋ ਜਾਉਗੀ । ਮੈਂ । ਇਕ ਆਦਮੀ । ਇੱਥੇ ਓਹ ਲਾਲ ਫੁੱਲ ਲੈਕੇ ਆਇਆਂ ਹਾਂ ਜਿਧੇ'ਤੋਂ ਤੁਸੀਂ । ਕੁਤ੍ਤੇ । ਡਰਦੇ ਹੋਂ ॥"

ਓਨ੍ਹੇ ਹਵਾ'ਚ ਘੁਮਾਕੇ ਅੰਗੀਠੀ ਜਮੀਨ'ਤੇ ਰੱਖੀ । ਅਤੇ ਕੁਝ ਲਾਲ ਕੋਲਿਆਂ ਨੇ ਸੁੱਕੀ ਭੂਸੀ'ਚ ਭਾਂਬੜ ਮਚਾ ਦਿਤ੍ਤਾ । ਅਤੇ ਪੂਰੀ ਪੰਚਾਇਤ ਭਾਂਬੜ'ਤੋਂ ਡਰ ਦੇ ਮਾਰੇ ਪਿਛਾਂ ਹੋ ਗਈ ॥

ਮੁਗਲੀ ਨੇ ਸੁੱਕੀ ਟ੍ਹਾਣੀ ਅਗ੍ਗ'ਚ ਪਾਈ ਜਦ ਤਕ ਕਿ ਉਧੇ'ਚ ਅਗ੍ਗ ਨਹੀਂ ਲਗ੍ਗੀ ਅਤੇ ਓਹ ਚੜਚੜ ਨਹੀਂ ਕਰਨ ਲਗ ਪਈ । ਅਤੇ ਫੇਰ ਓਨ੍ਹੇ ਇਸ ਨੂੰ ਅਪਨੇ ਸਿਰ ਉੱਪਰ ਅਤੇ ਝੁਕਦੇ ਹੋਏ ਬਘਿਆੜਾਂ 'ਚ ਘੁਮਾਇਆ ॥

"ਤੂੰ ਉਸਤਾਦ ਹੈਂ ।" ਬਘੀਰਾ ਹੋਲੀ ਜਿਹੇ ਬੋੱਲਿਆ ॥ "ਕਲ੍ਹੇ ਨੂੰ ਮੌਤ'ਤੋਂ ਬਚਾ ॥ ਓਹ ਹਮੇਸ਼ਾ ਹੀ ਤੇਰਾ ਦੋਸ੍ਤ ਰਿਹਾ ਹੈ ॥"

ਕਲ੍ਹਾ। ਬੁੱਢੜਾ ਬਘਿਆੜ ਜਿਨ੍ਹੇ ਅਪਨੀ ਜਿੰਦਗੀ'ਚ ਕਦੇ ਭੀ ਰਹਿਮ ਦੀ ਭੀਖ ਨਹੀਂ ਸੀ ਮੰਗੀ । ਇਕ ਰਹਿਮ ਦੀ ਆਸ ਭਰੀ ਨਿਗਾਹ ਮੁਗਲੀ ਤੇ ਮਾਰੀ ਜਦੋਂ ਕਿ ਮੁੰਡਾ ਜਮਾਂ ਨੰਗਾਂ ਖੜਾ ਸੀ । ਅਤੇ ਉਧੇ ਲੱਮੇ ਵਾਲ ਮੋਢਿਆਂ'ਤੇ ਡਿਗਦੇ ਪਏ ਸੀ ਅਤੇ ਉਸ

ਬੱਲਦੀ ਹੋਈ ਟ੍ਹਾਣੀ ਦੀ ਰੋਸ਼ਨੀ'ਚ ਪਰਛਾਈਆਂ ਨਚ੍ਹਦੀਆਂ ਅਤੇ ਟੱਪਦੀਆਂ ਹੋਈਆਂ ਜਾਪਦੀਆਂ ਸੀ ॥

"ਬਹੁਤ ਵਧੀਆ !" ਹੋਲੀ ਜਿਹੇ ਘੂਰਦੇ ਹੋਏ ਮੁਗਲੀ ਬੋੱਲਿਆ ॥ "ਮੈਂ ਵੇਖ ਰਿਹਾਂ ਹਾਂ ਕਿ ਤੁਸੀ ਲੋਕ ਕੁਤੁ੍ਰੇ ਹੋ ॥ ਤੁਹਾਨੂੰ ਛੱਡ ਕੇ ਮੈਂ ਅਪਨੇ ਲੋਕਾਂ'ਚ ਜਾ ਰਿਹਾ ਹਾਂ - ਜੇਕਰ ਓਹ ਮੇਰੇ ਲੋਗ ਹਣ ॥ ਜੰਗਲ ਦਾ ਰਾਹ ਮੇਰੇ ਵਾਸ੍ਤੇ ਬੰਦ ਹੋ ਚੁੱਕਿਆ ਹੈ । ਮੈਨੂੰ ਤੁਹਾਡੀਆਂ ਗੱਲਾਂ ਨੂੰ ਅਤੇ ਤੁਹਾਡੇ ਸਾਥ ਨੂੰ ਭੁੱਲ ਜਾਣਾ ਚਾਹਿਦਾ ਹੈ ॥ ਮਗਰ ਮੈਂ ਤੁਹਾਡੇ'ਤੋਂ ਜਿਆਦਾ ਰਹਿਮ ਦਿਲ ਹੋਵਾਂਗਾ ॥ ਕਿਓਂਕਿ ਭਾਵੇਂ ਮੇਰੀਆਂ ਰਗਾਂ'ਚ ਤੁਹਾਡਾ ਲਹੂ ਨਹੀਂ ਦੌੜਦਾ ਪਰ ਫੇਰ ਭੀ ਮੈਂ ਤੁਹਾਡਾ ਬਿਰਾਦਰ ਹਾਂ । ਮੈਂ ਵਾਇਦਾ ਕਰਦਾਂ ਹਾਂ ਕਿ ਮੈ ਆਦਮੀਆਂ'ਚ ਆਦਮੀ ਬਣਾਂਗਾਂ ਮੈ ਆਦਮੀਆਂ ਨਾਲ ਰਲ ਕੇ ਤੁਹਾਡੇ ਨਾਲ ਵਿਸ਼ਵਾਸ ਘਾਤ ਨਹੀਂ ਕਰਾਂਗਾ ਜਿਵੇਂ ਤੁਸੀਂ ਲੋਕਾਂ ਨੇ ਮੇਰੇ ਨਾਲ ਕੀਤ੍ਹਾ ਹੈ ॥" ਓਨ੍ਹੇ ਅਗ੍ਹ ਨੂੰ ਲਤ੍ਹ ਮਾਰੀ । ਅਤੇ ਚੰਗਾਰੀਆਂ ਉੱਪਰ ਨੂੰ ਉੱਡਨ ਲਗ੍ਹ ਪਈਆਂ ॥ "ਦਲ'ਚ ਸਾੱਢੇ ਕਿਸੇ ਦੇ ਭੀ ਨਾਲ ਕੋਈ ਲੜਾਈ ਨਹੀਂ ਹੋਵੇਗੀ ॥ ਮਗਰ ਜਾਣ'ਤੋਂ ਪਹਿਲਾਂ ਇਕ ਉਧਾਰ ਚੁਕਾਉਣਾ ਹੈ ॥" ਓਹ ਉਸ ਪਾਸੇ ਚਲ ਪਿਆ ਜਿੱਥੇ ਸ਼ੇਰ ਖਾਂ ਅਗ੍ਹ ਨੂੰ ਵੇਖਕੇ ਬੇਵਕੂਫਾਂ ਵਾਂਗ ਅੱਖਾਂ ਝਪਕ ਰਿਹਾ ਸੀ । ਅਤੇ ਫੇਰ ਓਨ੍ਹੇ ਸ਼ੇਰ ਖਾਂ ਨੂੰ ਓ੍ਹਧੀ ਦਾੜੀ ਦੇ ਵਾਲਾਂ'ਤੋਂ ਫੜ ਲਿਆ ॥ ਬਘੀਰਾ ਮੁਗਲੀ ਦੇ ਪਿੱਛੇ ਚਲ ਪਿਆ ਜੇਕਰ ਕੋਈ ਹਾਦਸਾ ਨਾਂ ਹੋ ਜਾਵੇ ॥ "ਉੱਠ । ਕੁਤ੍ਹੇ!" ਮੁਗਲੀ ਚੀਕਿਆ ॥ "ਖੜਾ ਹੋ ਜਾਣਾ ਚਾਹਿਦਾ ਹੈ । ਜਦੋਂ ਇਕ ਆਦਮੀ ਬੋਲ ਰਿਹਾ ਹੋਵੇ । ਨਹੀਂ ਤਾਂ ਮੈ ਤੇਰੀ ਖੱਲ ਨੂੰ ਅਗ੍ਹ ਲਾ ਦੇਵਾਂਗਾਂ !"

ਸ਼ੇਰ ਖਾਂ ਦੇ ਕੱਨ ਓ੍ਹਧੇ ਸਿਰ'ਤੇ ਇਕਦਮ ਸਿੱਧੇ ਪਏ ਹੋਏ ਸੀ । ਅਤੇ ਓਨ੍ਹੇ ਅਪਨੀਆਂ ਅੱਖਾਂ ਬੰਦ ਕਰ ਲਈਆਂ ਸੀ । ਕਿਓਂਕਿ ਬਲਦੀ ਹੋਈ ਟ੍ਹਾਣੀ ਓ੍ਹਧੇ ਬਹੁਤ ਨਜਦੀਕ ਸੀ ॥

"ਇਸ ਡੰਗਰ ਮਾਰਨ ਵਾਲੇ ਨੇ ਕਿਹਾ ਸੀ ਕਿ ਇਹ ਮੈਨੂੰ ਪੰਚਾਇਤ'ਚ ਮਾਰ ਸਿਟ੍ਹੇਗਾ ਕਿਓਂਕਿ ਇਨ੍ਹੇ ਉਸ ਵੇਲੇ ਨਹੀਂ ਮਾਰਿਆ ਸੀ ਜਦੋਂ ਮੈਂ ਛੋਟ੍ਹਾ ਬਲੂੰਗੜਾ ਸੀ ॥ ਤਾਂ ਕੀ । ਫੇਰ ਜਦੋਂ ਅਸੀਂ ਜਵਾਨ ਆਦਮੀ ਹੋ ਜਾਇਏ । ਤਾਂ ਸਾਨੂੰ ਕਿ ਕੁਤ੍ਹਿਆਂ ਨੂੰ ਕੁਟ੍ਹਣਾ ਚਾਹਿਦਾ ਹੈ ॥ ਲੰਗੜਿਆ । ਜੇ ਇਕ ਭੀ ਤੇਰੀ ਮੁੱਛ ਦਾ ਵਾਲ ਹਿੱਲਿਆ । 'ਤੇ ਇਹ ਲਾਲ ਫੁੱਲ ਮੈਂ ਤੇਰੇ ਸੰਘ'ਚ ਤੁਨ੍ਹ ਦਿਆਂਗਾਂ !" ਓਨ੍ਹੇ ਸ਼ੇਰ ਖਾਂ ਦੇ ਸਿਰ ਤੇ ਬਲਦੀ ਹੋਈ ਟ੍ਹਾਣੀ ਮਾਰੀ ਅਤੇ ਸ਼ੇਰ ਖਾਂ ਡਰ ਦੇ ਮਾਰੇ ਚੂੰ ਚੂੰ ਕਰਨ ਲਗ ਪਿਆ ॥

"ਚੱਲ ! ਜਲੇ ਹੋਏ ਜੰਗਲ ਦੇ ਬਿੱਲੇ - ਹੁਣ ਤੂ ਦਫਾ ਹੋ ! ਪਰ ਯਾਦ ਰੱਖੀਂ ਜਦੋਂ ਮੈ ਅਗਲੀ ਵਾਰ ਪੰਚਾਇਤ ਦੇ ਥੜ੍ਹੇ'ਤੇ ਆਵਾਂਗਾ । ਜਿਵੇਂ ਕਿ ਇਕ ਆਦਮੀ ਨੂੰ ਆਓਣਾ ਚਾਹਿਦਾ ਹੈ । ਸ਼ੇਰ ਖਾਂ ਦੀ ਖੱਲ ਮੇਰੇ ਸਿਰ ਉਤ੍ਹੇ ਹੋਵੇਗੀ ॥ ਬਾਕੀਆਂ ਵਾਸ੍ਤੇ । ਕਲ੍ਹਾ ਅਜਾਦ ਹੈ ਜਿਵੇਂ ਚਾਹ੍ਹੇ ਅਪਨੀ ਜਿੰਦਗੀ ਜੀਵੇ ॥ ਤੁਸੀਂ ਓਨ੍ਹੂ ਜਾਣ'ਤੋਂ ਨਹੀਂ ਮਾਰੋਗੇ । ਕਿਓਂਕਿ ਮੇਰੀ ਇਹੀ ਮਰਜੀ ਹੈ ॥ ਅਤੇ ਨਾਂ ਹੀ ਮੈਂ ਸੋਚਦਾ ਹਾਂ ਕਿ । ਤੁਸੀਂ ਅਪਨੀਆਂ ਜੀਭਾਂ ਲਮਕਾ ਕੇ ਇੱਥੇ ਬੈਠੇ ਰਹੋਂਗੇ । ਜਿਵੇਂ ਕੇ ਤੁਸੀਂ ਲੋਕ ਕੁਝ ਚੀਜ ਹੋਂ । ਬਲਕਿ ਤੁਸੀਂ ਕੁਤ੍ਹੇ ਹੋਂ ਜਿਨ੍ਹਾਂ ਨੂੰ ਮੈਂ ਨ੍ਹੱਸਾਉਂਦਾ ਹਾਂ - ਤੇ ਫੇਰ ਦਫਾ ਹੋ ਜਾਓ !" ਅਗ੍ਹ ਟ੍ਹਾਣੀ ਦੇ ਇਕ ਸਿਰੇ'ਤੇ ਬੁਰੀ ਤਰ੍ਹਾਂ ਜਲ ਰਹੀ ਸੀ । ਅਤੇ ਮੁਗਲੀ ਨੇ ਟ੍ਹਾਣੀ ਖੱਬੇ ਸੱਜੇ ਇਕ ਘੇਰੇ'ਚ ਘੁਮਾਉਣੀ ਸ਼ੁਰੂ ਕਰ ਦਿਤ੍ਹੀ । ਅਤੇ ਬਘਿਆੜ ਚੀਕਾਂ ਮਾਰਦੇ ਹੋਏ ਨ੍ਹੱਸ ਪਏ ਕਿਓਂਕਿ ਚੰਗਾੜੀਆਂ ਨਾਲ ਓਨ੍ਹਾਂ ਦੀ ਖੱਲ ਬਲਣ ਲਗ ਪਈ ਸੀ ॥ ਅਖੀਰ'ਚ ਓਥੇ ਕਲ੍ਹਾ । ਬਘੀਰਾ । ਅਤੇ ਸ਼ਾਇਦ ਕੁਝ ਦੱਸ'ਕ ਬਘਿਆੜ ਰਹਿ ਗਏ ਜਿਨ੍ਹਾਂ ਨੇ ਮੁਗਲੀ ਦੀ ਤਰਫਦਾਰੀ ਕੀਤ੍ਹੀ ਸੀ ॥ ਤਾਂ ਫੇਰ ਕਿਸੇ ਚੀਜ ਨੇ ਅੰਦਰੋਂ ਮੁਗਲੀ ਨੂੰ ਤਕਲੀਫ ਦੇਣੀ

ਸ਼ੁਰੂ ਕੀਤ੍ਰੀ । ਇਸ ਤਰ੍ਹਾਂ ਦੀ ਤਕਲੀਫ ਜੋ ਉਸ ਨੂੰ ਜਿੰਦਗੀ'ਚ ਅੱਜ ਤੋਂ ਪਹਿਲਾਂ ਕਦੇ ਭੀ ਨਹੀਂ ਹੋਈ ਸੀ । ਉ੍ਧੇ ਸਾਹ'ਚ ਸਾਹ ਆਇਆ ਅਤੇ ਓਹ ਰੋਇਆ ਅਤੇ ਅਥਰੂ ਉ੍ਧੇ ਮੂੰਹ ਤੇ ਵੱਗਣ ਲਗ ਪਏ ॥
"ਇਹ ਕੀ ਹੈ ? ਇਹ ਕੀ ਹੈ ?" ਓਨ੍ਹੇ ਕਿਹਾ ॥ "ਮੈਂ ਜੰਗਲ ਛੱਡਨਾ ਨਹੀਂ ਚਾਹੁੰਦਾ । ਅਤੇ ਮੈਂ ਨਹੀਂ ਜਾਣਦਾ ਕਿ ਇਹ ਕੀ ਹੈ ॥ ਕੀ ਮੈਂ ਮਰ ਰਿਹਾ ਹਾਂ । ਬਘੀਰੇ ?"

"ਨਹੀਂ । ਛੋਟ੍ਰੇ ਭਰਾ ॥ ਇਹ ਤਾਂ ਸਿਰਫ ਅਥਰੂ ਨੇ ਜਿੜ੍ਹੇ ਆਦਮੀ ਨੂੰ ਆਓਂਦੇ ਨੇ ।" ਬਘੀਰਾ ਬੋੱਲਿਆ ॥ "ਹੁਣ ਮੈਨੂੰ ਪਤਾ ਲਗ੍ਗ ਗਿਆ ਹੈ ਕਿ ਤੂ ਜਵਾਨ ਹੋ ਗਿਆਂ ਹੈ । ਅਤੇ ਹੁਣ ਤੂ ਬਲੂੰਗੜਾ ਨਹੀਂ ਰਹਿਆ॥ ਯਕੀਨੀ ਜੰਗਲ ਤੇਰੇ ਵਾਸ੍ਤੇ ਹੁਣ ਤੋ ਬੰਦ ਹੋ ਚੁੱਕਿਆ ਹੈ ॥ ਇਨ੍ਹਾ ਨੂੰ ਵੱਗਣ ਦੇ । ਮੁਗਲੀ ॥ ਇਹ ਸਿਰਫ ਅਥਰੂ ਨੇ ॥" ਤੇ ਮੁਗਲੀ ਬੈਠ ਗਿਆ 'ਤੇ ਇੰਝ ਰੋਇਆ ਜਿਵੇਂ ਕੇ ਉ੍ਧਾ ਦਿਲ ਟੁਟ੍ਰ ਜਾਉਗਾ । ਅਤੇ ਓਹ ਜਿੰਦਗੀ'ਚ ਪਹਿਲਾਂ ਕਦੇ ਭੀ ਨਹੀਂ ਸੀ ਰੋਇਆ ॥

"ਹੁਣ ।" ਓਹ ਬੋੱਲਿਆ "ਮੈਂ ਆਦਮੀਆਂ ਕੋਲ ਜਾਵਾਂਗਾ ॥ ਪਰ ਪਹਿਲਾਂ ਮੈਂ ਅਪਨੀ ਮਾਂ ਨੂੰ ਅਲਵਿਦਾ ਕਹਿ ਲਵਾਂ ॥" ਅਤੇ ਓਹ ਉਸ ਗੁਫਾ ਵੱਲ ਟੁਰ ਪਿਆ ਜਿੱਥੇ ਮਾਤਾ ਬਘਿਆੜ ਪਿਤਾ ਬਘਿਆੜ ਦੇ ਨਾਲ ਰਹਿੰਦੀ ਸੀ । ਅਤੇ ਓਹ ਮਾਤਾ'ਤੇ ਸਿਰ ਰੱਖ ਕੇ ਰੋਇਆ ਜਦਕਿ ਚਾਰ ਬਲੂੰਗੜੇ ਵਿਜੋਗ ਦਾ ਭੌਂਕਣਾਂ ਭੌਂਕੇ ॥

"ਤੁਸੀਂ ਮੈਨੂੰ ਭੁੱਲ ਨਹੀਂ ਜਾਣਾ ?" ਮੁਗਲੀ ਬੋੱਲਿਆ ॥

"ਅਸੀਂ ਤੇਰੇ ਰਸ੍ਤੇ ਤੇ ਨਹੀਂ ਜਾ ਸਕਦੇ" ਬਲੂੰਗੜਿਆਂ ਨੇ ਕਿਹਾ ॥ "ਪ੍ਹਾੜੀ ਹੇਠਾਂ ਆਈਂ ਜਦੋਂ ਤੂ ਜਵਾਨ ਹੋ ਜਾਏਂਗਾ । ਫੇਰ ਅਸੀਂ ਗੱਲਾਂ ਕਰਾਂਗੇ । ਅਤੇ ਅਸੀਂ ਖੇਤਾਂ'ਚ ਆ ਕੇ ਰਾਤ ਨੂੰ ਤੇਰੇ ਨਾਲ ਖੇਡਾਂਗੇ ॥"

"ਛੇਤ੍ਰੀ ਆਈਂ !" ਪਿਤਾ ਬਘਿਆੜ ਨੇ ਕਿਹਾ "ਓਹ । ਸਿਆਣੇ ਛੋਟ੍ਰੇ ਡੱਡੂ । ਛੇਤ੍ਰੀ ਵਾਪਿਸ ਆਈਂ । ਕਿਓਂਕਿ ਅਸੀਂ ਬੁੱਢੇ ਹੋ ਜਾਵਾਂਗੇ । ਮੈਂ ਤੇ ਤੇਰੀ ਮਾਂ ॥"

"ਛੇਤ੍ਰੀ ਆਈਂ !" ਮਾਤਾ ਬਘਿਆੜ ਨੇ ਕਿਹਾ । "ਮੇਰੇ ਛੋਟ੍ਰੇ ਜਿਹੇ ਨੰਗੇ ਪੁਤ੍ਰੁਰ ॥ ਕਿਓਂਕਿ । ਸੁਣ । ਆਦਮੀ ਦੇ ਬਚ੍ਚੇ । ਤੈਨੂੰ ਮੈਂ ਅਪਨੇ ਬਲੂੰਗੜਿਆਂ'ਤੋਂ ਭੀ ਵੱਧ ਪਿਆਰ ਕੀਤ੍ਰਾ ਹੈ ॥"

"ਮੈਂ ਜਰੂਰ ਆਵਾਂਗਾ ।" ਮੁਗਲੀ ਨੇ ਕਿਹਾ ॥ "ਅਤੇ ਜਦੋਂ ਮੈਂ ਆਵਾਂਗਾ ਸ਼ੇਰ ਖਾਂ ਦੀ ਖੱਲ ਨੂੰ ਪੰਚਾਇਤ ਦੇ ਥੜ੍ਹੇ ਉਤ੍ਰੇ ਵਿਛਾਉਣ ਵਾਸਤੇ ਆਵਾਂਗਾ ॥ ਮੈਨੂੰ ਭੁੱਲ ਨਹੀਂ ਜਾਣਾ ! ਓਨ੍ਹਾ ਨੂੰ ਜੰਗਲ'ਚ ਕਹਿਣਾ ਕਿ ਮੈਨੂੰ ਕਦੇ ਭੀ ਨਾਂ ਭੁੱਲਣ !"

ਸਵੇਰ ਹੋਣ ਵਾਲੀ ਸੀ ਜਦੋਂ ਮੁਗਲੀ ਪ੍ਹਾੜੀ ਹੇਠਾਂ ਉਤ੍ਰੁਰਿਆ । ਓਨ੍ਹਾ ਰਹਸਮਈ ਚੀਜਾਂ ਨੂੰ ਮਿਲਣ ਵਾਸ੍ਤੇ ਜਿਨ੍ਹਾਂ ਨੂੰ ਆਦਮੀ ਕਹਿੰਦੇ ਨੇ ॥

## ਸਿਉਨੀ ਦਲ ਦਾ ਸ਼ਿਕਾਰ-ਗੀਤ

ਜਿਵੇਂ ਫੁਟ੍ਹ ਰਿਹਾ ਸੀ ਦਿਨ ਸਾਂਭਰ ਕਰਦੇ ਸੀ ਅਵਾਜ
          ਇਕ ਵਾਰ ਦੋ ਵਾਰ ਬਾਰ ਬਾਰ !
ਇਕ ਹਿਰਣ ਨੇ ਮਾਰੀ ਛਲਾਂਗ । ਇਕ ਹਿਰਣ ਨੇ ਮਾਰੀ ਛਲਾਂਗ
ਜੰਗਲ'ਚ ਉਸ ਛਪੜੀ'ਤੋਂ ਜਿੱਥੇ ਜੰਗਲੀ ਮ੍ਰਿਗ ਬੁਝਾਓਂਦੇ ਨੇ ਪਿਆਸ
ਇਹ ਮੈਂ ॥ ਕਲ੍ਹਾ ਹੀ ਨਜਰ ਰਖ ਰਿਹਾਂ ਹਾਂ । ਵੇੱਖੋ
          ਇਕ ਵਾਰ ਦੋ ਵਾਰ ਬਾਰ ਬਾਰ !

ਜਿਵੇਂ ਫੁਟ੍ਹ ਰਿਹਾ ਸੀ ਦਿਨ ਸਾਂਭਰ ਕਰਦੇ ਸੀ ਅਵਾਜ
          ਇਕ ਵਾਰ ਦੋ ਵਾਰ  ਬਾਰ ਬਾਰ !
ਅਤੇ ਇਕ ਬਘਿਆੜ ਪਿਛਾਂ ਨੂੰ ਟੁਰਿਆ । ਇਕ ਬਘਿਆੜ ਪਿਛਾਂ ਨੂੰ ਟੁਰਿਆ
ਤਾਂ ਕਿ ਲੈ ਜਾ ਸਕੇ ਦਲ ਤਾਂਈ ਸੁਨੇਹਾ
ਅਸੀਂ ਭਾਲਿੱਆ ਅਤੇ ਲੱਭਿਆ ਅਤੇ ਰਸ੍ਹੇ'ਚ ਹੈ ਹਿਨਹਿਨਾਇਆ
          ਇਕ ਵਾਰ ਦੋ ਵਾਰ  ਬਾਰ ਬਾਰ !

ਜਿਵੇਂ ਫੁਟ੍ਹ ਰਿਹਾ ਸੀ ਦਿਨ ਬਘਿਆੜਾਂ ਦਾ ਦਲ ਬੋੱਲਿਆ
          ਇਕ ਵਾਰ ਦੋ ਵਾਰ  ਬਾਰ ਬਾਰ !
ਜੰਗਲ'ਚ ਪੈਰ ਜੋ ਛੱਡਣ ਨਾਂ ਨਿਸ਼ਾਨ !

ਅੱਖਾਂ ਜੋ ਨੇਹਰੇ'ਚ ਸਕਣ ਵੇਖ - ਸਕਣ ਵੇਖ
ਜਬਾਨ - ਬੋਲੋ ਉ੍ਹਧੇ ਨਾਲ ! ਸੁਣੋ ! ਵੇ ਸੁਣੋ !
          ਇਕ ਵਾਰ ਦੋ ਵਾਰ  ਬਾਰ ਬਾਰ !

ਭਾੱਲੂ ਦੇ ਸਿਧਾਂਤ

# ਕਾ ਦਾ ਸ਼ਿਕਾਰ

ਤੇਂਦੁਏ ਦੀ ਖੁਸ਼ੀ ਹਣ ਉਧੇ ਧੱਬੇ : ਉਧੇ ਸਿੰਙਾ'ਤੇ ਹੈ
          ਮੱਝਾਂ ਨੂੰ ਨਾਜ਼ ।
ਰਹੋ ਸਾਫ ਸੁਥਰੇ । ਕਿਉਂਕਿ ਸ਼ਿਕਾਰੀ ਦੀ ਤਾਕਤ ਦੱਸਦੀ ਹੈ
          ਉਧੀ ਖੱਲ ਦੀ ਚਮਕ ॥
ਜੇ ਲਗ੍ਹੇ ਇਹ ਪਤਾ ਕਿ ਝੋਟ੍ਹਾ ਤੁਹਾਨੂੰ ਦੇ ਸਕਦਾ ਹੈ ਪਟਕਾ । ਜਾਂ ਸੰਘਨੇ ਭਰਵਟ੍ਹਿਆਂ ਵਾਲਾ
          ਸਾਂਭਰ ਹੈ ਸਕਦਾ ਪਾੜ ।
ਨਹੀਂ ਅਪਨਾ ਕੱਮ ਛੱਡੋ ਸਾਨੂੰ ਦੇਨ ਵਾਸ੍ਤੇ ਸੁਨੇਹਾ । ਕਿਉਂਕਿ ਸਾਨੂੰ ਇਹ
          ਦੱਸ ਰੁਤ੍ਹਾਂ'ਤੋਂ ਪਹਿਲਾਂ ਹੀ ਹੈ ਪਤਾ ॥
ਅਨਜਾਣਾਂ ਦੇ ਬਲੂੰਗੜਿਆਂ ਨੂੰ ਰੱਖੋ ਨਾਂ ਦਬਾਕੇ । ਮੱਨ੍ਹੋ ਓਨ੍ਹਾ ਨੂੰ ਤੁਸੀ ਭੈਣ
          'ਤੇ ਭਰਾ ।
ਭਾਵੇਂ ਓਹ ਹਣ ਛੋਟ੍ਹੇ ਤੇ ਮੋਟ੍ਹੇ । ਹੋ ਸਕਦਾ ਹੈ ਕਿ ਰਿਛ ਹੈ
          ਓਨ੍ਹਾ ਦੀ ਮਾਂ ॥
"ਮੇਰੇ ਵਰਗਾ ਨਹੀਂ ਹੈ ਕੋਈ !" ਫਖਰ ਨਾਲ ਕਹਿੰਦਾ ਹੈ ਬਲੂੰਗੜਾ ਕਰ
          ਅਪਨਾ ਪਹਿਲਾ ਸ਼ਿਕਾਰ ।
ਪਰ ਜੰਗਲ ਹੈ ਵੱਢਾ ਅਤੇ ਬਲੂੰਗੜਾ ਛੋਟ੍ਹਾ ॥ ਦਿਓ ਓਨ੍ਹੂ ਇਹ
          ਸੋਚ੍ਹਣ'ਤੇ ਰਹੋ ਤੁਸੀ ਸ਼ਾਂਤ ॥



## ਕਾ ਦਾ ਸ਼ਿਕਾਰ

ਜੋ ਭੀ ਇੱਥੇ ਦੱਸਿਆ ਜਾ ਰਿਹਾ ਹੈ ਓਹ ਮੁਗਲੀ ਨੂੰ ਸਿਉਨੀ ਦੇ ਬਘਿਆੜਾਂ ਦੇ ਦਲ'ਚੋਂ ਕੱਢਣ । ਜਾਂ ਫੇਰ ਸ਼ੇਰ ਖਾਂ ਚੀਤੇ ਤੋਂ ਬਦਲਾ ਲੈਣ'ਤੋਂ ਕੁਝ ਸਮਾਂ ਪਹਿਲਾਂ ਦਾ ਹੈ ॥ ਇਹ ਓਨ੍ਹਾ ਦਿਨਾਂ ਦੀ ਗੱਲ ਹੈ ਜਦੋਂ ਭਾੱਲੂ ਇਨ੍ਹੂ ਜੰਗਲ ਦਾ ਕਨੂੰਨ ਸਿਖਾ ਰਿਹਾ ਸੀ ॥ ਵੱਢਾ । ਸੰਜੀਦਾ । ਬੁੱਢੜਾ ਭੂਰਾ ਰਿਛ ਬਹੁਤ ਖੁਸ਼ ਸੀ । ਕਿ ਉ੍ਹਧੇ ਕੋਲ ਇਕ ਤੇਜ ਤਰ੍ਰਾਰ ਸਿਖ ਸੀ ਕਿਓਂਕਿ ਜਵਾਨ ਬਘਿਆੜ ਸਿਰਫ ਓਨ੍ਹਾ'ਕੁ ਹੀ ਜੰਗਲ ਦਾ ਕਨੂੰਨ ਸਿਖਦੇ ਸਨ ਜਿਨ੍ਹਾ ਕੇ ਓਨ੍ਹਾ ਦੇ ਦਲ ਜਾਂ ਕਬੀਲੇ'ਤੇ ਲਾਗੂ ਹੁੰਦਾ ਸੀ । ਅਤੇ ਓਹ ਨ੍ਹੱਸ ਜਾਉਂਦੇ ਸੀ ਉਸੇ ਵੇਲੇ ਜਦੋਂ ਓਨ੍ਹਾ ਨੂੰ ਸ਼ਿਕਾਰੀ ਕਬਿਤੁ ਦੁਹਰਾਉਣਾ ਆ ਜਾਵੇ - "ਪੈਰ ਜੋ ਕਰਨ ਨਾਂ ਅਵਾਜ । ਅੱਖਾਂ ਜੋ ਹਨੇਰੇ'ਚ ਭੀ ਸਕਣ ਵੇਖ । ਕਨ੍ਹ ਜੋ ਸੁਣ ਸਕਣ ਗੁਫਾ'ਚ ਹਵਾਂਵਾਂ । ਅਤੇ ਚਿਟ੍ਹੇ ਤਿੱਖੇ ਦੰਦ । ਇਹ ਸਭ ਨਿਸ਼ਾਨੀਆਂ ਹਣ ਸਾੱਢੇ ਭਰਾਂਵਾਂ ਦੀਆਂ ਸਿਰਫ ਤਬਾੱਕੀ ਗਿਦ੍ਹੂੜ ਅਤੇ ਲੱਕੜਬੱਘੇ ਨੂੰ ਛੱਡ ਕੇ ਜਿਨ੍ਹਾਂ ਤੋਂ ਅਸੀਂ ਨਫਰਤ ਕਰਦੇ ਹਾਂ ॥" ਪਰ ਮੁਗਲੀ ਨੂੰ । ਆਦਮੀ ਦਾ ਬਲੂੰਗੜਾ ਹੋਣ ਕਰਕੇ । ਇਸ ਤੋਂ ਬਹੁਤ ਕੁਝ ਜਿਆਦਾ ਸਿਖਣਾ ਪਿਆ ॥ ਕਦੇ ਕਦੇ ਬਘੀਰਾ ਕਾਲਾ ਤੇਂਦੂਆ ਜੰਗਲ ਸੈਰ ਸਪਾਟਾ ਕਰਦਾ ਹੋਇਆ ਆ ਕੇ ਵੇਖਦਾ ਸੀ । ਕਿ ਉ੍ਹਧਾ ਪਿਆਰਾ ਕਿਵੇਂ ਸਿਖ ਰਿਹਾ ਹੈ । 'ਤੇ ਅਪਨਾ ਸਿਰ ਦ੍ਰਖੁ'ਤੇ ਰੱਖ ਕੇ ਮੰਮਿਓਂਦਾ ਸੀ ਜਦਕਿ ਮੁਗਲੀ ਉਸ ਦਿਨ ਦਾ ਪਾਠ ਭਾੱਲੂ ਨੂੰ ਸੁਣਾਉਂਦਾ ਸੀ ॥ ਮੁੰਡਾ ਚੜ੍ਹਨਾ ਇਨ੍ਹੀ ਚੰਗੀ ਤਰ੍ਹਾਂ ਜਾਣਦਾ ਸੀ ਜਿਨ੍ਹੀ ਚੰਗੀ ਤਰ੍ਹਾਂ ਓਹ ਤਰਨਾ ਜਾਣਦਾ ਸੀ । ਅਤੇ ਤਰਨਾ ਇੰਝ ਜਾਣਦਾ ਸੀ ਜਿਵੇਂ ਦੌੜ੍ਹਨਾ ॥ ਸੋ ਭਾੱਲੂ । ਕਨੂੰਨ ਦੇ ਉਸਤਾਦ ਨੇ ਓਨ੍ਹੂ ਲੱਕੜ'ਤੇ ਪਾਣੀ ਦੇ ਕਨੂੰਨ ਸਿਖਾਏ : ਕਿਵੇਂ ਵੇਖਿਏ ਕਿ ਟ੍ਹਾਣੀ ਸੜੀ ਗਲੀ ਹੋਈ ਹੈ ਕਿ ਵਧੀਆ ਹੈ । ਜੰਗਲੀ ਮੱਖੀਆਂ ਨਾਲ ਪਿਆਰ ਨਾਲ ਕਿਵੇਂ ਬੋੱਲੀਦਾ ਹੈ ਜਦੋਂ ਓਹ ਪੰਜਾਹ ਫੁਟ੍ਹ ਉਤ੍ਹੇ ਮਖੀਲ ਨੇੜੇ ਆਓਂਦਾ ਸੀ । ਮੰਗੂ ਚਮਗਿਦ੍ਹੂੜ ਨੂੰ ਕੀ ਕਹਿਣਾ ਚਾਹਿਦਾ ਹੈ ਜਦੋਂ ਓਹ ਉਸ ਨੂੰ ਦੁਪਹਿਰ ਨੂੰ ਟ੍ਹਾਣੀਆਂ'ਚ ਛੇੜ ਦਿੰਦਾ ਸੀ । ਅਤੇ ਪਾਣੀ ਦੇ ਸੱਪਾਂ ਨੂੰ ਕਿਵੇਂ ਖਬਰਦਾਰ ਕਰਨਾ ਚਾਹਿਦਾ ਹੈ ਜਦੋਂ ਓਹ ਓਨ੍ਹਾਂ ਨਾਲ ਤਰਨ ਵਾਸ੍ਤੇ ਸਰੋਵਰ'ਚ ਛਾਲ ਮਾਰੇ ॥ ਕੋਈ ਭੀ ਜੰਗਲ ਦੇ ਲੋਗ ਕਿਸੇ ਦੀ ਛੇੜ ਛਾੜ ਨੂੰ ਬਰਦਾਸ੍ਹ ਨਹੀਂ ਕਰਦੇ ।' ਤੇ ਓਹ ਘੁਸਪੈਠਿ' ਤੇ ਹਮਲਾ ਕਰਨ ਨੂੰ ਤਿਆਰ ਰਹਿੰਦੇ ਨੇ ॥ ਅਤੇ । ਫੇਰ । ਮੁਗਲੀ ਨੂੰ ਅਨਜਾਣਾਂ ਦੀ ਸ਼ਿਕਾਰ ਦੀ ਸਦ੍ਹੂ ਲਈ ਅਵਾਜ ਲਗਾਉਣ ਬਾਰੇ ਭੀ ਸਿਖਾਇਆ ਗਿਆ ਸੀ । ਜਿਸ ਨੂੰ ਬਾਰ ਬਾਰ ਬੋਲਣਾ ਜਰੂਰੀ ਹੈ । ਜਦ ਤਕ ਕਿ ਉ੍ਹਧਾ ਕੋਈ ਜਵਾਬ ਨਹੀਂ ਮਿਲੇ । ਜਦੋਂ ਭੀ ਜੰਗਲ ਦੇ ਲੋਗ ਓਪਰੀ ਜਗ੍ਹਾ'ਤੇ ਸ਼ਿਕਾਰ ਕਰਨ ॥ ਇ੍ਹਧਾ ਮਤਲਬ ਹੈ । ਕਿ "ਮੈਨੂੰ ਇੱਥੇ ਕਲ੍ਹਾ ਛੱਡ ਦਿਓ ਸ਼ਿਕਾਰ ਕਰਨ ਵਾਸ੍ਤੇ ਕਿਓਂਕਿ ਮੈਂ ਭੁੱਖਾ ਹਾਂ" ਅਤੇ ਜਵਾਬ ਹੈ ਕਿ "ਫੇਰ ਭੁਖ ਮਿਟਾਉਣ ਵਾਸ੍ਤੇ ਸ਼ਿਕਾਰ ਕਰ । ਅਪਨੀ ਖੁਸ਼ੀ ਵਾਸ੍ਤੇ ਨਹੀਂ ॥"

ਇਹ ਸਭ ਤੁਹਾਨੂੰ ਵਿਖਾਇਗਾ ਕਿ ਮੁਗਲੀ ਨੂੰ ਕਿਨ੍ਹਾ ਕੁਝ ਮੂੰਹ ਜਬਾਨੀ ਸਿਖਣਾ ਪਿਆ। ਅਤੇ ਓਹ ਇਕ ਹੀ ਚੀਜ ਨੂੰ ਸੌ ਵਾਰੀ ਬੋਲ ਕੇ ਥੱਕ ਗਿਆ ਸੀ ॥ ਪਰ। ਜਿਵੇਂ ਭਾੱਲੂ ਨੇ ਬਘੀਰੇ ਨੂੰ ਕਿਹਾ ਸੀ। ਜਿਸ ਦਿਨ ਮੁਗਲੀ ਨੂੰ ਕੜੀਆਂ ਪਾਕੇ ਰੱਖਿਆ ਸੀ ਤੇ ਓਹ ਗੁੱਸੇ'ਚ ਆ ਕੇ ਨ੍ਹੱਸ ਗਿਆ ਸੀ ਕਿ। "ਇਕ ਆਦਮੀ ਦਾ ਬਲੂੰਗੜਾ ਆਦਮੀ ਦਾ ਹੀ ਬਲੂੰਗੜਾ ਹੁੰਦਾ ਹੈ। ਅਤੇ ਉਸ ਨੂੰ ਪੂਰਾ ਜੰਗਲ ਦਾ ਕਨੂੰਨ ਸਿਖਣਾ ਚਾਹਿਦਾ ਹੈ ॥"

"ਮਗਰ ਜਰਾ ਸੋਚੋ ਕਿ ਓਹ ਕਿਨ੍ਹਾ ਛੋਟ੍ਹਾ ਹੈ।" ਕਾਲੇ ਤੇਂਦੁਏ ਨੇ ਕਿਹਾ। ਜਿਹ ਉਧਾ ਵੱਸ ਚਲਦਾ ਤੇ ਓਨ੍ਹੇ ਮੁਗਲੀ ਨੂੰ ਵਿਗਾੜ ਦੇਨਾ ਸੀ ॥ "ਇ੍ਹਧਾ ਛੋਟ੍ਹਾ ਜਿਹਾ ਸਿਰ ਕਿਸ ਤਰ੍ਹਾਂ ਤੇਰੀਆਂ ਇਨ੍ਹੀਆਂ ਵੱਢੀਆਂ ਵੱਢੀਆਂ ਗੱਲਾਂ ਬਰਦਾਸ਼੍ਹ ਕਰ ਸਕਦਾ ਹੈ ?"

"ਕਿ ਜੰਗਲ'ਚ ਕੋਈ ਐਸੀ ਨਿੱਕੀ'ਤੋ ਨਿੱਕੀ ਚੀਜ ਮਾਰਨ ਜੋਗ ਹੈ ? ਨਹੀਂ ॥ ਇਸ ਲਈ ਮੈਂ ਇਨ੍ਹੂ ਇਹ ਚੀਜਾਂ ਸਿਖਾ ਰਿਹਾ ਹਾਂ। ਅਤੇ ਇਸ ਲਈ ਮੈਂ ਇਨ੍ਹੂ ਕੁਟਾਪਾ ਚਾੜ੍ਹਦਾ ਹਾਂ। ਬਹੁਤ ਪੋੱਲੇ ਜਿਹੇ। ਜਦੋਂ ਇਹ ਭੁੱਲ ਜਾਉਂਦਾ ਹੈ ॥"

"ਪੋੱਲੇ ਜਿਹੇ ! ਤੈਨੂੰ ਕੀ ਪਤਾ ਨਰਮੀ ਦਾ ਲੋਹੇ ਦੇ ਪੈਰਾਂ ਵਾਲੇ ਬੁੱਢੜਿਆ ?" ਬਘੀਰਾ ਅੜ੍ਹੁੱਕਿਆ ॥ "ਇ੍ਹਧਾ ਮੂੰਹ ਅੱਜ ਤੇਰੀ ਨਰਮੀ ਸਦਕਾ ਬੁਰੀ ਤਰ੍ਹਾਂ ਝਰੀਟਾਂ ਨਾਲ ਭਰਿਆ ਹੋਇਆ ਹੈ - ਨਰਮੀ ॥ ਹਾਂ ॥"

"ਚੰਗਾ ਹੈ ਕਿ ਮੈਂ ਇਨ੍ਹੂ ਸਿਰ ਤੋਂ ਲੈਕੇ ਪੈਰਾਂ ਤਾਂਈ ਝਰੀਟਾਂ ਨਾਲ ਭਰ ਦਿਆਂ ਜੋ ਇਨ੍ਹੂ ਪਿਆਰ ਕਰਦਾ ਹੈ ਬਜਾਏ ਇ੍ਹਧੇ ਕਿ ਇਸ ਨੂੰ ਅਪਨੀ ਅਗਿਆਨਤਾ ਕਰਕੇ ਕਿਸੇ ਮੁਸੀਬਤ ਦਾ ਮੂੰਹ ਵੇਖਨਾ ਪਏ।" ਭਾੱਲੂ ਨੇ ਬੜੀ ਸਮਝਦਾਰੀ ਨਾਲ ਜਵਾਬ ਦਿਤ੍ਹਾ ॥ "ਮੈਂ ਇਨ੍ਹੂ ਹੁੰਣ ਜੰਗਲ ਦੇ ਚੋਣਵੇ ਸ਼ਬਦ ਸਿਖਾ ਰਿਹਾ ਹਾਂ ਜਿਹੜ੍ਹੇ ਇ੍ਹਧੀ ਰੱਖਿਆ ਕਰਨਗੇ। ਪਰਿੰਦਿਆਂ ਅਤੇ ਸੱਪ ਲੋਕਾਂ'ਤੋਂ ਅਤੇ ਓਨ੍ਹਾ ਸਾਰੇ ਜੀਆਂ ਜੰਤੁਆਂ'ਤੋਂ ਜਿਹੜ੍ਹੇ ਚਾਰ ਪੈਰਾਂ'ਤੇ ਸ਼ਿਕਾਰ ਕਰਦੇ ਨੇ। ਇ੍ਹਧੇ ਅਪਨੇ ਦਲ'ਤੋਂ ਸਿਵਾ ॥ ਇਹ ਹੁਣ ਅਪਨੀ ਸੁਰੱਖਿਆ ਦਾ ਦਾਵਾ ਕਰ ਸਕਦਾ ਹੈ। ਬਸ਼ਰਤੇ ਕਿ ਇਨ੍ਹੂ ਇਹ ਚੋਣਵੇਂ ਸ਼ਬਦ ਸਭ ਦੇ ਸਾਹਮਨੇ ਜੰਗਲ'ਚ ਯਾਦ ਰਹਿਣ ॥ ਕੀ ਇਹ ਗੱਲ ਥੋੜ੍ਹੀ ਜਿਹੀ ਪਿਟਾਈ ਦੇ ਕਾਬਿਲ ਨਹੀਂ ਹੈ ?"

"ਚੰਗਾ ਹੈ। ਵੇਖੀਂ ਕਿਤੇ ਆਦਮੀ ਦੇ ਬਲੂੰਗੜੇ ਨੂੰ ਮਾਰ ਹੀ ਨਾਂ ਛੱਡੀਂ ॥ ਇਹ ਕੋਈ ਦ੍ਹਖੁ ਦਾ ਤਨਾ ਨਹੀਂ ਹੈ ਜਿਧੇ ਉਤ੍ਹੇ ਤੂੰ ਅਪਨੇ ਖੂੰਡੇ ਪੰਜੇ ਤੇਜ ਕਰੇਂ ॥ ਪਰ ਓਹ ਚੋਣਵੇਂ ਸ਼ਬਦ ਕੇੜ੍ਹੇ ਨੇ ? ਮੈਂ ਮਦਦ ਮੰਗਣ ਤੋਂ ਜਿਆਦਾ ਮਦਦ ਕਰਨਾ ਪਸੰਦ ਕਰਾਂਗਾਂ" ਬਘੀਰੇ ਨੇ ਇਕ ਪੰਜਾ ਅਗ੍ਹੇ ਕਰਕੇ ਅੰਗੜਾਈ ਲਈ ਅਤੇ ਗੂੜ੍ਹੇ ਨੀਲੇ ਰੰਗ ਦੇ। ਛੈਨੀ ਵਾਂਗ ਪਾੜੂ ਨੋਹਾਂ ਨੂੰ ਨਿਹਾਰਿਆ "ਮੈਂ ਹਜੇ ਭੀ ਜਾਣਨਾਂ ਚਾਹੁੰਦਾ ਹਾਂ ॥"

"ਮੈਂ ਮੁਗਲੀ ਨੂੰ ਬੁਲਾਉਂਦਾ ਹਾਂ ਅਤੇ ਓਹ ਦੱਸੇਗਾ - ਜਿਹ ਓਹ ਦੱਸਨਾ ਚਾਹੇਗਾ ॥ ਆ। ਛੋਟ੍ਹੇ ਭਰਾ !"

"ਮੇਰਾ ਸਿਰ ਸ਼ਹਿਦ ਦੀ ਮੱਖੀਆਂ ਦੇ ਦ੍ਹਖੁ ਵਾਂਗ ਭਿਨਭਿਨਾਂ ਰਿਹਾ ਹੈ।" ਇਕ ਛੋਟ੍ਹੀ ਜਿਹੀ ਖਿਜੀ ਹੋਈ ਅਵਾਜ ਨੇ ਓਨ੍ਹਾਂ ਦੇ ਸਿਰ ਉੱਪਰ ਕਿਹਾ। ਅਤੇ ਮੁਗਲੀ ਇਕ ਦ੍ਹਖੁ ਦੇ ਤਨੇ'ਤੋਂ ਹੇਠਾਂ ਸਿਰਕਦਾ ਹੋਇਆ ਬੜੇ ਗੁੱਸੇ'ਚ ਬੋੱਲਿਆ। "ਮੈਂ ਬਘੀਰੇ ਕਰਕੇ ਅਇਆ

ਹਾਂ ਤੇਰੇ ਵਾਸ੍ਤੇ ਨਹੀਂ। ਬੁੱਡੜੇ ਮ੍ਹੋਟੂ ਭਾੱਲੂ !"
"ਇਹ ਮੇਰੇ ਲਈ ਕੋਈ ਨਵੀਂ ਗੱਲ ਨਹੀ ਹੈ।" ਭਾੱਲੂ ਬੋੱਲਿਆ ਪਰ ਅੰਦਰੋਂ ਓਹ ਬੜਾ ਦੁਖੀ ਸੀ'ਤੇ ਓਨ੍ਹ ਬੜੀ ਸਟ੍ਹ ਵੱਜੀ ਸੀ ॥
"ਚਲ ਫੇਰ। ਬਘੀਰੇ ਨੂੰ ਜੰਗਲ ਦੇ ਚੋਣਵੇਂ ਸ਼ਬਦ ਸੁਣਾ। ਜਿੜ੍ਹੇ ਮੈਂ ਤੈਨੂੰ ਅੱਜ ਸਿਖਾਏ ਨੇ ॥"

"ਕੇੜ੍ਹੇ ਲੋਕਾਂ ਦੇ ਚੋਣਵੇਂ ਸ਼ਬਦ ?" ਫੜੀ ਮਾਰਦਾ ਹੋਇਆ। ਮੁਗਲੀ ਬੋੱਲਿਆ ॥ "ਜੰਗਲ ਦੀਆਂ ਬਹੁਤ ਸਾਰੀਆਂ ਜਬਾਨਾ ਨੇ ॥ ਅਤੇ ਮੈਨੂੰ ਸਾਰੀਆਂ ਆਓਂਦੀਆਂ ਨੇ ॥"

"ਤੈਨੂੰ ਥੋੜਾ'ਕੁ ਆਓਂਦਾ। ਹੈ ਬਹੁਤਾ ਨਹੀਂ ॥ ਵੇਖ। ਓਹ ਬਘੀਰੇ। ਓਹ ਅਪਨੇ ਉਸਤਾਦ ਦੇ ਕਦੇ ਭੀ ਸ਼ੁਕਰਗੁਜਾਰ ਨਹੀਂ ਹੁੰਦੇ ॥ ਕਦੇ ਭੀ ਇਕ ਨਿੱਕਾ ਜਿਹਾ ਬਘਿਆੜ ਭਾੱਲੂ ਨੂੰ ਉਹ੍ਧੇ ਸਿਖਾਉਣ ਖਾਤਿਰ ਧਨਵਾਦ ਕਹਿਣ ਵਾਸ੍ਤੇ ਨਹੀਂ ਮੁੜਿਆ ॥ ਤਾਂ ਫੇਰ ਸ਼ਿਕਾਰੀ - ਲੋਕਾਂ ਦਾ ਸ਼ਬਦ ਬੋਲ ਵੱਢੇ ਵਿਦਵਾਨਾ ॥"

"ਸਾਢੀਆਂ ਰਗਾਂ'ਚ ਇਕ ਹੀ ਲਹੂ ਹੈ। ਤੇਰੀਆਂ'ਤੇ ਮੇਰੀਆਂ।" ਮੁਗਲੀ ਬੋੱਲਿਆ। ਭਾੱਲੂ ਦੀ ਜਬਾਨ'ਚ ਓਹ ਸ਼ਬਦ ਬੋਲਦਿਆਂ ਹੋਏ ਜਿੜ੍ਹੇ ਸਾਰੇ ਸ਼ਿਕਾਰੀ ਲੋਗ ਇਸ੍ਤੇਮਾਲ ਕਰਦੇ ਨੇ ॥

"ਬਹੁਤ ਚੰਗਾ ॥ ਹੁਣ ਪਰਿੰਦਿਆਂ ਦੇ ॥"

ਮੁਗਲੀ ਨੇ ਮੁੜ ਬੋੱਲਿਆ। ਅਤੇ ਵਾਕ ਦੇ ਅਖੀਰ'ਚ ਇੱਲ੍ਹ ਦੀ ਸੀਟੀ ਮਾਰੀ ॥

"ਹੁਣ ਸੱਪ - ਲੋਕਾਂ ਦੇ।" ਬਘੀਰਾ ਬੋੱਲਿਆ ॥

ਜਵਾਬ ਸੀ ਇਕ ਫੁਫਕਾਰ ਜਿਸ ਨੂੰ ਬਿਆਨ ਨਹੀਂ ਕੀਤ੍ਹਾ ਜਾ ਸਕਦਾ। ਅਤੇ ਮੁਗਲੀ ਨੇ ਅਪਨੇ ਪੈਰ ਪਿਛਾਂ ਨੂੰ ਮਾਰੇ। 'ਤੇ ਅਪਨੇ ਆਪ ਨੂੰ ਸ਼ਾਬਾਸ਼ੀ ਦੇਣ ਵਾਸ੍ਤੇ ਤਾੜੀ ਮਾਰੀ। ਅਤੇ ਬਘੀਰੇ ਦੀ ਪਿਠ'ਤੇ ਚੜ੍ਹ ਗਿਆ। ਜਿੱਥੇ ਓਹ ਇਕ ਪਾਸੇ ਜਾ ਕੇ ਬੈਠ ਗਿਆ। 'ਤੇ ਚਿਕਨੀ ਖੱਲ'ਤੇ ਅਪਨੀਆਂ ਅੱਡੀਆਂ ਨਾਲ ਢੋਲ ਵਜਾਉਣ ਲਗ ਪਿਆ ਅਤੇ ਭਾੱਲੂ ਨੂੰ ਭੈੜੇ'ਤੋਂ ਭੈੜਾ ਮੂੰਹ ਬਨਾ ਕੇ ਚਿੜਾਉਣ ਲਗ ਪਿਆ ॥

"ਓਥੇ - ਓਥੇ ! ਇਹ ਇਕ ਛੋਟ੍ਹੀ ਜਿਹੀ ਝਰੀਟ ਦੇ ਕਾਬਿਲ ਸੀ।" ਭੂਰੇ ਰਿੱਛ ਨੇ ਪਿਆਰ ਦੇ ਨਾਲ ਬੋੱਲਿਆ ॥ "ਕਿਸੇ ਦਿਨ ਤੂੰ ਮੈਨੂੰ ਯਾਦ ਕਰੇਂਗਾ ॥" ਫੇਰ ਓਹ ਇਕ ਪਾਸੇ ਹੋ ਗਿਆ ਬਘੀਰੇ ਨੂੰ ਦੱਸਨ ਵਾਸ੍ਤੇ ਕਿ ਓਨ੍ਹੇ ਕਿੰਞ ਹਾਥੀ ਅਗ੍ਹੇ ਮਿੰਨਤਾਂ ਕੀਤੀਆਂ ਸੀ ਚੋਣਵੇਂ ਸ਼ਬਦਾਂ ਵਾਸ੍ਤੇ। ਜਿਸ ਨੂੰ ਇਨ੍ਹਾ ਬਾਰੇ ਸਭ ਕੁਝ ਪਤਾ ਹੈ। ਅਤੇ ਕਿਵੇਂ ਹਾਥੀ ਮੁਗਲੀ ਨੂੰ ਤਲਾਈ ਕੰਡੇ ਲੈਕੇ ਗਿਆ ਸੀ ਤਾਕਿ ਸੱਪਾਂ ਦੇ ਚੋਣਵੇਂ ਸ਼ਬਦ ਪਾਣੀ ਦੇ ਸੱਪ'ਤੋਂ ਪ੍ਰਾਪਤ ਕਰ ਸਕੇ ਕਿਓਂਕਿ ਭਾੱਲੂ ਨੂੰ ਓਹ ਬੋਲਨੇ ਨਹੀਂ ਸੀ ਆਓਂਦੇ। ਅਤੇ ਹੁਣ ਕਿਵੇਂ ਮੁਗਲੀ ਜੰਗਲ ਦੇ ਹਾਦਸਿਆਂ'ਤੋਂ ਸੁਰਖਿਇਤ ਹੈ। ਕਿਓਂਕਿ ਨਾਂ ਹੀ ਸੱਪ। ਪਰਿੰਦੇ। ਅਤੇ ਨਾਂ ਹੀ ਵ੍ਹਸ਼ੀ ਇਨ੍ਹ ਨੁਕਸਾਨ

ਪਹੁੰਚਾਉਣਗੇ ॥
"ਫੇਰ ਕਿਸੇ ਤੋਂ ਭੀ ਡਰਨ ਦੀ ਲੋੜ ਨਹੀਂ ਹੈ ।" ਭਾੱਲੂ ਨੇ ਅਪਨੀ ਗੱਲ । ਅਪਨੀ ਮੋ੍ਟ੍ਰੀ ਜੱਤ ਭਰੇ ਢਿੱਡ'ਤੇ ਫਖਰ ਨਾਲ ਹੱਥ ਫੇਰਦੇ ਹੋਏ ਸਮਾਪਤ ਕੀਤ੍ਰੀ ॥

"ਸਿਰਫ ਇਕ ਅਪਨੇ ਕਬੀਲੇ'ਤੋਂ ਸਿਵਾ ।" ਬਘੀਰੇ ਨੇ ਕਿਹਾ । ਪਹਿਲਾਂ ਅਪਨੇ ਮੂੰਹ'ਚ ਫੇਰ ਜੋਰ ਦੇ ਨਾਲ ਮੁਗਲੀ ਨੂੰ । "ਮੇਰੀਆਂ ਹੱਡੀਆਂ ਦੀ ਖੈਰ ਕਰ ਛੋਟ੍ਰੇ ਭਰਾ ! ਇਹ ਕੀ ਤੂੰ ਉਪੱਰ ਹੇਠਾਂ ਨਚ੍ਹੀ ਜਾਨ ਡਿਹਾਂ ਹੈਂ?"

ਮੁਗਲੀ ਬਘੀਰੇ ਦੇ ਮੋਢੇ ਦੀ ਜੱਤ ਨੂੰ ਖਿਚ੍ਹ ਕੇ ਅਤੇ ਜੋਰ ਜੋਰ ਦੀ ਲਤ੍ਤਾਂ ਮਾਰ ਕੇ ਅਪਨੇ ਆਪ ਨੂੰ ਸੁਣਵਾਉਨ ਦੀ ਕੋਸ਼ਿਸ਼ ਕਰ ਰਿਹਾ ਸੀ ॥ ਜਦੋਂ ਦੋਨ੍ਹਾਂ ਨੇ ਉਸ ਨੂੰ ਸੁਣਿਆ ਓਹ ਜਿਨ੍ਹੀ ਉਚ੍ਹੀ ਅਵਾਜ'ਚ ਬੋਲ ਸਕਦਾ ਸੀ । ਬੋਲ ਰਿਹਾ ਸੀ ॥ ਅਤੇ ਹੁਣ ਮੈਨੂੰ ਅਪਨਾ ਕਬੀਲਾ ਬਣਾਉਨਾ ਪਏਗਾ । 'ਤੇ ਓਨ੍ਹਾਂ ਦੀ ਅਗਵਾਈ ਟ੍ਹਾਣੀਆਂ'ਚ ਪੂਰੇ ਦਿਨ ਕਰਨੀ ਪਏਗੀ ॥"

"ਇਹ ਕੀ ਨਵੀਂ ਨਦਾਨੀ ਹੈ । ਸੁਪਨੇ ਵੇਖਣ ਵਾਲੇ ਛੋਟ੍ਹੂ?" ਬਘੀਰਾ ਬੋੱਲਿਆ ॥

"ਹਾਂ । ਅਤੇ ਟ੍ਹਾਣੀਆਂ ਤੇ ਮਿਟ੍ਰੀ ਭਾੱਲੂ'ਤੇ ਸੁਟ੍ਰੋ । " ਮੁਗਲੀ ਬੋਲਦਾ ਰਿਹਾ ॥ "ਓਨ੍ਹਾਂ ਨੇ ਮੇਰੇ ਨਾਲ ਇਹ ਵਾਇਦਾ ਕੀਤ੍ਰਾ ਹੈ ॥ ਆਹ !"

"ਠਾ !" ਭਾੱਲੂ ਦੇ ਵੱਢੇ ਪੰਜੇ ਨੇ ਮੁਗਲੀ ਨੂੰ ਬਘੀਰੇ ਦੀ ਪਿੱਠ'ਤੋਂ ਠਾਂਹ ਮਾਰਿਆ । ਅਤੇ ਜਦੋਂ ਮੁੰਡਾ ਅੱਗਲੀਆਂ ਲਤ੍ਤਾਂ'ਚ ਪਇਆ ਹੋਇਆ ਸੀ ਓਹ ਵੇਖ ਸਕਦਾ ਸੀ ਕਿ ਰਿਛ ਗੁੱਸੇ'ਚ ਸੀ ॥

"ਮੁਗਲੀ" ਭਾੱਲੂ ਬੋੱਲਿਆ । "ਤੂੰ ਬਾਂਦਰ ਲੋਕਾਂ ਨਾਲ ਗਲ - ਬਾਤ ਕਰ ਰਿਹਾਂ ਹੈਂ ॥"

ਮੁਗਲੀ ਨੇ ਬਘੀਰੇ ਵਲ ਝਾਤ੍ਰੀ ਮਾਰੀ ਇਹ ਵੇਖਣ ਵਾਸ੍ਤੇ ਕਿ ਕਿਤੇ ਤੇਂਦੁਆ ਭੀ ਗੁੱਸੇ ਤਾਂ ਨਹੀਂ ਸੀ । ਅਤੇ ਬਘੀਰੇ ਦੀਆਂ ਅੱਖਾਂ ਬੜੀਆਂ ਪਥਰਾਈਆਂ ਹੋਈਆਂ ਸੀ ॥

"ਤੂੰ ਬਾਂਦਰ ਲੋਕਾਂ ਨਾਲ ਸੀ - ਸਲੇਟੀ ਬਾਂਦਰ - ਓਹ ਲੋਕੀ ਜਿਨ੍ਹਾਂ ਦਾ ਕੋਈ ਕਨੂੰਨ ਨਹੀਂ ਹੈ - ਸਭ ਕੁਝ ਖਾਣ ਵਾਲੇ ॥ ਇਹ ਬੜੇ ਸ਼ਰਮ ਦੀ ਗੱਲ ਹੈ ॥"

"ਜਦੋਂ ਭਾੱਲੂ ਨੇ ਮੇਰੇ ਸਿਰ ਭਨ੍ਹਿਆ ਸੀ ।" ਮੁਗਲੀ ਬੋੱਲਿਆ(ਹਾਲੇ ਭੀ ਓਹ ਉਧੀ ਪਿਠ'ਤੇ ਬੈਠਾ ਸੀ) । "ਮੈ ਦੂਰ ਚਲਾ ਗਿਆ । 'ਤੇ ਸਲੇਟੀ ਬਾਂਦਰਾਂ ਨੇ ਦ੍ਰਖ੍ਤਾਂ'ਤੋਂ ਹੇਠਾਂ ਆ ਕੇ ਮੇਰੇ'ਤੇ ਤਰਸ ਖਾਧਾ ॥ ਹੋਰ ਕਿਸੇ ਨੂੰ ਮੇਰੀ ਕੋਈ ਪਰਵਾਹ ਨਹੀਂ ਸੀ ॥" ਓਨ੍ਹੇ ਅਪਨਾ ਜਰਾ'ਕ ਨੱਕ ਸੁੜਕਾਇਆ ॥

"ਬਾਂਦਰ ਲੋਕਾਂ ਦੀ ਹਮਦਰ੍ਹੀ !" ਭਾੱਲੂ ਨੇ ਨੱਕ ਫੜਫੜਾਇਆ "ਪ੍ਰਾੜੀ ਚੋਈ ਦੀ ਚੁੱਪੀ ! ਗਰਮੀਆਂ ਦੇ ਸੂਰਜ ਦੀ ਠੰਡ ! ਅਤੇ ਫੇਰ । ਆਦਮੀ ਦਾ ਬਲੂੰਗੜਾ ?"

"ਅਤੇ ਫੇਰ । ਅਤੇ ਫੇਰ । ਉਨ੍ਹਾਂ ਨੇ ਮੈਨੂੰ ਮੇਵੇ'ਤੇ ਚੰਗੀਆਂ ਚੀਜਾਂ ਖਾਣ ਵਾਸ੍ਤੇ ਦਿਤ੍ਤੀਆਂ । ਅਤੇ ਓਹ - ਓਹ ਮੈਨੂੰ ਅਪਨੇ ਹਥੀਂ ਚੁੱਕ ਕੇ ਦ੍ਰਖ੍ਤਾਂ ਦੇ ਉੱਪਰ ਲੈ ਗਏ ਅਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਮੇਰੀਆਂ ਰਗਾਂ'ਚ ਭੀ ਉਨ੍ਹਾਂ ਦਾ ਹੀ ਖੂਨ ਹੈ ਪਰ ਮੇਰੀ ਸਿਰਫ ਪੂਛ ਨਹੀਂ ਹੈ । ਅਤੇ ਇਕ ਦਿਨ ਮੈਨੂੰ ਉਨ੍ਹਾਂ ਦਾ ਸਰਦਾਰ ਹੋਣਾ ਚਾਹਿਦਾ ਹੈ ॥"

"ਉਨ੍ਹਾਂ ਦਾ ਕੋਈ ਸਰਦਾਰ ਨਹੀਂ ਹੈ ।" ਬਘੀਰੇ ਨੇ ਕਿਹਾ ॥ "ਓਹ ਝੂਠ ਬੋਲਦੇ ਹਣ ॥ ਉਨ੍ਹਾਂ ਨੇ ਹਮੇਸ਼ਾਂ ਹੀ ਝੂਠ ਬੋੱਲਿਆ ਹੈ ॥"

"ਓਹ ਬੜੇ ਰਹਿਮਦਿਲ ਸੀ ਅਤੇ ਮੈਨੂੰ ਦੁਬਾਰਾ ਆਓਣ ਦਾ ਸਦ੍ਦਾ ਦਿਤ੍ਤਾ॥ ਮੈਨੂੰ ਕਦੇ ਬਾਂਦਰ ਲੋਕਾਂ'ਚ ਕਿਓਂ ਨਹੀਂ ਲੈਕੇ ਗਏ ? ਓਹ ਅਪਨੇ ਪੈਰਾਂ'ਤੇ ਖੜੇ ਹੋ ਸਕਦੇ ਨੇ ਜਿਵੇਂ ਮੈਂ ਹੋ ਸਕਦਾ ਹਾਂ ॥ ਓਹ ਅਪਨੇ ਸਖ੍ਤ ਪੰਜਿਆਂ ਨਾਲ ਮੈਨੂੰ ਮਾਰਦੇ ਨਹੀਂ ਹਣ ॥ ਓਹ ਸਾਰੇ ਦਿਨ ਖੇਡਦੇ ਨੇ ॥ ਮੈਨੂੰ ਖੜੇ ਹੋਣ ਦੇ ! ਭੈੜੇ ਭਾੱਲੂ । ਮੈਨੂੰ ਉੱਪਰ ਚੁੱਕ ! ਮੈਂ ਉਨ੍ਹਾਂ ਨਾਲ ਫੇਰ ਖੇਡਾਂਗਾ ॥"

"ਸੁਣ । ਆਦਮੀ ਦੇ ਬਲੂੰਗੜੇ ।" ਭਾੱਲੂ ਨੇ ਕਿਹਾ । ਅਤੇ ਓੁਧੀ ਅਵਾਜ ਇੰਝ ਗਰਜੀ ਜਿਵੇਂ ਇਕ ਗਰਮ ਰਾਤ ਦੀ ਬਿਜਲੀ ਦੀ ਗਰਜ ॥ "ਮੈਂ ਤੈਨੂੰ ਪੂਰਾ ਜੰਗਲ ਦਾ ਕਨੂੰਨ ਜੰਗਲ ਦੇ ਹਰ ਤਰ੍ਹਾਂ ਦੇ ਲੋਕਾਂ ਦਾ ਸਿਖਾਇਆ ਹੈ - ਸਿਰਫ ਇਕ ਬਾਂਦਰ ਲੋਕਾਂ ਨੂੰ ਛੱਡ ਕੇ ਜਿਡ੍ਹੇ ਦ੍ਰਖ੍ਤਾਂ'ਤੇ ਰਹਿੰਦੇ ਨੇ ॥ ਉਨ੍ਹਾਂ ਦਾ ਕੋਈ ਕਨੂੰਨ ਨਹੀਂ ਹੈ ॥ ਉਨ੍ਹਾਂ ਨੂੰ ਜੰਗਲ ਦੀ ਬਿਰਾਦਰੀ'ਚੋਂ ਛੇਕਿਆ ਹੋਇਆ ਹੈ ॥ ਉਨ੍ਹਾਂ ਦੀ ਅਪਨੀ ਕੋਈ ਬੋੱਲੀ ਨਹੀਂ ਹੈ। ਮਗਰ ਓਹ ਚੋਰੀ ਕਰ ਕੇ ਜੋ ਭੀ ਓਹ ਸੁਣਦੇ ਨੇ ਓਹੀ ਸ਼ਬਦ ਇਸ੍ਤਮਾਲ ਕਰਦੇ ਨੇ । ਬੁਰੀ ਨਜਰ ਨਾਲ ਝਾਤੀਆਂ ਮਾਰਦੇ ਨੇ । ਅਤੇ ਉੱਪਰ ਟ੍ਹਾਣੀਆਂ'ਚ ਇੰਤਜਾਰ ਕਰਦੇ ਨੇ ॥ ਉਨ੍ਹਾਂ ਦੇ ਤੌਰ ਤਰੀਕੇ ਸਾੱਢੇ ਤੌਰ ਤਰੀਕੇ ਨਹੀਂ ਹਣ ॥ ਓਹ ਬਿਨਾਂ ਸਰਦਾਰਾਂ ਦੇ ਹਣ ॥ ਉਨ੍ਹਾਂ ਦੀ ਕੋਈ ਯਾਦਗਾਰ ਨਹੀਂ ਹੈ ॥ ਓਹ ਫੜਾਂ ਮਾਰਦੇ ਨੇ ਤੇ ਚਟਰ ਪਟਰ ਕਰਦੇ ਨੇ ਅਤੇ ਇੰਜ ਜਤਾਉਂਦੇ ਨੇ ਜਿਵੇਂ ਕਿ ਓਹ ਬੜੇ ਮਹਾਨ ਲੋਕ ਜੰਗਲ'ਚ ਬੜੇ ਵੱਢੇ ਕੱਮ ਕਰਨ ਜਾ ਰਹੇ ਹੋਣ । ਪਰ ਇਕ ਡਿਗਦਾ ਹੋਇਆ ਮੇਵਾ ਉਨ੍ਹਾਂ ਦਾ ਦਿਮਾਗ ਹਾੱਸੇ ਵੱਲ ਲਗਾ ਦੇਂਦਾ ਹੈ ਅਤੇ ਓਹ ਸਭ ਕੁਝ ਭੁਲ ਜਾਉਂਦੇ ਨੇ ॥ ਅਸੀਂ ਜੰਗਲ ਵਾਲਿਆਂ ਦਾ ਉਨ੍ਹਾਂ ਦੇ ਨਾਲ ਕੋਈ ਸਰੋਕਾਰ ਨਹੀਂ ਹੈ ॥ ਅਸੀਂ ਓਥੇ ਪਾਣੀ ਨਹੀਂ ਪੀਂਦੇ ਜਿੱਥੇ ਬਾਂਦਰ ਪਾਣੀ ਪੀਂਦੇ ਨੇ । ਅਸੀਂ ਓਥੇ ਨਹੀਂ ਜਾਉਂਦੇ ਜਿੱਥੇ ਬਾਂਦਰ ਜਾਉਂਦੇ ਨੇ । ਅਸੀਂ ਓਥੇ ਸ਼ਿਕਾਰ ਨਹੀਂ ਕਰਦੇ ਜਿੱਥੇ ਬਾਂਦਰ ਸ਼ਿਕਾਰ ਕਰਦੇ ਨੇ । ਅਸੀਂ ਓਥੇ ਨਹੀਂ ਮਰਦੇ ਜਿੱਥੇ ਬਾਂਦਰ ਮਰਦੇ ਨੇ ॥ ਕੀ ਅੱਜ ਤੋਂ ਪਹਿਲਾਂ ਤੂੰ ਮੈਨੂੰ ਬਾਂਦਰ ਲੋਕਾਂ ਬਾਰੇ ਗੱਲ ਕਰਦੇ ਹੋਏ ਸੁਣਿਆ ਹੈ ?"

"ਨਹੀਂ ।" ਮੁਗਲੀ ਨੇ ਫੁਸਫੁਸਾਉਂਦੇ ਹੋਏ ਬੋੱਲਿਆ । ਕਿਓਂਕਿ ਜੰਗਲ ਹੁਣ ਸ਼ਾਂਤ ਹੋ ਚੁੱਕਿਆ ਸੀ ਕਿਓਂਕਿ ਭਾੱਲੂ ਬੋਲ ਹਟਿਆ ਸੀ ॥

"ਜੰਗਲ ਦੇ ਲੋਕਾਂ ਨੇ ਉਨ੍ਹਾਂ ਨੂੰ ਅਪਨੀ ਜਬਾਨ ਅਤੇ ਅਪਨੇ ਦਿਮਾਗੋਂ ਕੱਢ ਦਿਤ੍ਤਾ ਹੈ ॥ ਓਹ ਬਹੁਤ ਦੁਸ੍ਟ । ਗੰਦੇ । ਬੇਸ਼ਰਮ ਨੇ । ਅਤੇ ਓਹ ਚਾਹ੍ਵਾਨ ਨੇ । ਜੇਕਰ ਕਦੇ ਓਹ ਕਿਸੇ ਇਕ ਚੀਜ ਦੇ ਚਾਹ੍ਵਾਨ ਹੋਣ । ਕਿ ਜੰਗਲ ਦੇ ਲੋਗ ਉਨ੍ਹਾਂ ਵੱਲ ਧਿਆਨ ਦੇਣ ॥

ਅਸੀਂ ਓਨ੍ਹਾਂ ਵੱਲ ਧਿਆਨ ਨਹੀਂ ਦੇਂਦੇ ਓਦੋਂ ਭੀ ਜਦੋਂ ਓਹ ਸਾੱਢੇ ਸਿਰਾਂ'ਚ ਮੇਵੇ ਅਤੇ ਗੰਦ ਸਿਟ੍ਦੇ ਨੇ ॥"
ਹਜੇ ਓਹ ਮਾੜਾ ਜਿਹਾ ਹੀ ਬੋੱਲਿਆ ਸੀ ਕਿ ਦ੍ਰਖ਼ਾਂ'ਚੋਂ ਮੇਵਿਆਂ ਅਤੇ ਛੋਟ੍ਰੀਆਂ ਟ੍ਹਾਣੀਆਂ ਦੀ ਵਾਛੜ ਸ਼ੁਰੂ ਹੋ ਗਈ । ਅਤੇ ਓਹ ਕਮਜੋਰ ਟ੍ਹਾਣੀਆਂ'ਚ ਖੰਗੱਨ ਚੀਕਣ ਅਤੇ ਟਪੂਸੀਆਂ ਮਾਰਣ ਦੀਆਂ ਅਵਾਜਾਂ ਸੁਣ ਸਕਦੇ ਸੀ ॥

"ਬਾਂਦਰ ਲੋਕ ਵਰਜਤ ਹਣ ।" ਭਾੱਲੂ ਨੇ ਕਿਹਾ । "ਜੰਗਲ ਦੇ ਲੋਕਾਂ ਨੂੰ ਵਰਜਤ ਹਣ ॥ ਯਾਦ ਰਖੀਂ ॥"

"ਵਰਜਤ ।" ਬਘੀਰੇ ਨੇ ਕਿਹਾ ॥ "ਪਰ ਮੈਨੂੰ ਹਜੇ ਭੀ ਲਗਦਾ ਹੈ ਕਿ ਭਾੱਲੂ ਨੂੰ ਇਨ੍ਹਾਂ ਖਿਲਾਫ ਖਬਰਦਾਰ ਕਰਨਾ ਚਾਹਿਦਾ ਸੀ ॥"

"ਮੈਂ - ਮੈਂ? ਮੈਨੂੰ ਕਿੰਵੇਂ ਪਤਾ ਲਗਦਾ ਕਿ ਇਹ ਮਿਟ੍ਰੀ ਪੈਣ ਜੋਗ੍ਰਿਆਂ ਨਾਲ ਖੇਡੂਗਾ ॥ ਬਾਂਦਰ ਲੋਕਾਂ ਨਾਲ ! ਹਾਂ !"

ਇਕ ਤਾਜੀ ਵਾੱਛੜ ਓਨ੍ਹਾਂ ਦੇ ਸਿਰ ਉਤ੍ਰੇ ਪਈ ਅਤੇ ਓਹ ਦੋਵੇਂ ਪਾਸੇ ਹੋ ਗਏ । ਅਤੇ ਮੁਗਲੀ ਨੂੰ ਭੀ ਨਾਲ ਕਰ ਲਿਆ ॥ ਭਾੱਲੂ ਨੇ ਜੋ ਬਾਂਦਰਾਂ ਬਾਰੇ ਕਿਹਾ ਸੀ ਓਹ ਬਿਲਕੁਲ ਸਚ੍ਚ ਹੈ ॥ ਓਨ੍ਹਾਂ ਦੀ ਜਗ੍ਹਾ ਉੱਪਰ ਦ੍ਰਖ਼ਾਂ'ਚ ਹੈ ਅਤੇ ਵ੍ਰਸ਼ੀ ਕਦੇ ਉੱਪਰ ਨਹੀਂ ਸੀ ਵੇਖਦੇ । ਇਸ ਲਈ ਐਸਾ ਕਦੇ ਕੋਈ ਮੌਕਾ ਨਹੀਂ ਆਇਆ ਜਦੋਂ ਬਾਂਦਰਾਂ ਅਤੇ ਜੰਗਲ ਦੇ ਲੋਕਾਂ ਦਾ ਰਸ੍ਤਾ ਇਕ ਹੋਇਆ ਹੋਵੇ ॥ ਪਰ ਜਦੋਂ ਕਦੇ ਓਨ੍ਹਾਂ ਨੂੰ ਇਕ ਬਿਮਾਰ ਬਘਿਆੜ ਕਦੇ ਇਕ ਜਖਮੀ ਚੀਤਾ ਜਾਂ ਰਿੱਛ ਮਿਲਿਆ । ਬਾਂਦਰਾਂ ਨੇ ਉਸ ਨੂੰ ਸਤਾਇਆ । ਅਤੇ ਉਸ'ਤੇ ਮੇਵੇ ਅਤੇ ਸੋਟ੍ਰੀਆਂ ਸਿਟ੍ਰ ਕੇ  ਖੁਸ਼ ਹੁੰਦੇ ਅਤੇ ਉੱਮੀਦ ਕਰਦੇ ਸੀ ਕਿ ਕੋਈ ਓਨ੍ਹਾਂ ਵੱਲ ਧਿਆਨ ਦੇਵੇਗਾ ॥ ਫੇਰ ਓਹ ਲੋਕੀਂ ਜੋਰ ਦੀਆਂ ਚੀਕਾਂ ਮਾਰਕੇ ਬੇਤੁਕੇ ਗਾਣੇ ਗਾਉਣ ਲਗ ਜਾਉਂਦੇ । ਅਤੇ ਜੰਗਲ ਦੇ ਲੋਕਾਂ ਨੂੰ ਨਿਓਤਾ ਦੇਂਦੇ ਕੇ ਦ੍ਰਖ਼ਾਂ ਉੱਪਰ ਚੜਕੇ ਓਨ੍ਹਾਂ ਨਾਲ ਲੜਨ । ਜਾਂ ਫੇਰ ਆਪਸ'ਚ ਹੀ ਬਿਨਾ ਕਿਸੀ ਗੱਲ ਦੇ ਲੜਨ ਲਗ ਜਾਉਂਦੇ । ਅਤੇ ਮਰੇ ਹੋਏ ਬਾਂਦਰਾਂ ਨੂੰ ਓਥੇ ਛੱਡ ਜਾਉਂਦੇ ਜਿੱਥੇ ਓਨ੍ਹਾਂ ਨੂੰ ਜੰਗਲ ਦੇ ਲੋਗ ਵੇਖ ਸਕਣ ॥ ਓਨ੍ਹਾਂ ਨੂੰ ਹਮੇਸ਼ਾਂ ਹੀ ਕਿਸੇ ਦੀ ਸਰਦਾਰੀ ਮਿਲਣ ਵਾਲੀ ਹੁੰਦੀ ਸੀ । ਅਤੇ ਨਾਲ ਹੀ ਓਨ੍ਹਾਂ ਦੇ ਕਨੂੰਨ'ਤੇ  ਰਿਵਾਇਤਾਂ । ਪਰ ਇਹ ਸਭ ਓਨ੍ਹਾਂ ਨੂੰ ਕਦੇ ਮਿਲਿਆ ਨਹੀਂ । ਕਿਓਂਕਿ ਓਨ੍ਹਾਂ ਦੀ ਯਾਦ੍ਦਾਸ੍ਤ ਨੇ ਕਦੇ ਓਨ੍ਹਾਂ ਦਾ ਸਾਥ ਨਹੀਂ ਦਿਤ੍ਤਾ । ਸੋ ਓਨ੍ਹਾਂ ਨੇ ਦ੍ਵਿਧਾ ਖਾਮਿਆਜਾ ਐਵੇਂ ਹੀ ਇਹ ਗੱਲਾਂ ਮਾਰਕੇ ਕੀਤ੍ਤਾ "ਜੋ ਬਾਂਦਰ ਲੋਗ ਹੁਣ ਸੋਚਦੇ ਨੇ ਜੰਗਲ ਵਾਲੇ ਓਹ ਬਾਦ'ਚੋਂ ਸੋਚਣਗੇ ।" ਅਤੇ ਇਹ ਓਨ੍ਹਾਂ ਨੂੰ ਬਹੁਤ ਦਿਲਾਸਾ  ਦੇਂਦਾ ॥ ਕੋਈ ਭੀ ਵ੍ਰਸ਼ੀ ਓਨ੍ਹਾਂ ਤਾਂਈ ਪਹੁੰਚ ਨਹੀਂ ਸੀ ਸਕਦਾ । ਮਗਰ ਦੂਜੇ ਪਾਸੇ ਕੋਈ ਭੀ ਵ੍ਰਸ਼ੀ ਓਨ੍ਹਾਂ ਵੱਲ ਧਿਆਨ ਨਹੀਂ ਸੀ ਦੇਂਦਾ । ਅਤੇ ਇਸ ਲਈ ਓਹ ਬਹੁਤ ਖੁਸ਼ ਹੋਏ ਜਦੋਂ ਮੁਗਲੀ ਓਨ੍ਹਾਂ ਨਾਲ ਖੇਡਣ ਆਇਆ । ਅਤੇ ਓਨ੍ਹਾਂ ਨੂੰ ਪਤਾ ਚਲਿਆ ਕਿ ਭਾੱਲੂ ਕਿਨ੍ਹਾਂ ਨਰਾਜ ਸੀ ॥

ਓਨ੍ਹਾਂ ਦਾ ਕਦੇ ਭੀ ਕੁਝ ਹੋਰ ਕਰਨ ਦਾ ਮਤਲਬ ਨਹੀਂ ਸੀ - ਬਾਂਦਰ ਲੋਕਾਂ ਦੀ ਕਿਸੇ ਭੀ ਗੱਲ ਦਾ ਕਦੇ ਕੋਈ ਮਤਲਬ ਨਹੀਂ ਹੁੰਦਾ ॥ ਪਰ ਇਕ ਬਾਂਦਰ ਨੂੰ ਇਕ ਫੁਰਨਾ ਫੁਰਿਆ । ਜੋ ਉਸ ਨੂੰ ਬਹੁਤ ਚੰਗਾ ਲਗ੍ਗਾ । ਅਤੇ ਓਨ੍ਹੇਂ ਬਾਕੀ ਸਾਰਿਆਂ ਨੂੰ ਦੱਸਿਆ ਕਿ ਮੁਗਲੀ ਨੂੰ ਕਬੀਲੇ'ਚ ਰਖਨਾ ਬੜਾ ਫਾਇਦੇਮੰਦ ਹੋ ਸਕਦਾ ਹੈ । ਕਿਓਂਕਿ ਓਹ ਤੇਜ ਹਵਾਂਵਾਂ'ਤੋ ਬਚਨ ਵਾਸ੍ਤੇ ਸੋਟ੍ਰਿਆਂ ਨੂੰ ਬੁਂਣ ਸਕਦਾ ਹੈ । ਸੋ । ਜੇਕਰ ਓਹ ਓਨ੍ਹੂ ਪਕੜ ਲੈਂਦੇ ਨੇ । ਓਹ  ਓਨ੍ਹੂ ਇਹ ਸਿਖਾਉਣ ਵਾਸ੍ਤੇ ਮਜਬੂਰ ਕਰ ਸਕਦੇ ਨੇ ॥ ਬੇਸ਼ਕ ਮੁਗਲੀ ਇਕ ਲਕੜਹਾਰੇ ਦਾ ਬਚ੍ਚਾ ਹੋਣ ਦੀ ਖਾਤਿਰ । ਕਾਫੀ ਸਾਰੇ ਹੁਨਰ ਓਨ੍ਹੂ ਵਿਰਾਸਤ'ਚ ਮਿਲੇ ਸੀ । ਅਤੇ ਓਹ ਹੇਠਾਂ ਡਿਗ੍ਗੀਆਂ

ਹੋਈਆਂ ਟਾਣੀਆਂ ਦੀਆਂ ਛੋਟ੍ਰੀਆਂ ਛੋਟ੍ਰੀਆਂ ਝੁਗ੍ਗੀਆਂ ਬਨਾਇਆ ਕਰਦਾ ਸੀ ਬਿਨਾ ਇਸ ਗੱਲ ਦੇ ਸੋਚ੍ਹੇ ਕਿ ਇਹ ਓਹ ਇਹ ਕਿੰਝ ਕਰਦਾ ਸੀ ॥ ਬਾਂਦਰ ਲੋਗ। ਦ੍ਰਖ੍ਤਾਂ'ਚ ਵੇਖਦੇ ਸੀ। ਕਿ ਓੁਧਾ ਖੇਡ ਕਿਨ੍ਹਾ ਅਦਭੁਤ ਸੀ ॥ ਇਸ ਵਾਰ। ਓਨ੍ਹਾਂ ਨੇ ਕਿਹਾ। ਓਹ ਸਚ੍ਚੀਂ ਇਕ ਸਰਦਾਰ ਚਾਹੁੰਦੇ ਨੇ ਤੇ ਜੰਗਲ'ਚ ਸਭ ਤੋਂ ਸਮਝਦਾਰ ਜਾਨਵਰ ਬਣਨਾ ਚਾਹੁੰਦੇ ਨੇ - ਇਨ੍ਹੇ ਸਮਝਦਾਰ ਕੇ ਹਰ ਕੋਈ ਓਨ੍ਹਾਂ ਵੱਲ ਤਵੱਜੋ ਦੇਵੇ'ਤੇ ਓਨ੍ਹਾਂ ਤੋਂ ਈਰਖਾ ਕਰੇ ॥ ਇਸ ਲਈ ਓਹ ਭਾੱਲੂ ਬਘੀਰੇ ਤੇ ਮੁਗਲੀ ਦਾ ਚੁਪਚਾਪ ਪਿੱਛਾ ਕਰਦੇ ਰਹੇ ਜਦੋਂ ਤਕ ਕੇ ਦੁਪਹਿਰ ਦਾ ਸੌਣ ਦਾ ਸਮਾਂ ਨਹੀਂ ਹੋਇਆ। ਅਤੇ ਮੁਗਲੀ ਜਿੜ੍ਹਾ ਅਪਨੇ ਆਪ ਤੇ ਬਹੁਤ ਸ਼ਰਮਿੰਦਾ ਸੀ। ਤੇਂਦੁਏ ਅਤੇ ਰਿਛ ਵਿਚਕਾਰ ਸੌਂ ਗਿਆ। ਅਤੇ ਕਸਮ ਖਾਦੀ ਕਿ ਹੁਣ ਤੋਂ ਬਾਦ ਓੁਧਾ ਬਾਂਦਰ ਲੋਕਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ ॥

ਅਗਲੀ ਗੱਲ ਜੋ ਓਨ੍ਹੂ ਯਾਦ ਆਈ ਓਹ ਇਹ ਸੀ ਕਿ ਓਨ੍ਹੇ ਮਹਿਸੂਸ ਕੀਤ੍ਰਾ ਕਿ ਕੋਈ ਓੁਧੀਆਂ ਲਤ੍ਤਾਂ'ਤੇ ਬ੍ਾਂਵਾਂ'ਤੇ ਜੋਰ ਜੋਰ ਦੀ ਹੱਥ ਫੇਰ ਰਿਹਾ ਸੀ - ਸਖ੍ਤ। ਮਜਬੂਤ। ਛੋਟ੍ਰੇ ਹੱਥ - ਅਤੇ ਫੇਰ ਦ੍ਰਖ੍ਤਾਂ ਦੀਆਂ ਟਾਣੀਆਂ ਓੁਧੇ ਮੂੰਹ'ਤੇ ਫਿਰੀਆਂ। ਅਤੇ ਓਹ ਟਾਣੀਆਂ'ਚੋਂ ਹੇਠਾਂ ਵੇਖਦਾ ਪਇਆ ਸੀ ਜਦੋਂ ਭਾੱਲੂ ਨੇ ਅਪਨੀ ਜੋਰ ਦੀ ਗਰਜ ਨਾਲ ਜੰਗਲ ਨੂੰ ਨੀਂਦ'ਚੋਂ ਓੁਠਾ ਦਿਤ੍ਤਾ ਅਤੇ ਬਘੀਰੇ ਨੇ ਤਨੇ ਨੂੰ ਅਪਨੇ ਹਰ ਦੰਦ ਨਾਲ ਘੁਟ੍ਟ ਕੇ ਫੜ੍ਹ ਲਿਆ ॥ ਬਾਂਦਰ ਲੋਕਾਂ ਨੇ ਅਪਨੀ ਜਿਤ੍ਤ ਦੀ ਖੁਸ਼ੀ'ਚ ਜੋਰ ਦੀਆਂ ਚੀਕਾਂ ਮਾਰੀਆਂ ਅਤੇ ਦ੍ਰਖ੍ਤਾਂ'ਚ ਓੁੱਪਰਲੀ ਟਾਂਣੀਆਂ'ਚ ਚੜ੍ਹ ਗਏ ਜਿੱਥੇ ਜਾਨ ਦੀ ਬਘੀਰਾ ਜੁਰ੍ਰਤ ਨਹੀ ਸੀ ਕਰ ਸਕਦਾ। ਅਤੇ ਚੀਕਣ ਲਗ੍ਗੇ : "ਓਨ੍ਹੇ ਸਾਨ੍ਹੂੰ ਵੇਖ ਲਿਆ ਹੈ ! ਬਘੀਰੇ ਨੇ ਸਾਨ੍ਹੂੰ ਵੇਖ ਲਿਆ ਹੈ ॥ ਜੰਗਲ ਦੇ ਸਾਰੇ ਲੋਗ ਸਾੱਢੇ ਹੁਨਰ'ਤੇ ਸਾਢੀ ਮੱਕਾਰੀ ਵਾਸ੍ਤੇ ਸਾਢੀ ਤਰੀਫ ਕਰਦੇ ਨੇ ॥" ਫੇਰ ਓਨ੍ਹਾਂ ਨੇ ਅਪਨੀ ਉਡਾਰੀ ਮਾਰਨੀ ਸ਼ੁਰੂ ਕੀਤ੍ਤੀ। ਅਤੇ ਬਾਂਦਰ ਲੋਕਾਂ ਦੀ ਉਡਾਰੀ ਦ੍ਰਖ੍ਤਾਂ ਦੀ ਧਰਤੀ'ਤੇ ਇਕ ਚੀਜ ਹੈ ਜਿੜ੍ਹੀ ਕੋਈ ਬਿਆਨ ਨਹੀਂ ਕਰ ਸਕਦਾ ॥ ਓਨ੍ਹਾਂ ਦੇ ਆਮ ਰਸ੍ਤੇ'ਤੇ ਚੌਂਕ ਨੇ। ਓੁੱਪਰ ਥੱਲੇ ਪੰਜਾਹ ਤੋਂ ਸਤ੍ਤਰ ਜਾਂ ਸੌ ਫੁਟ੍ਟ ਜਮੀਨ'ਤੋਂ ਓੁਚ੍ਚੇ ਅਤੇ ਜਰੂਰਤ ਪੈਣ'ਤੇ ਇਹ ਰਾਤ ਨੂੰ ਭੀ ਇਨ੍ਹਾਂ'ਤੇ ਸਫਰ ਕਰ ਸਕਦੇ ਨੇ ॥ ਦੋ ਤਗੜੇ ਬਾਂਦਰਾਂ ਨੇ ਮੁਗਲੀ ਨੂੰ ਬ੍ਾਂਵਾਂ'ਤੋਂ ਫੜ੍ਹ ਲਿਆ ਅਤੇ ਓਨ੍ਹੂ ਲੈ ਦ੍ਰਖ੍ਤਾਂ'ਚ ਛਾਲਾਂ ਮਾਰਨ ਲਗ ਪਏ। ਵੀਹ ਫੁਟ੍ਟ ਇਕ ਵਾਰ'ਚ ॥ ਜਿਹ ਕਿਧਰੇ ਓਹ ਕਲ੍ਲੇ ਹੁੰਦੇ ਤਾਂ ਓਹ ਓੁਧੇ'ਤੋਂ ਦੁਗਨੇ ਤੇਜ ਚਲੇ ਜਾਓੁਂਦੇ। ਪਰ ਮੁੰਡੇ ਦੇ ਵਜਨ ਨੇ ਓਨ੍ਹਾਂ ਨੂੰ ਹੌਲੇ ਕਰ ਦਿਤ੍ਤਾ ॥ ਬਿਮਾਰ'ਤੇ ਸਿਰ ਚਕਰਾਓੁਂਦਾ ਹੋਇਆ ਮੁਗਲੀ ਅਪਨੇ ਆਪ ਨੂੰ ਇਸ ਤੇਜ ਦੌੜ'ਤੋਂ ਖੁਸ਼ ਹੋਏ ਬਿਨਾ ਨਹੀਂ ਰਖ ਸਕਿਆ। ਭਾਵੇਂ ਹੇਠਾਂ ਧਰਤੀ ਦਾ ਨਜਾਰਾ ਓਨ੍ਹੂ ਡਰਾ ਰਿਹਾ ਸੀ। ਅਤੇ ਛਾਲ ਦੇ ਅਖੀਰ'ਚ ਜੋਰ ਦੇ ਝਟਕੇ ਓੁਧਾ ਦਿਲ ਮੂੰਹ'ਚ ਲਿਆਓਨ ਡਹੇ ਸੀ ॥ ਓੁਧਾ ਰਾਖਾ ਕਦੇ ਦ੍ਰਖ੍ਤ ਦੇ ਓੁੱਪਰ ਲੈ ਚੜਦਾ ਜਦ ਤਕ ਕਿ ਸਭ'ਤੋਂ ਓੁਚ੍ਚੀ ਪਤਲੀਆਂ ਟਾਣੀਆਂ ਓਨ੍ਹਾਂ ਦੇ ਵਜਨ ਹੇਠ ਮੁੜ ਤੁੜ ਕੇ ਕੜਕ ਨਹੀਂ ਜਾਓੁਂਦੀਆਂ। ਅਤੇ ਫੇਰ ਖੰਗ ਕੇ ਅਪਨੇ ਆਪ ਨੂੰ ਹਵਾ'ਚ ਅਗ੍ਗੇ'ਤੇ ਹੇਠਾਂ ਛਾਲ ਮਾਰਦੇ ਅਤੇ ਅਗਲੇ ਦ੍ਰਖ੍ਤ ਦੀਆਂ ਹੇਠਲੀਆਂ ਟਾਣੀਆਂ ਨੂੰ ਫੜ੍ਹ ਲੈਂਦੇ ॥ ਕਦੇ ਕਦੇ ਓਹ ਸ਼ਾਂਤ ਹਰਿਆ ਭਰਿਆ ਜੰਗਲ ਕਈ ਮੀਲਾਂ ਤਾਂਈ ਦੂਰ ਵੇਖ ਸਕਦਾ ਸੀ। ਜਿਵੇਂ ਇਕ ਆਦਮੀ ਜਹਾਜ'ਤੇ ਲੰਮੀ ਬੱਲੀ'ਤੇ ਚੜਕੇ ਕਈ ਮੀਲਾਂ ਦੂਰ ਤਕ ਸਮੁੰਦਰ ਵੇਖ ਸਕਦਾ ਹੈ। ਅਤੇ ਫੇਰ ਟਾਣੀਆਂ ਅਤੇ ਪਤ੍ਤੇ ਓੁਧੇ ਮੂੰਹ'ਤੇ ਚੰਡ ਮਾਰਦੇ। ਅਤੇ ਓਹ'ਤੇ ਓੁਧੇ ਦੋ ਰਾਖੇ ਫੇਰ ਜਮੀਨ'ਤੇ ਓੁਤਰ ਆਓੁਂਦੇ ॥ ਸੋ। ਨੱਠਦਾ ਫਿਰਦਾ ਤੋੜ ਭਨ੍ਹ ਕਰਦਾ ਖੋਂ ਖੋਂ ਕਰਦਾ'ਤੇ ਚੀਕਾਂ ਮਾਰਦਾ ਹੋਇਆ। ਪੂਰਾ ਬਾਂਦਰ ਲੋਕਾਂ ਦਾ ਕਬੀਲਾ ਅਪਨੇ ਕੈਦੀ ਮੁਗਲੀ ਨੂੰ ਲੈਕੇ ਦ੍ਰਖ੍ਤੀ ਰਸ੍ਤੇ ਛਾਣਦਾ ਰਿਹਾ ॥

ਕੁਝ ਵਕ੍ਤ ਵਾਸ੍ਤੇ ਓਨ੍ਹੂ ਡਰ ਸੀ ਕਿ ਓਨ੍ਹੂ ਕਿਤੇ ਹੇਠਾਂ ਨਾਂ ਸੁਟ੍ਟ ਦਿਤ੍ਤਾ ਜਾਵੇ ॥ ਫੇਰ ਓਨ੍ਹੂ ਗੁੱਸਾ ਆ ਗਿਆ ਪਰ ਓਨ੍ਹੂ ਪਤਾ ਸੀ ਕਿ ਹੱਥ ਪੈਰ ਮਾਰਨ ਨਾਲੋਂ ਚੰਗਾ ਕੁਝ ਹੋਰ ਸੀ। 'ਤੇ ਓਹ ਸੋਚ੍ਣ ਲਗ ਪਿਆ ॥ ਸਭ ਤੋਂ ਪਹਿਲਾਂ ਭਾੱਲੂ ਤੇ ਬਘੀਰੇ ਤਾਂਈ ਸੁਨੇਹਾ ਪਹੁੰਚਾਓੁਣਾ ਜਰੂਰੀ ਸੀ। ਕਿਓਂਕਿ। ਜਿਸ ਰਫ੍ਤਾਰ ਨਾਲ ਬਾਂਦਰ ਜਾ ਰਹੇ ਸੀ। ਓਨ੍ਹੂ ਪਤਾ ਸੀ ਕਿ ਓੁਧੇ ਦੋਸ੍ਤ ਬਹੁਤ ਪਿੱਛੇ ਛੁਟ

ਜਾਣਗੇ ॥ ਥੱਲੇ ਵੇਖਣਾ ਫਿਜੂਲ ਸੀ । ਕਿਓਂਕਿ ਓਹ ਸਿਰਫ ਟ੍ਹਾਣੀਆਂ ਦਾ ਉੱਪਰੀ ਹਿੱਸਾ ਹੀ ਵੇਖ ਸਕਦਾ ਸੀ । ਸੋ ਓਨ੍ਹੇ ਦੂਰ ਨੀਲੇ ਅਸਮਾਨ ਵਲ ਵੇੱਖਿਆ । ਰਣ ਜੋ ਹੈ ਬਾਜ ਓਹ ਤਿਕੜਮਬਾਜੀ ਕਰ ਰਿਹਾ ਸੀ । ਜਦੋਂ ਕਿ ਓੁਧੀ ਨਿਗ੍ਹਾ ਜੰਗਲ'ਤੇ ਸੀ ਅਤੇ ਕੁਝ ਚੀਜਾਂ ਦੇ ਮਰਨ ਦਾ ਇੰਤਜਾਰ ਕਰ ਰਿਹਾ ਸੀ ॥ ਰਣ ਨੇ ਵੇੱਖਿਆ ਕਿ ਬਾਂਦਰ ਕੁਝ ਚੁੱਕੀ ਲਏ ਚੱਲੇ ਸੀ । ਅਤੇ ਕੁਝ ਸੌ'ਕੁ ਗਜ ਉੱਡ ਕੇ ਹੇਠਾਂ ਆ ਗਇਆ ਇਹ ਵੇਖਣ ਵਾਸ੍ਤੇ ਕਿ ਓਨ੍ਹਾਂ ਦਾ ਚੁੱਕਿਆ ਹੋਇਆ ਭਾਰ ਖਾਣ ਜੋਗਾ ਸੀ ਕਿ ਨਹੀਂ ॥ ਓਨ੍ਹੇ ਹੈਰਾਨ ਹੋਕੇ ਸੀਟੀ ਮਾਰੀ ਜਦੋਂ ਓਨ੍ਹੇ ਵੇੱਖਿਆ ਕਿ ਮੁਗਲੀ ਨੂੰ ਦ੍ਰਖ਼ਾਂ ਉਤ੍ਤੇ ਖਿਚ੍ਚਿਆ ਜਾ ਰਿਹਾ ਸੀ ਅਤੇ ਓਨ੍ਹੇ ਸੁਣਿਆ ਕਿ ਮੁਗਲੀ ਨੇ ਬਾਜਾਂ ਦੀ ਸਦ੍ਦ ਲਈ ਅਵਾਜ'ਚ ਬੋੱਲਿਆ ਕਿ "ਸਾੱਢੇ ਦੋਵਾਂ ਦਾ ਇਕ ਹੀ ਲਹੂ ਹੈ ਤੇਰਾ'ਤੇ ਮੇਰਾ ॥" ਟ੍ਹਾਣੀਆਂ ਦੀਆਂ ਲਹਿਰਾਂ ਮੁੰਡੇ ਦੇ ਨੇੜ੍ਹੇ ਆਨ ਪਇਆਂ । ਪਰ ਰਣ ਨੇ ਅਪਨੇ ਆਪ ਨੂੰ ਐਣ ਮੌਕੇ'ਤੇ ਅਗਲੇ ਦ੍ਰਖ਼'ਤੇ ਸੰਭਾਲਿਆ'ਤੇ ਇਕ ਛੋਟ੍ਹਾ ਭੂਰਾ ਮੂੰਹ ਫੇਰ ਉੱਪਰ ਆਓਂਦਾ ਹੋਇਆ ਵੇੱਖਿਆ ॥ "ਮੇਰੇ ਰਸ੍ਤੇ'ਤੇ ਨਿਸ਼ਾਨ ਲਗਾ ਦੇ !" ਮੁਗਲੀ ਚੀੱਕਿਆ ॥ "ਸਿਓਨੀ ਦਲ ਦੇ ਭਾੱਲੂ ਨੂੰ ਅਤੇ ਪੰਚਾਇਤੀ ਥੜ੍ਹੇ ਦੇ ਬਘੀਰੇ ਨੂੰ ਦੱਸੀਂ ॥"

"ਕ੍ਹਿਧੇ ਵੱਲੋਂ ਦੱਸਾਂ । ਭਰਾ ?" ਰਣ ਨੇ ਕਦੇ ਭੀ ਮੁਗਲੀ ਨੂੰ ਪਹਿਲਾਂ ਨਹੀਂ ਸੀ ਵੇੱਖਿਆ । ਪਰ ਓੁਧੇ ਬਾਰੇ ਸੁਣਿਆ ਜਰੂਰ ਸੀ ॥

"ਮੁਗਲੀ । ਜਿੜ੍ਹਾ ਹੈ ਡੱਡੂ ॥ ਆਦਮੀ ਦਾ ਬਲੂੰਗੜਾ ਆਖਦੇ ਨੇ ਮੈਨੂੰ ! ਮੇਰੇ ਰਸ੍ਤੇ'ਤੇ ਨਿਸ਼ਾਨ ਲਗਾ ਦੇ !"

ਆਖਰੀ ਸ਼ਬਦ ਚੀਕ ਮਾਰਕੇ ਬੋਲੇ ਗਏ ਸੀ ਜਦੋਂ ਓਨ੍ਹੂ ਹਵਾ'ਚ ਉਛਾੱਲਿਆ ਜਾ ਰਿਹਾ ਸੀ । ਪਰ ਰਣ ਨੇ ਹਾਮੀ ਭਰੀ ਅਤੇ ਉਚ੍ਚੀ ਉਡਾਰੀ ਮਾਰੀ ਜਦੋਂ ਤਕ ਕਿ ਓਹ ਇਕ ਮਿਟ੍ਟੀ ਦੇ ਕਣ ਬਰਾਬਰ ਨਜਰ ਆਓਣ ਲਗ ਪਿਆ । ਅਤੇ ਓਹ ਓੱਥੇ ਹੀ ਟਿਕਿਆ ਰਿਹਾ । ਅਪਨੀ ਦੂਰਬੀਨੀ ਅੱਖਾਂ ਨਾਲ ਦ੍ਰਖ਼ਾਂ ਦੇ ਹਿਲੋਰੇ ਵੇਖਦਾ ਰਿਹਾ ਜਦੋਂ ਮੁਗਲੀ ਦੇ ਰਾਖੇ ਦ੍ਰਖ਼ਾਂ'ਚ ਨ੍ਹੱਸਦੇ ਪਏ ਸੀ ॥

"ਓਹ ਬਹੁਤਾ ਦੂਰ ਨਹੀਂ ਜਾਉਂਦੇ ।" ਹਾੱਸਾ ਦਬਾਓਂਦੇ ਹੋਏ ਓਨ੍ਹੇ ਕਿਹਾ ॥ "ਓਹ ਕਦੇ ਭੀ ਓਹ ਕੱਮ ਨਹੀਂ ਕਰਦੇ ਜਿ੍ਹਧੇ ਬਾਰੇ ਓਨ੍ਹਾਂ ਨੇ ਫੈਸਲਾ ਲਿਆ ਹੋਵੇ ॥ ਹਮੇਸ਼ਾ ਨਵੇਂ ਕੱਮਾਂ'ਚ ਟੰਗ ਅੜਾਓਨੀ ਹੀ ਕੱਮ ਹੈ ਬਾਂਦਰ ਲੋਕਾਂ ਦਾ ॥ ਇਸ ਵਾਰ। ਜੇ ਮੇਰੀ ਕੋਈ ਨਿਗ੍ਹਾ ਠੀਕ ਹੈ ਤੇ । ਇਨ੍ਹਾਂ ਨੇ ਮੁਸੀਬਤ ਨੂੰ ਆਪੇ ਗਲੇ ਪਾਇਆ ਹੈ । ਕਿਓਂਕਿ ਭਾੱਲੂ ਕੋਈ ਅਨਾੜੀ ਨਹੀਂ ਅਤੇ ਬਘੀਰਾ । ਜਿਵੇਂ ਕਿ ਮੈਨੂੰ ਪਤਾ ਹੈ । ਬਕਰੀਆਂ'ਤੋਂ ਕੁਝ ਵੱਧ ਮਾਰ ਸਕਦਾ ਹੈ ॥"

ਸੋ ਓਹ ਅਪਨੇ ਪੈਰ ਹੇਠਾਂ ਨੱਪ ਕੇ । ਅਪਨੇ ਖੰਭਾਂ'ਤੇ ਡੋਲਦਾ ਰਿਹਾ । ਅਤੇ ਇੰਤਜਾਰ ਕਰਦਾ ਰਿਹਾ ॥

ਇਨ੍ਹੇ ਨੂੰ । ਭਾੱਲੂ ਅਤੇ ਬਘੀਰਾ ਗੁੱਸੇ ਨਾਲ ਪਾਗਲ ਹੋ ਰਹੇ ਸੀ ॥ ਬਘੀਰਾ ਇੰਝ ਚੜ੍ਹ ਗਿਆ ਜਿਵੇਂ ਕਦੇ ਭੀ ਨਹੀਂ ਸੀ ਚੜ੍ਹਿਆ । ਪਰ ਪਤਲੀਆਂ ਕਮਜੋਰ ਟ੍ਹਾਣੀਆਂ ਓੁਧੇ ਭਾਰ ਹੇਠ ਟੁਟ੍ਟ ਗਇਆਂ । ਅਤੇ ਓਹ ਹੇਠਾਂ ਫਿਸਲ ਪਇਆ । 'ਤੇ ਓੁਧੇ ਪੰਜੇ ਦ੍ਰਖ਼ ਦੀ ਛਲ ਨਾਲ ਭਰ ਗਏ ॥

"ਤੂੰ ਆਦਮੀ ਦੇ ਬਲੂੰਗੜੇ ਨੂੰ ਖਬਰਦਾਰ ਕਿਓਂ ਨਹੀਂ ਕੀਤ੍ਤਾ ?" ਓਹ ਬਿਚਾਰੇ ਭਾੱਲੂ'ਤੇ ਗਰਜਿਆ । ਜੋ ਕਿ ਬੇਢੰਗੀ ਦੁੜਕੀ ਚਾਲ

ਚਲ ਰਿਹਾ ਸੀ ਇਸ ਆਸ ਵਿਚ ਕਿ ਓਹ ਬਾਂਦਰਾਂ ਨੂੰ ਜਾ ਘੇਰੂਗਾ ॥ "ਓਨ੍ਹ ਘਸੁੱਨ ਮਾਰਕੇ ਅਧ ਮਰਿਆ ਕਰਨ ਦੀ ਕੀ ਲੋੜ ਸੀ ਜੇ ਤੂੰ ਓਨ੍ਹ ਖਬਰਦਾਰ ਨਹੀਂ ਕੀਤ੍ਹਾ ?"

"ਛੇਤ੍ਹੀ ਕਰੋ ! ਛੇਤ੍ਹੀ ! ਅਸੀਂ - ਅਸੀਂ ਓਨ੍ਹਾਂ ਨੂੰ ਸ਼ਾਇਦ ਫੜ੍ਹ ਲਇਏ !" ਭਾੱਲੂ ਸਾਹੋ - ਵਿਸਾਹਾ ਹੋ ਕੇ ਬੋੱਲਿਆ ॥

"ਇਸ ਰਫ੍ਹਾਰ ਨਾਲ ! ਇਕ ਜਖਮੀ ਗਉ ਭੀ ਨਹੀਂ ਥੱਕੇਗੀ ॥ ਕਨੂੰਨ ਦੇ ਉਸਤਾਦ - ਬਲੂੰਗੜਿਆਂ ਨੂੰ ਕੁਟ੍ਹਣ ਵਾਲਿਆ - ਇਕ ਮੀਲ ਉਪੱਰ ਥੱਲੇ ਦੇ ਗੇੜੇ ਤੈਨੂੰ ਫਾੜ ਕੇ ਰੱਖ ਦੇਣਗੇ ॥ ਬੈਹ ਜਾ'ਤੇ ਸੋਚ ! ਇਕ ਮਨਸੂਬਾ ਬਨਾ ॥ ਇਹ ਸਮਾਂ ਪਿੱਛਾ ਕਰਨ ਦਾ ਨਹੀਂ ਹੈ ॥ ਜੇਕਰ ਅਸੀਂ ਬਹੁਤਾ ਨੇੜੇ ਚਲੇ ਗਏ'ਤੇ ਓਹ ਓਨ੍ਹ ਹੇਠਾਂ ਸੁਟ੍ਹ ਦੇਣਗੇ ॥"

"ਓਹ ਹੋ ! ਓਨ੍ਹਾਂ ਨੇ ਉਸ ਨੂੰ ਹਾਲੇ ਤਾਂਈ ਸੁਟ੍ਹ ਭੀ ਦਿਤ੍ਹਾ ਹੋਣਾ । ਕਿਓਂਕਿ ਓਨ੍ਹ ਚੁੱਕ ਕੇ ਥੱਕ ਗਏ ਹੋਣੇ ॥ ਬਾਂਦਰ ਲੋਕਾਂ ਦਾ ਕੋਣ ਇਤਬਾਰ ਕਰ ਸਕਦਾ ਹੈ ? ਮਰੇ ਹੋਏ ਚੱਮਗਿਦ੍ਹੜ ਮੇਰੇ ਸਿਰ'ਤੇ ਰੱਖ ! ਮੈਨੂੰ ਕਾਲੀਆਂ ਹੱਡੀਆਂ ਖਾਣ ਨੂੰ ਦੇ ! ਮੈਨੂੰ ਜੰਗਲੀ ਸ਼ਹਿਦ ਦੀ ਮੱਖੀਆਂ ਦੇ ਮਖੀਲ'ਚ ਰੋਲ ਤਾਕਿ ਮੈਂ ਓਨ੍ਹਾਂ ਦੇ ਡੰਗ ਨਾਲ ਮਰ ਸਕਾਂ । ਅਤੇ ਮੈਨੂੰ ਲੱਕੜਬੱਘੇ ਨਾਲ ਦਫਨ ਕਰ ਦੇ ਕਿਓਂਕਿ ਮੈਂ ਸਭ ਤੋਂ ਜਿਆਦਾ ਮੰਦਭਾਗੀ ਰਿਛ ਹਾਂ ! ਓਹ ਹੋ ! ਮੁਗਲੀ । ਮੁਗਲੀ ! ਮੈਂ ਤੇਰਾ ਸਿਰ ਭਨੰਣ ਦੇ ਬਜਾਏ ਤੈਨੂੰ ਬਾਂਦਰ ਲੋਕਾਂ ਬਾਰੇ ਖਬਰਦਾਰ ਕਿਓਂ ਨਹੀਂ ਕੀਤ੍ਹਾ ? ਹੁਣ ਸ਼ਾਇਦ ਅਜ ਦਾ ਸਬਕ ਮੈਂ ਓੁਧੇ ਦਿਲੋ ਦਿਮਾਗ'ਚੋਂ ਕੱਢ ਦਿਤ੍ਹਾ ਹੋਣਾ । ਅਤੇ ਓਹ ਚੋਣਵੇਂ ਸ਼ਬਦਾਂ ਦੇ ਬਿਨਾ ਜੰਗਲ'ਚ ਕੱਲ੍ਹਾ ਹੋਣਾ ॥"

ਭਾੱਲੂ ਨੇ ਅਪਨੇ ਪੰਜੇ ਕੱਨਾਂ'ਤੇ ਰੱਖੇ ਅਤੇ ਲਿਟਕੇ ਸਿਸਕਣ ਲਗ ਪਿਆ ॥

"ਘਟ੍ਹੋ ਘਟ੍ਹ ਓਨ੍ਹੇ ਮੈਨੂੰ ਸਾਰੇ ਸ਼ਬਦ ਕੁਝ ਸਮਾਂ ਪਹਿਲੇ ਠੀਕ ਠੀਕ ਦੱਸੇ ਸੀ" ਬਘੀਰੇ ਨੇ ਬੜੀ ਬੇਸਬਰੀ ਨਾਲ ਕਿਹਾ ॥ "ਭਾੱਲੂ ! ਨਾਂ ਤੂੰ ਕਿਸੇ ਦੀ ਇੱਜਤ ਕਰਦਾ ਹੈ ਨਾਂ ਹੀ ਤੇਰੀ ਕੋਈ ਯਾੱਦਾਸ਼੍ਹ ਹੈ ॥ ਜੰਗਲ ਕੀ ਸੋਚ੍ਹੇਗਾ ਜੇ ਮੈਂ । ਕਾਲਾ ਤੇਂਦੁਆ। ਇੱਕੀ ਸੇਹੇ ਵਾਂਗ ਕੁੰਡਲ ਮਾਰ ਲਵਾਂ । 'ਤੇ ਚਾਂਗਰਾਂ ਮਾਰਾਂ ?"

"ਮੈਨੂੰ ਕੀ ਪਰਵਾਹ ਕਿ ਸਾਰਾ ਜੰਗਲ ਕੀ ਸੋਚ੍ਹੂਗਾ ? ਓਹ ਸ਼ਾਇਦ ਹੁਣ ਤਕ ਮਰ ਚੁੱਕਾ ਹੋਣਾ ॥"

"ਜਾਂ ਤੇ ਓਹ ਉਸ ਨੂੰ ਖੇਡ ਖੇਡ ਵਿਚ ਟ੍ਹਾਣੀਆਂ'ਤੋਂ ਹੇਠਾਂ ਨਾਂ ਸੁਟ੍ਹ ਦੇਣ । ਜਾਂ ਫੇਰ ਆਲਸ ਦੇ ਮਾਰੇ ਮਾਰ ਨਾਂ ਸੁਟ੍ਹਣ । ਮੈਨੂੰ ਆਦਮੀ ਦੇ ਬਲੂੰਗੜੇ'ਤੋਂ ਕੋਈ ਡਰ ਨਹੀਂ ਹੈ ॥ ਓਹ ਚੰਗਾ ਸਿੱਖਿਆ ਹੋਇਆ ਅਤੇ ਸਮਝਦਾਰ ਹੈ । ਅਤੇ ਸਭ ਤੋਂ ਵੱਢੀ ਗੱਲ ਇਹ ਕਿ ਓੁਧੇ ਕੋਲ ਓਹ ਅੱਖਾਂ ਨੇ ਜਿਹੜੀਆਂ ਸਾਰੇ ਜੰਗਲ ਦੇ ਲੋਕਾਂ ਨੂੰ ਡਰਾ ਦੇਂਦੀਆਂ ਨੇ ॥ ਮਗਰ(ਅਤੇ ਇਹ ਇਕ ਵੱਢੀ ਬਦੀ ਹੈ) ਓਹ ਬਾਂਦਰ ਲੋਕਾਂ ਦੇ ਅਸਰ ਹੇਠਾਂ ਹੈ । ਅਤੇ ਓਹ । ਕਿਓਂਕਿ ਦ੍ਰਖ੍ਹਾਂ'ਚ ਰਹਿੰਦੇ ਨੇ । ਸਾੱਢੇ ਲੋਕਾਂ ਦਾ ਕੋਈ ਡਰ ਨਹੀਂ ਕਰਦੇ ॥" ਬਘੀਰੇ ਨੇ ਅਪਨਾ ਅਗਲਾ ਪੰਜਾ ਬੜੀ ਸੋਚ ਵਿਚ ਪੈ ਕੇ ਚਟ੍ਹਿਆ ॥

"ਮੂਰਖ ਹਾਂ ਮੈਂ ! ਓਹ। ਮੋਟ੍ਰਾ। ਭੂਰਾ। ਜੜ੍ਹਾਂ ਖੋਦਨ ਵਾਲਾ ਮੂਰਖ ਹਾਂ ਮੈਂ।" ਇਕ ਝਟਕੇ'ਚ ਸਿੱਧਾ ਹੋਕੇ। ਭਾੱਲੂ ਨੇ ਕਿਹਾ। "ਇਹ ਸਚੂ ਹੈ ਜੋ ਜੰਗਲੀ ਹਾਥੀ ਕਹਿੰਦਾ ਹੈ : 'ਹਰ ਕੋਈ ਕਿਸੇ ਇਕ ਚੀਜ'ਤੋਂ ਡਰਦਾ ਹੈ' ਅਤੇ ਓਹ। ਬਾਂਦਰ ਲੋਗ। 'ਕਾ' ਪੱਥਰਾਂ ਦੇ ਸੱਪ'ਤੋਂ ਡਰਦੇ ਨੇ ॥ ਓਹ ਇਨ੍ਹੀ ਅਸਾਨੀ ਨਾਲ ਉੱਪਰ ਚੜ੍ਹ ਸਕਦਾ ਹੈ ਜਿਵੇਂ ਓਹ ਲੋੱਕੀ ॥ ਓਹ ਜਵਾਨ ਬਾਂਦਰਾਂ ਨੂੰ ਰਾਤ ਨੂੰ ਚੋਰੀ ਕਰ ਲੈਂਦਾ ਹੈ ॥ ਉਧਾ ਨਾਂਉ ਫੁਸਫੁਸਾਉਨ ਭਰ ਨਾਲ ਇਨ੍ਹਾਂ ਦੀ ਦੁਸ੍ਰ ਪੂਛ ਠੰਡੀ ਪੈ ਜਾਉਂਦੀ ਹੈ ॥ ਚਲੋ ਕਾ ਕੋਲ ਚੱਲਿਏ ॥"

"ਓਹ ਸਾੱਢੇ ਵਾਸ੍ਤੇ ਕੀ ਕਰੇਗਾ ? ਓਹ ਸਾੱਢੇ ਕਬੀਲੇ ਦਾ ਨਹੀਂ ਹੈ। ਪੈਰਾਂ ਦੇ ਨਾਂ ਹੋਣ ਕਰਕੇ - ਅਤੇ ਸਭ ਤੋਂ ਮਨਹੂਸ ਅੱਖਾਂ ਵਾਲਾ।" ਬਘੀਰੇ ਨੇ ਕਿਹਾ ॥

"ਓਹ ਬਹੁਤ ਬਜੁਰ੍ਗ ਹੈ ਅਤੇ ਬਹੁਤ ਮੱਕਾਰ ਹੈ ॥ ਸਭ ਤੋਂ ਵੱਧ। ਕਿ ਓਹ ਹਮੇਸ਼ਾ ਹੀ ਭੁੱਖਾ ਹੁੰਦਾ ਹੈ।" ਭਾੱਲੂ ਨੇ ਬੜੀ ਉਮੀਦ ਨਾਲ ਬੋੱਲਿਆ ॥ "ਓਨ੍ਹੂ ਕਈ ਬਕਰੀਆਂ ਦਾ ਵਾਇਦਾ ਕਰ ॥"

"ਓਹ ਇਕ ਵਾਰ ਖਾਣ'ਤੋਂ ਬਾਦ ਪੂਰਾ ਇਕ ਮਹੀਨਾ ਸੋਂਦਾ ਹੈ ॥ ਓਹ ਸ਼ਾਇਦ ਸੌਂ ਰਿਹਾ ਹੋਵੇ। ਭਾਵੇਂ ਓਹ ਜਾਗ੍ਰਿਆ ਹੋਵੇ ਫੇਰ ਕੀ ਕਿ ਓਹ ਸਿਰਫ ਆਪ ਹੀ ਅਪਨੀਆਂ ਬਕਰੀਆਂ ਮਾਰੇ ?" ਬਘੀਰਾ। ਜੋ ਕਾ ਬਾਰੇ ਜਿਆਦਾ ਨਹੀਂ ਸੀ ਜਾਣਦਾ। ਕੁਦਰਤੀ ਸ਼ੱਕੀ ਸੀ ॥

"ਤਾਂ ਫੇਰ। ਤੂੰ ਅਤੇ ਮੈਂ ਕੱਠੇ। ਪੁਰਾਣੇ ਸ਼ਿਕਾਰੀ। ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਾਂ ॥" ਇੱਥੇ ਭਾੱਲੂ ਨੇ ਅਪਨਾ ਭੂਰਾ ਮੋਢਾ ਜਿਧਾ ਰੰਗ ਉਡ ਚੁੱਕਾ ਸੀ। ਤੇਂਦੁਏ ਨਾਲ ਰਗ੍ੜਿਆ। ਅਤੇ ਓਹ ਚੱਲ ਪਏ ਕਾ ਪੱਥਰਾਂ ਦੇ ਅਜਗਰ ਦੀ ਤਲਾਸ਼'ਚ ॥

ਓਨ੍ਹਾਂ ਨੂੰ ਓਹ ਇਕ ਤਤ੍ਤੇ ਤਨੋਂ'ਤੇ ਲੰਮਾ ਪਿਆ ਦੁਪਹਿਰ ਦੀ ਧੁੱਪ ਸੇਕਦਾ ਹੋਇਆ ਮਿਲਿਆ। ਓਹ ਅਪਨੀ ਸੋਹਣੀ ਨਵੀਂ ਖੱਲ ਨੂੰ ਨਿਹਾਰ ਰਿਹਾ ਸੀ। ਕਿਓਂਕਿ ਪਿਛਲੇ ਦੱਸ ਦਿਨਾਂ'ਤੋਂ ਓਹ ਅਪਨੀ ਪੁਰਾਣੀ ਚਮੜੀ ਲਾਹੁਣ'ਤੋਂ ਬਾਦ ਅਰਾਮ ਫਰਮਾ ਰਿਹਾ ਸੀ। ਅਤੇ ਹੁਣ ਓਹ ਬਹੁਤ ਸ਼ਾਨਦਾਰ ਸੀ- ਅਪਨਾ ਵੱਢਾ ਫੀਨੇ ਨੱਕ ਵਰਗਾ ਸਿਰ ਜਮੀਨ'ਤੇ ਤੇਜੀ ਨਾਲ ਮਾਰ ਰਿਹਾ ਸੀ। ਅਤੇ ਅਪਨਾ ਤੀਹ ਫੁਟ੍ਟਾ ਸ਼ਰੀਰ ਮਰੋੜ ਕੇ ਗੰਢਾਂ ਪਾ ਅਤੇ ਟੇਢਾ ਵੀਂਗਾ ਕਰ ਰਿਹਾ ਸੀ। ਅਤੇ ਅਪਨੇ ਆਓਣ ਵਾਲੇ ਰਾਤ ਦੇ ਭੋਜਨ ਦਾ ਖਿਆਲ ਕਰਕੇ ਅਪਨੇ ਬੁੱਲ ਚਟ੍ਰ ਰਿਹਾ ਸੀ ॥

"ਇਨ੍ਹੇ ਖਾਧਾ ਨਹੀਂ ਹੈ।" ਅਪਨੀ ਖੁਸ਼ੀ ਜਾਹਿਰ ਕਰਦੇ ਹੋਏ ਭਾੱਲੂ ਬੋੱਲਿਆ। ਜਦੋਂ ਹੀ ਓਨ੍ਹੇ ਸੋਹਣੀ ਚਿਤਕਬਰੀ ਭੂਰੀ'ਤੇ ਪੀਲੀ ਚਮੜੀ ਵੇਖੀ ॥ "ਖਬਰਦਾਰ ਰਹੀਂ। ਬਘੀਰਿਆ ! ਇਨ੍ਹੂ ਦਿਸਨਾ ਥੋੜਾ ਘਟ੍ਰ ਹੋ ਜਾਉਂਦਾ ਹੈ। ਜਦੋਂ ਭੀ ਇਹ ਅਪਨੀ ਖੱਲ ਲਾਹੁਦਾਂ ਹੈ। ਅਤੇ ਬੜੀ ਫੁਰਤੀ ਨਾਲ ਵਾਰ ਕਰਦਾ ਹੈ ॥"

ਕਾ ਇਕ ਜਹਰੀਲਾ ਸੱਪ ਨਹੀਂ ਸੀ - ਸਚ੍ਚਾਈ ਇਹ ਹੈ ਕਿ ਓਹ ਜਹਰੀਲੇ ਸੱਪਾਂ'ਤੋਂ ਨਫਰਤ ਕਰਦਾ ਸੀ। ਅਤੇ ਓਨ੍ਹਾਂ ਨੂੰ ਬੁਜਦਿਲ ਕਹਿੰਦਾ ਸੀ - ਮਗਰ ਉਧੀ ਤਾਕਤ ਘੁਟ੍ਰਣ ਵਿਚ ਸੀ। ਅਤੇ ਜਦੋਂ ਇਕ ਵਾਰ ਓਨ੍ਹੇਂ ਕਿਸੇ ਨੂੰ ਘੁਟ੍ਰ ਲਿਆ ਹੋਵੇ ਤੇ ਫੇਰ ਕਹਿਨ ਵਾਸ੍ਤੇ

ਹੋਰ ਕੁਝ ਭੀ ਨਹੀਂ ਰਹਿੰਦਾ ਸੀ ॥ "ਵਧੀਆ ਸ਼ਿਕਾਰ ਹੋਵੇ !" ਭਾੱਲੂ ਅਪਨੇ ਪੁੱਠਾਂ'ਤੇ ਬੈਠਦੇ ਹੋਏ ਚੀਕਿਆ ॥ ਅਪਨੇ ਕਿਸਮ ਦੇ ਬਾਕੀ ਸੱਪਾਂ ਵਾਂਗ ਕਾ ਭੀ ਬੋਲਾ ਸੀ। ਅਤੇ ਪਹਿਲਾਂ ਸਦੂ ਲਈ ਲਗਾਈ ਅਵਾਜ ਨੂੰ ਨਹੀਂ ਸੁਣਿਆ ॥ ਫੇਰ ਓਨ੍ਹੇ ਸਿਰ ਨੀਵਾਂ ਕਰਕੇ ਕੁੰਡਲੀ ਮਾਰ ਲਈ। ਅਤੇ ਕਿਸੇ ਭੀ ਹਾਦਸੇ ਵਾਸ੍ਤੇ ਤਿਆਰ ਹੋ ਗਿਆ ॥

"ਸਾੱਢੇ ਸਭ ਦਾ ਵਧੀਆ ਸ਼ਿਕਾਰ ਹੋਵੇ।" ਓਨ੍ਹੇ ਜਵਾਬ ਦਿਤ੍ਤਾ ॥ "ਉਏ। ਭਾੱਲੂ। ਤੂੰ ਇੱਥੇ ਕੀ ਕਰ ਰਿਹਾ ਹੈਂ ? ਵਧੀਆ ਸ਼ਿਕਾਰ ਹੋਵੇ। ਬਘੀਰੇ ॥ ਸਾਨ੍ਹੂੰ ਘਟ੍ਟੋ ਘਟ੍ਟ ਇਕ ਨੂੰ ਭੋਜਨ ਚਾਹਿਦਾ ਹੈ ॥ ਕਿਸੇ ਸ਼ਿਕਾਰ ਦੀ ਕੋਈ ਖਬਰ ਹੈ ? ਇਕ ਹਿਰਣੀ ਹੁਣੇ। ਜਾਂ ਫੇਰ ਇਕ ਜਵਾਨ ਹਿਰਣ ਹੀ ਸਹੀ ? ਮੈਂ ਇਨ੍ਹਾਂ ਖਾੱਲੀ ਹਾਂ ਜਿਨ੍ਹਾਂ ਕਿ ਇਕ ਸੁੱਕਿਆ ਹੋਇਆ ਖੂਹ ॥"

"ਅਸੀਂ ਸ਼ਿਕਾਰ ਕਰ ਰਹੇ ਹਾਂ।" ਭਾੱਲੂ ਨੇ ਬੇਪਰਵਾਹੀ ਨਾਲ ਬੋੱਲਿਆ ॥ ਓਨ੍ਹੂ ਪਤਾ ਸੀ ਕਿ ਤੈਨੂੰ ਛੇੜ੍ਹੀ ਨਹੀਂ ਕਰਨੀ ਚਾਹਿਦੀ ਕਾ ॥ ਓਹ ਬਹੁਤ ਵੱਢਾ ਹੈ ॥

"ਮੈਨੂੰ ਅਪਨੇ ਨਾਲ ਆਓਣ ਦੀ ਇਜਾਜ਼ਤ ਦੇਓ।" ਕਾ ਬੋੱਲਿਆ ॥ "ਇਕ ਘਸੁੱਨ ਘਟ੍ਟ ਜਾਂ ਵੱਧ ਤੁਹਾਡੇ ਲਈ ਕੁਝ ਭੀ ਨਹੀਂ। ਬਘੀਰੇ ਜਾਂ ਭਾੱਲੂ। ਪਰ ਮੈਂਨੂੰ - ਮੈਂਨੂੰ ਇੰਤਜਾਰ ਹੀ ਇੰਤਜਾਰ ਕਈ ਦਿਨਾਂ ਵਾਸ੍ਤੇ ਲੱਕੜ ਦੇ ਰਸ੍ਤੇ'ਚ ਕਰਨਾ ਪੈਂਦਾ ਹੈ ਅਤੇ ਅੱਧੀ ਰਾਤ ਤਾਂਈ ਚੜ੍ਹਨਾ ਪੈਂਦਾ ਹੈ ਸਿਰਫ ਇਕ ਨਿੱਕੇ ਜਿਹੇ ਬਾਂਦਰ ਦੇ ਮਿਲਨ ਦੀ ਉਮੀਦ'ਚ ॥ ਪੱਸ਼ਾ ! ਟ੍ਹਾਣੀਆਂ ਓਹ ਨਹੀਂ ਰਹੀਆਂ ਜਦੋਂ ਮੈਂ ਜਵਾਨ ਸੀ ॥ ਸੜੀਆਂ ਸੋਟ੍ਹੀਆਂ ਅਤੇ ਸੁੱਕੀਆਂ ਟ੍ਹਾਣੀਆਂ ਨੇ ਸਾਰੀਆਂ ॥"

"ਸ਼ਾਇਦ ਤੇਰੇ ਬਹੁਤੇ ਵਜਨ ਦਾ ਇਸ ਗੱਲ ਨਾਲ ਕੁਝ ਤਾਲੁੱਕ ਹੈ।" ਭਾੱਲੂ ਬੋੱਲਿਆ ॥

"ਓਹ ਮੇਰੀ ਲੰਬਾਈ ਠੀਕ ਠਾਕ ਹੈ - ਠੀਕ ਠਾਕ ਹੈ।" ਕਾ ਨੇ ਥੋੜ੍ਹੇ ਗੁਰੂਰ ਨਾਲ ਬੋਲਿਆ ॥ ਮਗਰ ਇਹ ਸੱਭ ਲਈ। ਇਸ ਨਵੀਂ ਉਗ੍ਹੀ ਹੋਈ ਲੱਕੜ ਦਾ ਕਸੂਰ ਹੈ ॥ ਮੈ ਪਿਛਲੇ ਸ਼ਿਕਾਰ ਦੇ ਦੌਰਾਨ ਡਿਗਦਾ ਡਿਗਦਾ ਬਚਿਆ - ਮੇਰੇ ਫਿਸਲਣ ਦੀ ਅਵਾਜ ਨੇ ਕਿਓਂਕਿ ਮੇਰੀ ਪੂਛ ਨੇ ਦ੍ਰਖ੍ਤ ਨੂੰ ਘੁਟ੍ਟ ਕੇ ਫੜਿਆ ਨਹੀਂ ਸੀ। ਬਾਂਦਰ ਲੋਕਾਂ ਨੂੰ ਉਠਾ ਦਿਤ੍ਤਾ। ਅਤੇ ਓਨ੍ਹਾਂ ਨੇ ਮੈਨੂੰ ਬਹੁਤ ਭੈੜੇ ਨਾਉਂਆਂ ਨਾਲ ਬੁਲਾਇਆ ॥"

"ਬਿਨਾਂ ਪੈਰਾਂ ਵਾਲਾ। ਪੀਲਾ ਗਡੋਇਆ।" ਬਘੀਰੇ ਨੇ ਅਪਨੀਆਂ ਮੁੱਛਾਂ ਹੇਠ ਕਿਹਾ। ਜਿਵੇਂ ਕਿ ਕੁਝ ਯਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ ॥

"ਸ ਸ ਸ ! ਓਨ੍ਹਾਂ ਨੇ ਮੈਨੂੰ ਕਦੇ ਇਹ ਕਿਹ ਕੇ ਬੁਲਾਇਆ ਹੈ ?" ਕਾ ਨੇ ਕਿਹਾ ॥

"ਕੁਝ ਇੰਞ ਹੀ ਸਾਨ੍ਹੂੰ ਕਹਿਆ ਸੀ ਪਿਛਲੀ ਪੂਰਨਮਾਸੀ ਨੂੰ। ਮਗਰ ਅਸੀਂ ਗੌਰ ਨਹੀਂ ਕੀਤਾ ॥ ਓਹ ਕੁਝ ਭੀ ਕਹਿਣਗੇ - ਭਾਂਵੇ ਤੇਰੇ ਪੂਰੇ ਦੰਦ ਟੁਟ੍ਟ ਜਾਣ। ਅਤੇ ਤੈਨੂੰ ਇਕ ਬਚ੍ਚੇ'ਤੋਂ ਵੱਧ ਨਾਲ ਵਾਹ ਨਹੀਂ ਪੈਣਾ। ਕਿਓਂਕਿ(ਓਹ ਬੇਸ਼ਕ ਬੇਸ਼ਰਮ ਲੋਗ ਹਣ।

ਇਹ ਬਾਂਦਰ ਲੋਗ) - ਕਿਓਂਕਿ ਤੈਨੂੰ ਬਕਰੇ ਦੇ ਸਿੰਙਾਂ' ਤੋਂ ਡਰ ਲਗਦਾ ਹੈ। ਬਘੀਰਾ ਬੜੀ ਮਿਠਾਸ ਨਾਲ ਬੋਲਦਾ ਰਿਹਾ ॥

ਹੁਣ ਇਕ ਸੱਪ। ਖਾਸ ਕਰ ਕੇ ਕਾ ਵਰਗਾ ਚਤਰ ਬੁੱਢਾ ਅਜਗਰ। ਕਦੇ ਕਦੇ ਹੀ ਜਾਹਿਰ ਕਰਦਾ ਹੈ ਕਿ ਓਹ ਗੁੱਸਾਇਆ ਹੋਇਆ ਹੈ। ਪਰ ਭਾੱਲੂ ਅਤੇ ਬਘੀਰਾ ਕਾ ਦੇ ਗਲੇ ਦੇ ਦੋਂਵੇ ਪਾਸੇ ਵਢੀਆਂ ਨਿਗਲਣ ਵਾਲੀਆਂ ਮਾਸ ਪੇਸ਼ੀਆਂ ਨੂੰ ਫੜਕਦੇ'ਤੇ ਵੱਢਾ ਹੁੰਦੇ ਹੋਏ ਵੇਖ ਸਕਦੇ ਸੀ ॥

"ਬਾਂਦਰ ਲੋਕਾਂ ਨੇ ਅਪਨੀ ਜਗ੍ਹਾ ਬਦਲ ਲਈ ਹੈ।" ਓਨ੍ਹੇ ਹੋਲੇ ਜਿਹੇ ਬੋੱਲਿਆ ॥ "ਜਦੋਂ ਮੈ ਸੂਰਜ ਹੇਠ ਬਾਹਰ ਨਿੱਕਲਿਆ ਮੈਂ ਓਨ੍ਹਾਂ ਨੂੰ ਦੂਖ਼ੁਾਂ ਉਤ੍ਹੇ ਚਾਂਗਰਾਂ ਮਾਰਦੇ ਹੋਏ ਸੁਣਿਆ ॥"

"ਅਸੀਂ - ਅਸੀਂ ਬਾਂਦਰ ਲੋਕਾਂ ਦਾ ਪਿੱਛਾ ਕਰ ਰਹੇ ਹਾਂ ਹੁਣ।" ਭਾੱਲੂ ਬੋੱਲਿਆ। ਪਰ ਲਫਜ ਓੁਧੇ ਗਲੇ'ਚ ਅਟਕ ਗਏ। ਕਿਓਂਕਿ ਇਹ ਓੁਧੀ ਯਾਦ'ਚ ਪਹਿਲਾ ਸਮਾਂ ਸੀ ਜਦੋਂ ਜੰਗਲ ਦੇ ਲੋਕਾਂ'ਚੋਂ ਕੋਈ ਬਾਂਦਰਾਂ ਦੀ ਕਿਸੇ ਗੱਲ ਬਾਰੇ ਦਿਲਚਸ੍ਪੀ ਵਿਖਾ ਰਿਹਾ ਸੀ ॥

"ਬਿਨਾ ਕਿਸੇ ਸ਼ਕ ਦੀ ਗੁੰਜਾਇਸ਼ ਦੇ ਇਹ ਕੋਈ ਛੋਟ੍ਹੀ ਗੱਲ ਨਹੀਂ ਬਾਂਦਰ ਲੋਕਾਂ ਦਾ ਪਿੱਛਾ ਕਰਨਾ ਦੋ ਇਸ ਤਰ੍ਹਾਂ ਦੇ ਸ਼ਿਕਾਰੀ - ਸਰਦਾਰਾਂ ਦਾ ਅਪਨੇ ਜੰਗਲ'ਚ। ਮੈਂ ਪੂਰੇ ਦਾਵੇ ਨਾਲ ਕਿਹ ਸਕਦਾ ਹਾਂ - ਕਿ ਮੈਂ ਬਾਂਦਰ ਲੋਕਾਂ ਦਾ ਪਿੱਛਾ ਠੀਕ ਕਰ ਰਿਹਾ ਹਾਂ।" ਕਾ ਨੇ ਬੜੇ ਇੱਜ਼ਤ ਨਾਲ ਬੋੱਲਿਆ। ਜਿਵੇਂ ਓਹ ਜਿਗਿਆਸਾ ਨਾਲ ਫੁੱਲਿਆ ॥

"ਬੇਸ਼ਕ।" ਭਾੱਲੂ ਸ਼ੁਰੂ ਹੋਇਆ। "ਮੈਂ ਇਕ ਬੁਜੁਰ੍ਗ ਅਤੇ ਸਿਓਨੀ ਦੇ ਬਘਿਆੜਾਂ ਦੇ ਦਲ ਦੇ ਬਲੂੰਗੜਿਆਂ ਦਾ ਕਨੂੰਨ ਦਾ ਕਦੇ ਕਦੇ ਬੜਾ ਮੂਰਖ ਉਸਤਾਦ ਹੋਣ'ਤੋਂ ਸਿਵਾ ਕੁਝ ਨਹੀਂ ਹਾਂ। ਅਤੇ ਬਘੀਰਾ ਇੱਥੇ -"

"ਬਘੀਰਾ ਹੈ।" ਕਾਲੇ ਤੇਂਦੁਏ ਨੇ ਕਿਹਾ। ਅਤੇ ਓੁਧਾ ਜਬਾੜਾ ਝਟ੍ਹ ਬੰਦ ਹੋ ਗਿਆ ਕਿਓਂਕਿ ਉਸ ਨੂੰ ਹਲੀਮੀ ਨਹੀਂ ਆਓਂਦੀ ਸੀ ॥ "ਮੁਸੀਬਤ ਇਹ ਹੈ। ਕਾ ॥ ਓਹ ਮੇਵੇ ਚੋਰੀ ਕਰਨ ਵਾਲੇ ਅਤੇ ਤਾੜਾਂ ਦੇ ਪਤ੍ਹੇ ਚੋਰਾਂ ਨੇ ਸਾੱਢਾ ਆਦਮੀ ਦਾ ਬਲੂੰਗੜਾ ਸ਼ਾਇਦ ਜਿਸ ਬਾਰੇ ਤੂੰ ਸੁਣਿਆ ਹੀ ਹੋਣਾ। ਚੋਰੀ ਕਰ ਲਿਆ ਹੈ ॥"

"ਮੈਂ ਇੱਕੀ ਕੋਲੋਂ ਕੁਝ ਖਬਰ ਸੁਣੀ ਸੀ(ਓੁਧੇ ਕੰਡੇ ਓਨ੍ਹੂ ਢੀਠ ਬਨਾ ਦਿੰਦੇ ਨੇ) ਕਿ ਕਿਸੇ ਆਦਮੀ - ਜਿਹੀ - ਚੀਜ ਨੂੰ ਬਘਿਆੜਾਂ ਦੇ ਦਲ'ਚ ਸ਼ਾਮਿਲ ਕੀਤ੍ਹਾ ਗਿਆ ਹੈ। ਪਰ ਮੈਂ ਯਕੀਨ ਨਹੀਂ ਕੀਤ੍ਹਾ ॥ ਇੱਕੀ ਸੁਣੀਆਂ ਸੁਣਾਈਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ ॥"

"ਮਗਰ ਇਹ ਸਚ੍ਹ ਹੈ ॥ ਓਹ ਇਸ ਤਰ੍ਹਾਂ ਦਾ ਆਦਮੀ ਦਾ ਬਲੂੰਗੜਾ ਹੈ ਜਿਵੇਂ ਓਹ ਕਦੇ ਭੀ ਨਹੀਂ ਸੀ।" ਭਾੱਲੂ ਨੇ ਕਿਹਾ ॥ "ਆਦਮੀ ਦੇ ਬਲੂੰਗੜਿਆਂ'ਚੋਂ ਸਭ ਤੋਂ ਵਧੀਆ'ਤੇ ਸਭ ਤੋਂ ਬਹਾਦਰ - ਮੇਰਾ ਅਪਨਾ ਸਿਖ। ਜਿਙ੍ਹਾ ਭਾੱਲੂ ਦਾ ਨਾਂਓੁ ਸਾਰੇ

ਜੰਗਲਾਂ'ਚ ਮਸ਼ਹੂਰ ਕਰ ਦੇਵੇਗਾ ॥ ਅਤੇ ਨਾਲ ਹੀ । ਮੈਂ - ਅਸੀਂ - ਓਨ੍ਹ ਪਿਆਰ ਕਰਦੇ ਹਾਂ । ਕਾ ॥"

"ਸ਼ਤ੍ਰ ! ਸ਼ਤ੍ਰ !" ਕਾ ਨੇ । ਅਪਨਾ ਸਿਰ ਹਿਲਾਉਂਦੇ ਹੋਏ ਕਿਹਾ ॥ "ਮੈਨੂੰ ਭੀ ਪਤਾ ਹੇ ਕਿ ਪਿਆਰ ਕੀ ਹੁੰਦਾ ਹੈ ॥ ਕਾਫੀ ਕਿੱਸੇ ਹਣ ਮੈ ਕਿਹ ਸਕਦਾ ਹਾਂ - ॥"

"ਜਿਨ੍ਹਾਂ ਨੂੰ ਇਕ ਸਾਫ ਸੁਥਰੀ ਰਾਤ ਦੀ ਲੋੜ ਹੈ ਜਦੋਂ ਅਸੀ ਚੰਗੀ ਤਰ੍ਹਾਂ ਰੱਜੇ ਹੋਇਏ । 'ਤੇ ਤਰੀਫ ਠੀਕ ਤਰ੍ਹਾਂ ਕਰ ਸਕਿਏ ।" ਬਘੀਰੇ ਨੇ ਜਲ੍ਹੀ ਕਿਹਾ ॥ "ਸਾੱਢਾ ਆਦਮੀ ਦਾ ਬਲੂੰਗੜਾ ਹੁਣ ਬਾਂਦਰ ਲੋਕਾਂ ਦੇ ਹੱਥਾਂ'ਚ ਹੈ । ਅਤੇ ਸਾਨੂੰ ਪਤਾ ਹੈ ਕਿ ਜੰਗਲ ਦੇ ਸਾਰੇ ਲੋਕਾਂ'ਚੋਂ ਓਹ ਸਿਰਫ ਕਾ ਤੋਂ ਡਰਦੇ ਨੇਂ ॥"

"ਓਹ ਸਿਰਫ ਮੇਰੇ ਤੋਂ ਡਰਦੇ ਨੇ ॥ ਓਨ੍ਹਾਂ ਕੋਲ ਚੰਗੀ ਵਜ੍ਹਾ ਹੈ ।" ਕਾ ਨੇ ਕਿਹਾ ॥ "ਬੜਬੜੇ । ਮੂਰਖ । ਅਭਿਮਾਨੀ - ਅਭਿਮਾਨੀ । ਮੂਰਖ । ਅਤੇ ਬੜਬੜੇ ਨੇ । ਬਾਂਦਰ ॥ ਮਗਰ ਇਕ ਆਦਮੀ - ਜਿਹੀ - ਚੀਜ ਓਨ੍ਹਾਂ ਦੇ ਹੱਥੀ ਚੰਗੀ ਕਿਸਮਤ ਵਾਲਾ ਨਹੀਂ ਹੋ ਸਕਦਾ ॥ ਓਹ ਜਿੜ੍ਹੇ ਮੇਵੇ ਕੱਠੇ ਕਰਦੇ ਨੇ ਓਨ੍ਹਾਂ'ਤੋਂ ਭੀ ਅੱਕ ਜਾਉਂਦੇ ਨੇ ਅਤੇ ਹੇਠਾਂ ਦੇ ਮਾਰਦੇ ਨੇ ॥ ਓਹ ਅੱਧੇ ਦਿਨ ਤਾਂਈ ਇਕ ਸੋਟ੍ਹੀ ਚੁੱਕੀ ਫਿਰਦੇ ਨੇ । ਕਿ ਓੁਧੇ ਨਾਲ ਕੁਝ ਜਰੂਰੀ ਕੱਮ ਕਰਨਗੇ ਅਤੇ ਓਹ ਓੁਧੇ ਦੋ ਟੋਟ੍ਹੇ ਕਰ ਦਿੰਦੇ ਨੇ ॥ ਓੁਸ ਆਦਮੀ - ਜਿਹੀ - ਚੀਜ'ਤੋਂ ਸੜਨਾ ਨਹੀਂ ਚਾਹਿਦਾ ॥ ਓਹ ਮੈਨੂੰ ਭੀ ਕਹਿੰਦੇ ਸੀ 'ਪੀਲੀ ਮੱਛੀ' ਹੈਂ ਕਿ ਨਹੀਂ ?"

"ਗਡ - ਗਡ - ਗਡੋਇਆ ।" ਬਘੀਰੇ ਨਿ ਕਿਹਾ । "ਅਤੇ ਹੋਰ ਬਹੁਤ ਕੁਝ ਜਿੜ੍ਹਾ ਸ਼ਰਮ ਦੇ ਮਾਰੇ ਮੈਂ ਤੈਨੂੰ ਦੱਸ ਨਹੀਂ ਸਕਦਾ ॥"

"ਸਾਨ੍ਹੂੰ ਓਨ੍ਹਾਂ ਨੂੰ ਇਹ ਦੱਸਨਾ ਜਰੂਰੀ ਹੈ ਕਿ ਕਿਵੇਂ ਅਪਨੇ ਮਾਲਿਕ ਦੇ ਬਾਰੇ ਚੰਗਾ ਬੋਲਣਾ ਚਾਹਿਦਾ ਹੈ ॥ ਆਹ - ਸੱਪ ! ਸਾਨ੍ਹੂੰ ਓਨ੍ਹਾਂ ਦੀ ਭੁੱਲਦੀ ਹੋਈ ਯਾਦ੍ਹਾਸ਼੍ਹ ਦੀ ਮਦਦ ਕਰਨੀ ਚਾਹਿਦੀ ਹੈ ॥ ਹੁਣ । ਓਹ ਬਲੂੰਗੜਾ ਲੈਕੇ ਕਿੱਧਰ ਚਲੇ ਗਏ ਨੇ ?"

"ਸਿਰਫ ਜੰਗਲ ਨੂੰ ਹੀ ਇਹ ਪਤਾ ਹੈ ॥ ਮੇਰੇ ਖਿਆਲ ਨਾਲ । ਸੂਰਜ ਡੁੱਬਣ ਵਾਲੇ ਪਾਸੇ ।" ਭਾੱਲੂ ਨੇ ਕਿਹਾ ॥ "ਅਸੀਂ ਸੋਚ੍ਹਿਆ ਸੀ ਕਿ ਤੈਨੂੰ ਪਤਾ ਹੋਣਾ । ਕਾ ॥"

"ਮੈਨੂੰ ? ਕਿਵੇਂ ? ਮੈਂ ਓਨ੍ਹਾਂ ਨੂੰ ਕਾਬੂ ਕਰ ਲੈਂਦਾ ਹਾਂ ਜਦੋਂ ਓਹ ਮੇਰੇ ਰਾਹ ਪੈ ਜਾਣ । ਪਰ ਮੈਂ ਬਾਂਦਰ ਲੋਕਾਂ ਦਾ ਸ਼ਿਕਾਰ ਨਹੀਂ ਕਰਦਾ । ਜਾਂ ਡੱਡੂਆਂ ਦਾ - ਜਾਂ ਫੇਰ ਪਾਣੀ ਪੀਣ ਵਾਲੀ ਛਪੜੀ'ਤੇ ਹਰੀ ਗੰਦਗੀ ਦਾ ॥"

"ਓੁਤ੍ਹੇ ! ਓੁਤ੍ਹੇ । ਓੁਤ੍ਹੇ । ਓੁਤ੍ਹੇ ! ਹਿੱਲੋ ! ਇੱਲੋ ! ਇੱਲੋ ਓੁੱਪਰ ਵੇਖ । ਸਿਓੁਨੀ ਦੇ ਬਘਿਆੜਾਂ ਦੇ ਦਲ ਦੇ ਭਾੱਲੂ !"

ਭਾੱਲੂ ਨੇ ਓੁਤ੍ਹੇ ਵੇੱਖਿਆ ਇਹ ਵੇਖਣ ਵਾਸ੍ਹੇ ਕਿ ਅਵਾਜ ਕਿੱਥੋਂ ਆਈ । ਅਤੇ ਓਥੇ ਰਣ ਬਾਜ ਸੀ । ਸੂਰਜ ਓੁਧੇ ਓੁੱਪਰ ਨੂੰ ਮੁੜੇ ਹੋਏ ਖੰਭਾਂ'ਤੇ ਚਮਕ ਰਿਹਾ ਸੀ ॥ ਰਣ ਦਾ ਸੌਣ ਦਾ ਸਮਾਂ ਹੋ ਰਿਹਾ ਸੀ । ਪਰ ਓਨ੍ਹੇ ਸਾਰਾ ਜੰਗਲ ਛਾਨ ਮਾਰਿਆ'ਤੇ ਸੰਘਣੇ ਜੰਗਲ

ਕਰਕੇ ਭਾੱਲੂ ਨੂੰ ਵੇਖ ਨਹੀਂ ਸਕਿਆ ॥
"ਕੀ ਹੈ ?" ਭਾੱਲੂ ਨੇ ਕਿਹਾ ॥

"ਮੈਂ ਮੁਗਲੀ ਨੂੰ ਬਾਂਦਰ ਲੋਕਾਂ ਨਾਲ ਵੇੱਖਿਆ ਹੈ ॥ ਓਨ੍ਹੇ ਕਿਹਾ ਕਿ ਮੈਂ ਤੁਹਾਨੂੰ ਦੱਸ ਦਿਆਂ ॥ ਮੈ ਵੇੱਖਿਆ ॥ ਬਾਂਦਰ ਲੋਗ ਉਸ ਨੂੰ ਨਦੀ ਪਾਰ ਬਾਂਦਰ ਸ਼ਹਿਰ -ਠੰਡੀਆਂ ਗੁਫਾਵਾਂ ਵੱਲ ਲੈ ਗਏ ਨੇ ॥ ਓਹ ਓਥੇ ਇਕ ਰਾਤ । ਜਾਂ ਦੱਸ ਰਾਤਾਂ ਜਾਂ ਇਕ ਘੰਟਾ ਰਿਹ ਸਕਦੇ ਨੇ ॥ ਮੈਂ ਚੰਮਗਿਦੂੜਾਂ ਨੂੰ ਕਿਹਾ ਹੈ ਕਿ ਰਾਤ ਦੇ ਵੇਲੇ ਜਰਾ ਨਿਗਾਹ ਰੱਖਣ ॥ ਇਹ ਮੇਰਾ ਸੁਨੇਹਾ ਹੈ॥ ਵਧੀਆ ਸ਼ਿਕਾਰ ਹੋਵੇ। ਹੇਠਾਂ ਸਭ ਨੂੰ !"

"ਬਹੁਤ ਸਾਰਾ ਭੋਜਨ ਅਤੇ ਡੂੰਘੀ ਨੀਂਦ ਆਵੇ ਤੈਨੂੰ ਰਣ ।" ਬਘੀਰਾ ਚੀਕਿਆ ॥ "ਅਗਲੇ ਸ਼ਿਕਾਰ ਕਰਨ ਵਕ੍ਤ ਮੈਂ ਤੈਨੂੰ ਯਾਦ ਰਖਾਂਗਾ । ਅਤੇ ਸਿਰੀ ਸਿਰਫ ਤੇਰੇ ਵਾਸ੍ਤੇ ਬਚਾ ਕੇ ਰਖਾਂਗਾ । ਓਹ ਬਾਜਾਂ'ਚੋਂ ਬਾਜ !"

"ਇਹ ਕੁਝ ਭੀ ਨਹੀਂ ॥ ਇਹ ਕੁਝ ਭੀ ਨਹੀਂ ॥ ਮੁੰਡੇ ਨੂੰ ਚੋਣਵੇ ਸ਼ਬਦ ਯਾਦ ਰਹੇ ॥ ਮੈਂ ਭੀ ਕੁਝ ਘਟ੍ਟ ਨਹੀਂ ਕਰਦਾ ।" ਅਤੇ ਰਣ ਨੇ ਉੱਪਰ ਗੋਲ ਚੱਕਰ ਕੱਢਿਆ'ਤੇ ਅਪਨੇ ਆਲ੍ਹਣੇ ਵੱਲ ਟੁਰ ਪਿਆ ॥

"ਓਨ੍ਹੇ ਅਪਨੀ ਜਬਾਨ ਇਸ੍ਤੇਮਾਲ ਕਰਣੀ ਨਹੀਂ ਭੁੱਲੀ ।" ਭਾੱਲੂ ਨੇ ਬੜੇ ਫਖਰ ਨਾਲ ਕਿਹਾ ॥ "ਇਨ੍ਹੇ ਛੋਟ੍ਟੇ ਨੇ ਪਰਿੰਦਿਆਂ ਦੇ ਚੋਣਵੇ ਸ਼ਬਦ ਯਾਦ ਰੱਖੇ ਓਦੋਂ ਜਦੋਂ ਉਸ ਨੂੰ ਦ੍ਰਖ੍ਤਾਂ'ਚ ਘਸੀਟ੍ਟਿਆ ਜਾ ਰਿਹਾ ਸੀ !"

"ਓ੍ਹਧੇ'ਚ ਇਹ ਕੁਟ੍ਟ ਕੁਟ੍ਟ ਕੇ ਭਰਿਆ ਗਿਆ ਸੀ ।" ਬਘੀਰੇ ਨੇ ਕਿਹਾ ॥ "ਪਰ ਮੈਨੂੰ ਓ੍ਹਧੇ'ਤੇ ਬੜਾ ਫੱਖਰ ਹੈ । ਅਤੇ ਹੁਣ ਸਾਨੂੰ ਠੰਡੀਆਂ ਗੁਫਾਵਾਂ'ਤੇ ਜਾਣਾ ਚਾਹਿਦਾ ਹੈ ॥"

ਓਨ੍ਹਾਂ ਸਭ ਨੂੰ ਇਹ ਪਤਾ ਸੀ ਕਿ ਓਹ ਜਗ੍ਹਾ ਕਿੱਥੇ ਹੈ । ਪਰ ਕੁਝ ਹੀ ਜੰਗਲ ਦੇ ਲੋਗ ਕਦੇ ਓੱਧਰ ਗਏ ਸੀ । ਕਿਓਂਕਿ ਜਿਸ ਨੂੰ ਓਹ ਠੰਡੀਆਂ ਗੁਫਾਵਾਂ ਕਹਿੰਦੇ ਸੀ ਦਰਅਸਲ ਓਹ ਪੁਰਾਨਾ ਉਜੜਿਆ ਹੋਇਆ ਸ਼ਹਿਰ ਸੀ । ਗੁਮ ਅਤੇ ਜੰਗਲ'ਚ ਦਬਿਆ ਹੋਇਆ । ਅਤੇ ਵ੍ਹਸ਼ੀ ਘਟ੍ਟ ਹੀ ਓਹ ਜਗ੍ਹਾ ਇਸ੍ਤੇਮਾਲ ਕਰਦੇ ਨੇ ਜਿੱਥੇ ਕਦੇ ਆਦਮੀ ਰਿਹਾ ਹੋਵੇ ॥ ਜੰਗਲੀ ਸੂਰ ਇਸ੍ਤੇਮਾਲ ਕਰ ਸਕਦੇ ਨੇ ਪਰ ਸ਼ਿਕਾਰ ਕਰਨ ਵਾਲੇ ਕਬੀਲੇ ਕਦੀ ਭੀ ਨਹੀਂ ॥ ਨਾਲ ਹੀ ਬਾਂਦਰ ਓਥੇ ਰਹਿੰਦੇ ਸੀ ਇਨ੍ਹਾਂ ਕਿ ਜਿਨ੍ਹਾ ਕਿਹਾ ਜਾ ਸਕਦਾ ਹੈ ਕਿ ਓਹ ਕਿਧਰੇ ਹੋਰ ਰਹਿਣ ਅਤੇ ਕੋਈ ਭੀ ਖੁਦ੍ਦਾਰ ਜਾਨਵਰ ਓ੍ਹਧੀ ਨਜਰ'ਚ ਨਹੀ ਆਵੇਗਾ ਸਿਰਫ ਸੋੱਕੇ ਦੇ ਸਮੇ ਨੂੰ ਛੱਡ ਕੇ । ਜਦੋਂ ਅੱਧ ਪਚਦ੍ਦੀਆਂ ਛਪੜੀਆਂ'ਤੇ ਤਲਾਉਆਂ'ਚ ਮਾੜਾ'ਕ ਪਾਣੀ ਬਚ੍ਚਿਆ ਹੋਵੇ ॥

"ਇਹ ਪੂਰੀ ਰਫ੍ਤਾਰ ਨਾਲ - ਅੱਧੀ ਰਾਤ ਦਾ ਸਫਰ ਹੈ ।" ਬਘੀਰੇ ਨੇ ਕਿਹਾ ਅਤੇ ਭਾੱਲੂ ਬੜਾ ਸੰਜੀਦਾ ਲਗ ਰਿਆ ਸੀ ॥ "ਮੈਂ ਜਿਨ੍ਹਾਂ ਛੇਤ੍ਤੀ ਤੋਂ ਛੇਤ੍ਤੀ ਜਾ ਸਕਦਾ ਹਾਂ ਜਾਵਾਂਗਾ ।" ਬੜਾ ਉਤਾਵਲਾ ਹੋਕੇ ਓਨ੍ਹੇ ਬੋੱਲਿਆ ॥

"ਸਾਨੂੰ ਤੇਰਾ ਇੰਤਜਾਰ ਕਰਨ ਦੀ ਜੁਰ੍ਰਤ ਨਹੀਂ ਕਰਨੀ ॥ ਭਾਲੂ ਦੇ ਪਿੱਛੇ ਪਿੱਛੇ ਚਲ ॥ ਸਾਨੂੰ ਛੇਤ੍ਰੀ ਪੈਰ ਪੁਟ੍ਰਣੇ ਚਾਹਿਦੇ ਨੇ - ਕਾ'ਤੇ ਮੈਨੂੰ ॥"

"ਮੇਰੇ ਪੈਰ ਹੋਣ ਜਾਂ ਨਾਂ ਹੋਣ । ਮੈਂ ਤੁਹਾਡੇ ਚਾਰੋਂ ਪੈਰਾਂ ਨਾਲ ਕਦਮ ਮਿਲਾ ਕੇ ਚਲ ਸਕਦਾ ਹਾਂ ।" ਕਾ ਨੇ ਥੋੜੀ ਦੇਰ ਬਾਦ ਕਿਹਾ ॥ ਭਾਲੂ ਨੇ ਇਕ ਕੋਸ਼ਿਸ਼ ਕੀਤ੍ਰੀ ਛੇਤ੍ਰੀ ਕਰਨ ਦੀ । ਪਰ ਉ੍ਹਧਾ ਸਾਹ ਫੂਲ ਗਿਆ'ਤੇ ਓਨ੍ਹੂ ਬੈਠਨਾ ਪੈ ਗਿਆ । 'ਤੇ ਬਾਕੀ ਦੇ ਓਨ੍ਹੂ ਛੱਡ ਕੇ ਟੁਰ ਪਏ ਕਿ ਓਹ ਬਾਦ'ਚ ਆ ਜਾਵੇਗਾ । ਅਤੇ ਬਘੀਰਾ ਛੇਤ੍ਰੀ ਛੇਤ੍ਰੀ ਤੇਂਦੁਆ ਚਾਲ'ਚ ਅਗ੍ਹੇ ਵਧਣ ਲਗ ਪਿਆ ॥ ਕਾ ਨੇ ਕੁਝ ਨਹੀਂ ਕਿਹਾ । ਪਰ । ਇੰਝ ਜਤਨ ਕਰਨ ਲਗ ਪਿਆ ਜਿਵੇਂ ਸ਼ਾਇਦ ਬਘੀਰਾ ਕਰਦਾ । ਵੱਢਾ ਪੱਥਰਾਂ ਦਾ ਸੱਪ ਬਘੀਰੇ ਦੇ ਹਰ ਕਦਮ ਬਰਾਬਰ ਰਿਹਾ ॥ ਜਦੋਂ ਓਹ ਇਕ ਪ੍ਹਾੜੀ ਚੋਈ'ਤੇ ਪ੍ਹੰਚੇ । ਬਘੀਰਾ ਅਗ੍ਹੇ ਵੱਧ ਗਿਆ । ਕਿਓਂਕਿ ਓਨ੍ਹੇ ਛਾਲਾ ਮਾਰੀਆਂ ਜਦੋਂ ਕਿ ਕਾ ਤੈਰਿਆ । ਉ੍ਹਧਾ ਸਿਰ ਅਤੇ ਉ੍ਹਧੀ ਗਰਦਨ ਦੇ ਦੋ ਪੈਰ ਪਾਣੀ'ਤੋਂ ਬਾਹਰ ਸੀ । ਪਰ ਰੜੇ ਮਦਾਨ'ਚ ਕਾ ਨੇ ਦੂਰੀ ਬਰਾਬਰ ਕਰ ਲਈ ॥

"ਉਸ ਟੁਟ੍ਹੇ ਤਾਲੇ ਦੀ ਕਸਮ ਜਿਨ੍ਹੇ ਮੈਨੂੰ ਅਜਾਦ ਕਰਵਾਇਆ ।" ਬਘੀਰੇ ਨੇ ਕਿਹਾ । ਜਦੋਂ ਤ੍ਰਿਕਾਲਾਂ ਦੀ ਰੋਸ਼ਨੀ ਫੁਟ੍ਹ ਰਹੀ ਸੀ । "ਤੂੰ ਕੋਈ ਹੌਲੀ ਚੱਲਣ ਵਾਲਾ ਨਹੀਂ ਹੈ !"

"ਮੈਨੂੰ ਭੁੱਖ ਲਗ੍ਹੀ ਹੈ ।" ਕਾ ਨੇ ਕਿਹਾ ॥ "ਨਾਲੇ । ਓਨ੍ਹਾਂ ਨੇ ਮੈਨੂੰ ਚਿਤਕਬਰਾ ਡੱਡੂ ਕਿਹਾ ॥"

"ਕੀੜਾ - ਗਡੋਇਆ । ਅਤੇ ਸਿਰ'ਤੋਂ ਪੈਰ ਤਾਂਈ ਪੀਲਾ ॥"

"ਹਰ ਕੋਈ ॥ ਚਲੋ ਅਸੀਂ ਚੱਲਿਏ ।" ਅਤੇ ਇੰਝ ਜਾਪਦਾ ਸੀ ਕਿ ਕਾ ਨੇ ਅਪਨੇ ਆਪ ਨੂੰ ਜਮੀਨ'ਚ ਗੱਡ ਲਿਆ ਹੋਵੇ । ਤੇ ਅਪਨੀਆਂ ਅਡੋਲ ਅੱਖਾਂ ਨਾਲ ਸਭ ਤੋਂ ਛੋਟ੍ਹਾ ਰਸ੍ਹਾ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੋਵੇ । ਅਤੇ ਉ੍ਹਧੇ'ਤੇ ਡਟਿਆ ਰ੍ਹਵੇ ॥

ਠੰਡੀਆਂ ਗੁਫਾਵਾਂ'ਚ ਬਾਂਦਰ - ਲੋਗ ਮੁਗਲੀ ਦੇ ਦੋਸ੍ਹਾਂ ਬਾਰੇ ਬਿਲਕੁਲ ਨਹੀਂ ਸੋਚ ਰਹੇ ਸੀ ॥ ਓਹ ਮੁੰਡੇ ਨੂੰ ਗਰਕ ਹੋਏ ਸ਼ਹਿਰ'ਚ ਲਿਆਏ ਸੀ । ਅਤੇ ਇਸ ਵੇਲੇ ਅਪਨੇ ਆਪ ਨਾਲ ਬਹੁਤ ਖੁਸ਼ ਸੀ ॥ ਮੁਗਲੀ ਨੇ ਹਿੰਦੁਸ੍ਹਾਨੀ ਸ਼ਹਿਰ ਇਸ ਤੋਂ ਪਹਿਲਾਂ ਕਦੇ ਭੀ ਨਹੀ ਸੀ ਵੇੱਖਿਆ । ਭਾਵੇਂ ਇਹ ਸਿਰਫ ਖੰਡ੍ਹਰ ਸੀ ਇਹ ਬੜਾ ਨਿਰਾਲਾ'ਤੇ ਸ਼ਾਨਦਾਰ ਜਾਪਦਾ ਸੀ ॥ ਕਿਸੇ ਰਾਜੇ ਨੇ ਇਹ ਬਹੁਤ ਪਹਿਲਾਂ ਛੋਟ੍ਹੀ ਪ੍ਹਾੜੀ ਦੇ ਉਤ੍ਹੇ ਬਨਵਾਇਆ ਸੀ ॥ ਹਜੇ ਭੀ ਤੁਸੀਂ ਪੱਥਰਾਂ ਦੇ ਰਸ੍ਹੇ ਤਲਾਸ਼ ਸਕਦੇ ਸੀ ਜਿੜ੍ਹੇ ਬਰਬਾਦ ਹੋਏ ਦਰਵਾਜਿਆਂ ਵਲ ਜਾਓਂਦੇ ਸੀ ਜਿੱਥੇ ਲੱਕੜ ਦੀਆਂ ਆਖਰੀ ਫਟ੍ਹੀਆਂ ਘਸੇ'ਤੇ ਜੰਗਾਲ ਦੇ ਖਾਦੇ ਹੋਏ ਕਬਜਿਆਂ ਨਾਲ ਲਟਕੀਆਂ ਸੀ ॥ ਦਿਵਾਰਾਂ'ਚ'ਤੇ ਦਿਵਾਰਾਂ ਉਤ੍ਹੇ ਦ੍ਰਖ੍ਹ ਉਗ੍ਹ ਆਏ ਸੀ । ਕਿਲੇ ਦੀਆਂ ਬੁਰਜਦਾਰ ਕੰਧਾ ਹੇਠਾਂ ਢਿਹ'ਤੇ ਗੱਲ ਚੁੱਕੀਆਂ ਸੀ । ਅਤੇ ਜੰਗਲੀ ਵੇਲਾਂ ਬੁਰਜਾਂ ਦੀ ਖਿੜਕੀਆਂ'ਚੋਂ ਬਾਹਰ ਝੂਲਦੇ ਗੁੱਛੇ ਬਣਕੇ ਨਿਕਲਣ ਡ੍ਹਇਆਂ ਸੀ ॥

ਇਕ ਮਹਾਨ ਬਿਨਾ ਛਤ੍ਹ ਦਾ ਮਹਲ ਪ੍ਹਾੜੀ'ਤੇ ਸਰਤਾਜ ਸੀ । ਅਤੇ ਵਿਹੜਿਆਂ ਦਾ ਸੰਗਮਰਮਰ ਅਤੇ ਫੁਵ੍ਹਾਰੇ ਫਟੇ ਪਏ ਸੀ । ਅਤੇ

ਲਾਲ'ਤੇ ਹਰੇ ਰੰਗਾਂ ਨਾਲ ਸੱਣੇ ਪਏ ਸੀ । ਅਤੇ ਓਹ ਪੱਥਰ ਜਿੱਥੇ ਰਾਜੇ ਦੇ ਹਾਥੀ ਰਹਿੰਦੇ ਸੀ ਘਾਹ'ਤੇ ਬੂਟਿਆਂ ਨਾਲ ਉਪੱਰ ਉੱਠੇ ਅਤੇ ਪਾਸੇ ਹੋਏ ਹੋਏ ਸੀ ॥ ਮਹਲ'ਤੋਂ ਤੁਸੀਂ ਵੇਖ ਸਕਦੇ ਸੀ ਬਿਨਾ ਛਤ੍ਹ ਦੇ ਮਕਾਨਾਂ ਦੀਆਂ ਕਤਾਰਾਂ ਹੀ ਕਤਾਰਾਂ ਜਿੜ੍ਹੇ ਇੰਝ ਜਾਪਦੇ ਸੀ ਜਿਵੇਂ ਖਾਲੀ ਮਖੀਲ ਕਾਲਕ ਨਾਲ ਭਰਿਆ ਹੋਵੇ । ਬੇਸ਼ਕਲਾ ਵੱਢਾ ਪੱਥਰ ਜਿੜ੍ਹਾ ਮੂਰਤ ਹੋਇਆ ਕਰਦਾ ਸੀ ਜਿੜ੍ਹਾ ਚੌਕ ਵਿਚ ਲਗ੍ਗਿਆ ਹੋਇਆ ਸੀ । ਗਲੀਆਂ ਦੇ ਨੁਕਰਾਂ'ਚ ਖੱਡੇ'ਤੇ ਟੋਏ ਪਏ ਹੋਏ ਸੀ ਜਿੱਥੇ ਕਦੇ ਸਾਂਝੇ ਖੂਹ ਹੋਇਆ ਕਰਦੇ ਸੀ । ਅਤੇ ਮੰਦਰਾਂ ਦੇ ਟੁਟ੍ਹੇ ਹੋਏ ਗੁੰਬਦ ਜਿਨ੍ਹਾਂ'ਚੋਂ ਜੰਗਲੀ ਅੰਞੀਰ ਫੁੱਟੇ ਹੋਏ ਸੀ ॥ ਬਾਂਦਰ ਇਸ ਜਗ੍ਹਾ ਨੂੰ ਅਪਨਾ ਸ਼ਹਿਰ ਕਹਿੰਦੇ ਸੀ। ਅਤੇ ਇੰਝ ਢੌਂਗ ਕਰਦੇ ਸੀ ਕਿ ਓਹ ਜੰਗਲ ਦੇ ਲੋਕਾਂ'ਤੋਂ ਨਫਰਤ ਕਰਦੇ ਨੇ ਕਿਓਂਕਿ ਓਹ ਜੰਗਲ'ਚ ਰਹਿੰਦੇ ਨੇ ॥ ਅਤੇ ਫੇਰ ਭੀ ਓਨ੍ਹਾਂ ਨੂੰ ਇਹ ਨਹੀਂ ਸੀ ਪਤਾ ਇਮਾਰਤਾਂ ਕਿਸ ਵਾਸ੍ਤੇ ਬਨਾਈਆਂ ਗਈਆਂ ਸੀ ਅਤੇ ਓਨ੍ਹਾਂ ਨੂੰ ਕਿੰਝ ਇਸ੍ਤੇਮਾਲ ਕਰਨ ॥ ਓਹ ਰਾਜੇ ਦੇ ਦਰਬਾਰ'ਚ ਗੋਲ ਘੇਰਾ ਬਨਾ ਕੇ ਬੈਹ ਜਾਉਂਦੇ ਸੀ । ਚਿਚ੍ਹੜੀਆਂ ਕੱਢਕੇ ਅਪਨੇ ਆਪ ਨੂੰ ਖੁਰਕਦੇ ਸੀ ਅਤੇ ਇੰਝ ਵਿਖਾਵਾ ਕਰਦੇ ਸੀ ਜਿਵੇਂ ਕਿ ਓਹ ਆਦਮੀ ਹੋਣ । ਜਾਂ ਫੇਰ ਬਿਨਾ ਛਤ੍ਹ ਦੇ ਘਰਾਂ'ਚ ਅੰਦਰ ਬਾਹਰ ਨੱਸਦੇ ਰਹਿੰਦੇ ਸੀ । ਅਤੇ ਪੁਰਾਣੀਆਂ ਇਟ੍ਹਾਂ'ਤੇ ਪਲਸ੍ਤਰ ਦੇ  ਟੁਕੜੇ ਇਕ ਕੋਨੇ'ਚ ਜਮਾਂ ਕਰਕੇ ਭੁੱਲ ਜਾਉਂਦੇ ਸੀ । ਅਤੇ ਰੋਂਦੇ ਅਤੇ ਭੀੜ'ਚ ਘਸੀਟਦੇ ਹੋਏ ਲੜਦੇ ਸੀ ਅਤੇ ਫੇਰ ਥੋੜੀ ਦੇਰ ਬਾਦ ਰਾਜੇ ਦੇ ਬਾਗ ਦੇ ਚਬੂਤਰਿਆਂ'ਚ ਉੱਪਰ ਖੇੱਡਨ ਲਗ੍ਹ ਜਾਉਂਦੇ ਅਤੇ ਗੁਲਾਬ'ਤੇ ਸੰਤਰਿਆਂ ਦੇ ਦ੍ਰਖ੍ਤਾਂ ਨੂੰ ਹਿਲਾਉਣ ਲਗ੍ਹ ਜਾਉਂਦੇ'ਤੇ ਦ੍ਰਖ੍ਤਾਂ'ਤੋਂ ਫੁੱਲ'ਤੇ ਫੱਲ ਹੇਠਾਂ ਡਿਗ੍ਹਦੇ ਹੋਏ ਵੇਖਦੇ ॥ ਓਹ ਮਹਲ ਦੇ ਸਾਰੇ ਰਸ੍ਤੇ'ਤੇ ਸੁਰੰਗਾ ਅਤੇ ਕਈ ਸੌ ਨ੍ਹੇਰੇ ਕਮਰਿਆਂ ਨੂੰ ਚੰਗੀ ਤਰ੍ਹਾਂ ਭਾਲਦੇ । ਪਰ ਓਨ੍ਹਾਂ ਨੂੰ ਇਹ ਸਭ ਕਦੇ ਭੀ ਯਾਦ ਨਹੀਂ ਰਹਿੰਦਾ ਕਿ ਓਨ੍ਹਾਂ ਨੇ ਕੀ ਵੇੱਖਿਆ ਹੈ ਅਤੇ ਕੀ ਨਹੀਂ । ਅਤੇ ਇਕ ਦੋ ਜਾਂ ਬਹੁਤਿਆਂ ਦੇ ਦਲ ਬਣਾਕੇ ਐਂਵੇ ਹੀ ਘੁੱਮਦੇ ਰਹਿੰਦੇ ਅਤੇ ਕਹਿੰਦੇ ਕਿ ਓਹ ਇੰਝ ਕਰ ਰਹੇ ਨੇ ਜਿਵੇਂ ਆਦਮੀ ਕਰਦੇ ਨੇ ॥ ਓਹ ਛਪੜੀਆਂ'ਚੋਂ ਪਾਣੀ ਪੀਂਦੇ ਸੀ ਅਤੇ ਪਾਣੀ ਨੂੰ ਮਟਮੈਲਾ ਕਰ ਦਿੰਦੇ । ਅਤੇ ਫੇਰ ਓਹ ਇਸ ਉਤ੍ਤੇ ਲੜਦੇ । ਅਤੇ ਫੇਰ ਓਹ ਦਲ ਬਣਾਕੇ ਨੱਸਦੇ ਸੀ ਅਤੇ ਚੀਕਦੇ : "ਜੰਗਲ'ਚ ਬਾਂਦਰ ਲੋਕਾਂ ਵਰਗਾ ਅਕਲਮੰਦ'ਤੇ ਚੰਗਾ'ਤੇ ਚੰਟ'ਤੇ ਤਾਕਤਵਰ'ਤੇ ਕੁਲਵੰਤ ਦੂਜਾ ਕੋਈ ਨਹੀਂ ਹੈ ॥" ਅਤੇ ਓਹ ਫੇਰ ਸ਼ੁਰੂ ਹੋ ਜਾਉਂਦੇ ਜਦੋਂ ਤਕ ਕਿ ਓਹ ਸ਼ਹਿਰ'ਤੋਂ ਥਕ ਨਹੀਂ ਸੀ ਜਾਉਂਦੇ ਅਤੇ ਫੇਰ ਵਾਪਿਸ ਦ੍ਰਖ੍ਤਾਂ'ਤੇ ਚੜ੍ਹ ਜਾਉਂਦੇ । ਇਸ ਉੱਮੀਦ ਨਾਲ ਕਿ ਜੰਗਲ ਦੇ ਲੋਗ ਓਨ੍ਹਾਂ ਵੱਲ ਧਿਆਨ ਦੇਣਗੇ ॥

ਮੁਗਲੀ । ਜਿਨ੍ਹੇ ਜੰਗਲ ਦੇ ਕਨੂੰਨ ਹੇਠ ਵਿਦਿਆ ਪ੍ਰਾਪਤ ਕੀਤ੍ਤੀ ਸੀ । ਇਹੋ ਜਿਹੀ ਜਿੰਦਗੀ ਨਾਂ ਤੇ ਚੰਗੀ ਲਗਦੀ ਸੀ ਅਤੇ ਨਾਂ ਹੀ ਉਸ ਨੂੰ ਇਹ ਸਮਝ ਆਓਂਦੀ ਸੀ ॥ ਬਾਂਦਰ ਓਨ੍ਹੂ ਠੰਡੀਆਂ ਗੁਫਾਵਾਂ ਵੱਲ ਦੇਰ ਦੁਪਹਿਰੇ ਘਸੀਟ ਕੇ ਲੈ ਗਏ । ਅਤੇ ਸੌਣ ਦੇ ਬਜਾਏ । ਜਿਵੇਂ ਕਿ ਮੁਗਲੀ ਲੰਮੇ ਸਫਰ ਮਗਰੋਂ ਕਰਦਾ । ਓਹ ਹੱਥ ਜੋੜ ਕੇ ਨਚ੍ਹੇ ਅਤੇ ਓਨ੍ਹਾਂ ਨੇ ਅਪਨੇ ਬੇਵਕੂਫੀ ਭਰੇ ਗਾਣੇ ਗਾਏ ॥ ਇਕ ਬਾਂਦਰ ਨੇ ਤਕਰੀਰ ਕੀਤ੍ਤੀ ਅਤੇ ਅਪਨੇ ਸਾਥੀਆਂ ਨੂੰ ਦੱਸਿਆ ਮੁਗਲੀ ਨੂੰ ਅਗਵਾ ਕਰ ਕੇ ਓਨ੍ਹਾਂ ਨੇ ਬਾਂਦਰ ਲੋਕਾ ਲਈ ਨਵਾਂ ਇਤਹਾਸ ਰਚਿਆ ਹੈ । ਕਿਓਂਕਿ ਮੁਗਲੀ ਓਨ੍ਹਾਂ ਨੂੰ ਵਿਖਾਉਗਾ ਕਿ ਡੰਡੀਆ ਅਤੇ ਸੋਟ੍ਹੀਆਂ ਨੂੰ ਕਿਵੇ ਬੁਣ ਕੇ ਬਾਰਿਸ਼ ਅਤੇ ਠੰਡ'ਤੋਂ ਬਚ੍ਹਿਆ ਜਾ ਸਕਦਾ ਹੈ ॥ ਮੁਗਲੀ ਨੇ ਕੁਝ ਵੇਲਾਂ ਚੁੱਕੀਆਂ ਅਤੇ ਅੰਦਰ ਬਾਹਰ ਕਰਕੇ ਕੱਮ ਕਰਨ ਲਗ ਪਿਆ । ਅਤੇ ਬਾਂਦਰਾਂ ਨੇ ਓੁਧੀ ਨਕਲ ਕਰਨ ਦੀ ਕੋਸ਼ਿਸ਼ ਕੀਤ੍ਤੀ । ਮਗਰ ਕੁਝ ਹੀ ਮਿੰਟਾਂ'ਚ ਓਨ੍ਹਾਂ ਦੀ ਦਿਲਚਸ੍ਪੀ ਖਤਮ ਹੋ ਗਈ'ਤੇ ਓਹ ਅਪਨੇ ਦੋਸ੍ਤਾਂ ਦੀਆਂ ਪੂਛਾਂ ਪੁਟ੍ਹਣ ਲਗ ਪਏ ਜਾਂ ਫੇਰ ਉੱਪਰ ਹੇਠਾਂ ਛਾਲਾਂ ਮਾਰਕੇ । ਖੰਗਣ ਲਗ ਪਏ ॥

"ਮੈਂ ਖਾਣਾ ਚਾਹੁੰਦਾ ਹਾਂ ।" ਮੁਗਲੀ ਨੇ ਕਿਹਾ ॥ "ਮੈਂ ਜੰਗਲ ਦੇ ਇਸ ਹਿੱਸੇ'ਚ ਇਕ ਅਨਜਾਨ ਹਾਂ ॥ ਮੇਰੇ ਵਾਸ੍ਤੇ ਖਾਣਾ ਲੈ ਕਿ ਆਓ । ਜਾਂ ਫੇਰ ਮੈਨੂੰ ਸ਼ਿਕਾਰ'ਤੇ ਜਾਣ ਦੀ ਇਜਾਜ਼ਤ ਦਿਓ ॥"

ਵੀਹ ਜਾਂ ਤੀਹ ਬਾਂਦਰ ਓੁਧੇ ਵਾਸ੍ਤੇ ਮੇਵੇ'ਤੇ ਪਪੀਤੇ ਲੈਣ ਵਾਸ੍ਤੇ ਚਲੇ ਗਏ ॥ ਮਗਰ ਓਹ ਸੜਕ'ਤੇ ਲੜਣ ਲਗ ਪਏ । ਅਤੇ ਜੋ ਮਾੜਾ ਮੋ੍ਟ੍ਾ ਫਲ ਦਾ ਬਚਿਆ ਸੀ ਓਹ ਲੈਕੇ ਵਾਪਿਸ ਜਾਣਾ ਇਕ ਵੱਢੀ ਮੁਸੀਬਤ ਸੀ ॥ ਮੁਗਲੀ ਥੱਕਿਆ ਹੋਇਆ ਸੀ । ਅਤੇ ਓਨ੍ਹ ਗੁੱਸਾ ਚੜ੍ਹਿਆ ਹੋਇਆ ਸੀ'ਤੇ ਨਾਲੇ ਓਹ ਭੁੱਖਾ ਭੀ ਸੀ । ਅਤੇ ਓਹ ਸੁਨਸਾਨ ਸ਼ਹਿਰ'ਚ ਰਿਹ ਰਿਹ ਕੇ ਅਣਜਾਨਾਂ ਦੀਆਂ ਸ਼ਿਕਾਰ ਦੀ ਸਦੂ ਲਈ ਅਵਾਜ ਲਗਾਓੁਂਦਾ ਹੋਇਆ ਘੁੱਮ ਰਿਹਾ ਸੀ । ਪਰ ਕਿਸੇ ਨੇ ਭੀ ਕੋਈ ਜਵਾਬ ਨਹੀਂ ਦਿਤ੍ਤਾ । ਅਤੇ ਮੁਗਲੀ ਨੂੰ ਲਗ੍ਗਿਆ ਕਿ ਓਹ ਬੇਸ਼ਕ ਬੜੀ ਮਾੜੀ ਜਗ੍ਗਾ ਪਹੁੰਚ ਗਿਆ ਹੈ ॥ "ਭਾੱਲੂ ਨੇ ਬਾਂਦਰ - ਲੋਕਾਂ ਬਾਰੇ ਜੋ ਭੀ ਦੱਸਿਆ ਸੀ ਓਹ ਸਭ ਕੁਝ ਠੀਕ ਹੈ ।" ਓਨ੍ਹੇ ਅਪਨੇ ਆਪ ਸੋਚ੍ਚਿਆ ॥ "ਓਨ੍ਹਾਂ ਦਾ ਕੋਈ ਕਨੂੰਨ ਨਹੀਂ ਹੈ । ਕੋਈ ਸ਼ਿਕਾਰ ਦੀ ਸਦੂ ਦੀ ਅਵਾਜ ਭੀ ਨਹੀਂ । ਅਤੇ ਕੋਈ ਸਰਦਾਰ ਭੀ ਨਹੀਂ - ਕੁਝ ਭੀ ਨਹੀਂ ਸਿਰਫ ਬੇਵਕੂਫੀ ਭਰੇ ਸ਼ਬਦ ਅਤੇ ਛੋਟ੍ਟੇ ਚੋਰੀ ਕਰਨ ਜੋਗੇ ਹੱਥ ॥ 'ਤੇ ਜੇ ਫੇਰ ਮੈਂ ਇੱਥੇ ਫਾਕੇ ਕਟ੍ਟਾਂ ਜਾਂ ਇੱਥੇ ਮਰ ਜਾਵਾਂ । ਇਹ ਸਭ ਮੇਰਾ ਅਪਨਾ ਕਸੂਰ ਹੋਵੇਗਾ ॥ ਮਗਰ ਮੈਨੂੰ ਅਪਨੇ ਜੰਗਲ ਵਾਪਿਸ ਜਾਣ ਦੀ ਕੋਸ਼ਿਸ਼ ਕਰਣੀ ਚਾਹਿਦੀ ਹੈ ॥ ਭਾੱਲੂ ਜਰੂਰ ਮੈਨੂੰ ਕੁਟਾਪਾ ਚਾੜ੍ਹੂਗਾ । ਮਗਰ ਸ਼ਾਇਦ ਓਹ ਹੀ ਬੇ੍ਤਰ ਹੋਵੇਗਾ ਇਨ੍ਹਾਂ ਬਾਂਦਰ - ਲੋਕਾਂ ਨਾਲ ਗੁਲਾਬ ਦੇ ਪਤ੍ਤਿਆਂ ਦਾ ਪਿੱਛਾ ਕਰਨ ਦੇ ਬਜਾਏ ॥"

ਹਜੇ ਓਹ ਸ਼ਹਿਰ ਦੀ ਦਿਵਾਰ ਕੋਲ ਪੁੱਜਿਆ ਹੀ ਸੀ ਕਿ ਬਾਂਦਰਾਂ ਨੇ ਓਨ੍ਹ ਪਿਛਾਂ ਖਿਚ੍ਚ ਲਿਆ । ਇਹ ਕਹਿੰਦੇ ਹੋਏ ਕਿ ਓੁਸ ਨੂੰ ਨਹੀਂ ਪਤਾ ਕਿ ਓਹ ਕਿਨ੍ਹਾ ਖੁਸ਼ ਹੈ । ਅਤੇ ਓੁਸ ਨੂੰ ਚੂੰਡੀਆਂ ਵੱਢਣ ਲਗ ਪਏ ਤਾਕਿ ਓਹ ਓਨ੍ਹਾਂ ਦਾ ਸ਼ੁਕਰਗੁਜਾਰ ਹੋਵੇ ॥ ਓਨ੍ਹੇ ਅਪਨੇ ਦੰਦ ਭੀਚ ਲਏ ਪਰ ਕਿਹਾ ਕੁਝ ਨਹੀਂ । ਮਗਰ ਚੀਕਦੇ ਹੋਏ ਬਾਂਦਰਾਂ ਨਾਲ ਚਬੂਤਰੇ ਓੁਤ੍ਤੇ ਚਲਾ ਗਿਆ ਜਿੜ੍ਹਾ ਲਾਲ ਪੱਥਰ ਦੇ ਬਾਰਿਸ਼ ਦੇ ਪਾਣੀ ਨਾਲ ਅੱਧ ਭਰੇ ਸਰੋਵਰ ਓੁਤ੍ਤੇ ਸੀ ॥ ਚਬੂਤਰੇ ਦੇ ਵਿਚ੍ਚਕਾਰ ਇਕ ਖੰਡ੍ਹਰ ਹੋਇਆ ਗਰਮੀਆਂ'ਚ ਇਸ੍ਤਮਾਲ ਕਰਨ ਵਾਲਾ ਸੰਗਮਰਮਰ ਦਾ ਘਰ ਸੀ । ਜਿੜ੍ਹਾ ਸੌ ਸਾਲ ਪਹਿਲਾਂ ਮਰ ਚੁੱਕੀਆਂ ਰਾਣੀਆਂ ਵਾਸ੍ਤੇ ਬਣਵਾਇਆ ਗਿਆ ਸੀ ॥ ਗੁੰਬਦ ਦੀ ਅੱਧੀ ਛਤ੍ਤ ਬੈਹ ਚੁੱਕੀ ਸੀ ਅਤੇ ਓਨ੍ਹੇ ਮਹਲ'ਤੋਂ ਆਓਣ ਵਾਲਾ ਸੁਰੰਗੀ ਰਸ੍ਤਾ ਬੰਦ ਕਰ ਦਿਤ੍ਤਾ ਸੀ ਜਿਧੇ'ਤੋਂ ਰਾਣੀਆਂ ਅੰਦਰ ਦਾਖਲ ਹੁੰਦੀਆਂ ਸੀ ॥ ਮਗਰ ਦਿਵਾਰਾਂ ਸੰਗਮਰਮਰ ਦੀਆਂ ਜਾਲੀਆਂ ਦੀਆਂ ਬਣੀਆਂ ਹੋਈਆਂ ਸੀ - ਜਿਨ੍ਹਾਂ'ਤੇ ਸੋਹਣਾ ਚਿਟ੍ਟਾ ਦੁੱਧ ਵਰਗਾ ਜਾਲੀ ਦਾ ਕੱਮ ਹੋਇਆ ਹੋਇਆ ਸੀ । ਜਿਧੇ'ਚ ਰੰਗ ਬਿਰੰਗੇ ਕੀਮਤੀ ਪੱਥਰ'ਤੇ ਹੀਰੇ ਜੜੇ ਹੋਏ ਸੀ । ਅਤੇ ਜਦੋਂ ਚੰਦ੍ਰਮਾਂ ਪ੍ਹਾੜੀ ਪਿਛਿਓਂ ਬਾਹਰ ਨਿੱਕਲਦਾ ਸੀ ਅਤੇ ਇਸ ਖੁੱਲੇ ਕੱਮ'ਤੇ ਪੈਂਦਾ ਸੀ । 'ਤੇ ਜਮੀਨ'ਤੇ ਪੈਂਦੀਆਂ ਹੋਈਆਂ ਪਰਛਾਂਈਆਂ ਇੰਝ ਜਾਪਦੀਆਂ ਸੀ ਜਿਵੇਂ ਕਿਸੇ ਨੇ ਕਾਲੇ ਸ਼ਨੀਲ ਓੁਤ੍ਤੇ ਕੜ੍ਹਾਈ ਕੀਤ੍ਤੀ ਹੋਵੇ ॥ ਥੱਕਿਆ । ਨੀਂਦ ਨਾਲ ਭਰਿਆ । ਅਤੇ ਭੁੱਖਾ । ਮੁਗਲੀ ਅਪਨੇ ਆਪ ਨੂੰ ਹੱਸਣ'ਤੋਂ ਰੋਕ ਨਹੀਂ ਸਕਿਆ ਜਦੋਂ ਬਾਂਦਰ - ਲੋਗ ਸ਼ੁਰੂ ਹੋ ਗਏ । ਵੀਹ ਇਕ ਵਾਰ'ਚ । ਇਹ ਦੱਸਨ ਵਾਸ੍ਤੇ ਕਿ ਓਹ ਕਿਨ੍ਹੇ ਮਹਾਨ ਅਤੇ ਸਿਆਣੇ ਅਤੇ ਤਾਕਤਵਰ ਅਤੇ ਪਤਵੰਤ ਸੀ । ਅਤੇ ਓਹ ਕਿਨ੍ਹਾ ਮੂਰਖ ਸੀ ਕਿ ਓਨ੍ਹਾਂ ਨੂੰ ਛੱਡ ਕੇ ਜਾਣਾ ਚਾਹੁੰਦਾ ਸੀ ॥ "ਅਸੀਂ ਮਹਾਨ ਹਾਂ ॥ ਅਸੀਂ ਅਜਾਦ ਹਾਂ ॥ ਅਸੀ ਬਚਿਤ੍ਤਰ ਹਾਂ ॥ ਅਸੀਂ ਪੂਰੇ ਜੰਗਲ'ਚ ਸਭ ਤੋਂ ਬਚਿਤ੍ਤਰ ਲੋਗ ਹਾਂ ! ਅਸੀਂ ਸਭ ਇਹ ਕਿਹ ਰਹੇ ਹਾਂ । ਸੋ ਇਹ ਜਰੂਰ ਸਚ੍ਚ ਹੋਣਾ ।" ਸਾਰੇ ਚੀਕੇ ॥ "ਹੁਣ ਤੂੰ ਕਿਓਂਕਿ ਨਵਾਂ ਸੁਣਨ ਵਾਲਾ ਹੈ ਅਤੇ ਸਾਡੀ ਗੱਲ ਵਾਪਿਸ ਜੰਗਲ - ਦੇ - ਲੋਕਾਂ ਤਾਂਈ ਲੈਕੇ ਜਾ ਸਕਦਾ ਹੈ ਤਾਕਿ ਓਹ ਭਵਿਖ'ਚ ਸਾੱਢੇ'ਤੇ ਗੌਰ ਕਰ ਸਕਣ । ਅਸੀਂ ਤੈਨੂੰ ਅਪਨੀ ਓੁਤ੍ਤਮ੍ਤਾ ਬਾਰੇ ਸਭ ਕੁਝ ਦੱਸਾਂਗੇ ॥" ਮੁਗਲੀ ਨੇ ਕੁਝ ਇਤਰਾਜ ਨਹੀਂ ਕੀਤ੍ਤਾ । ਅਤੇ ਕਈ ਸੋ ਬਾਂਦਰ ਚਬੂਤਰੇ'ਤੇ ਅਪਨੇ ਤਕਰੀਰ ਕਰਨ ਵਾਲਿਆਂ ਨੂੰ ਬਾਂਦਰ - ਲੋਕਾਂ ਦੀ ਤਰੀਫ ਕਰਦੇ ਸੁਣਨ ਵਾਸ੍ਤੇ ਕੱਠੇ ਹੋ ਗਏ । ਅਤੇ ਜਦੋਂ ਕੋਈ ਤਕਰੀਰ ਕਰਨ ਵਾਲਾ ਸਾਹ ਲੈਣ ਵਾਸ੍ਤੇ ਰੁੱਕ ਜਾਓੁਂਦਾ ਤਾਂ ਸਾਰੇ ਕੱਠੇ ਚੀਕਣ ਲਗ ਪੈਂਦੇ :"ਇਹ ਸਚ੍ਚ ਹੈ । ਅਸੀਂ ਸਭ ਕਹਿੰਦੇ ਹਾਂ" ॥ ਮੁਗਲੀ ਨੇ ਹਾਮੀ ਭਰੀ ਅਤੇ ਅੱਖਾਂ ਝਪਕਾਈਆਂ । ਅਤੇ "ਹਾਂ" ਕਿਹਾ ਜਦੋਂ ਓਨ੍ਹਾਂ ਨੇ ਓੁਸ ਨੂੰ ਇਕ ਸਵਾਲ ਪੁੱਛਿਆ । ਅਤੇ ਸ਼ੋਰ

ਸ਼ਰਾਬੇ ਨਾਲ ਉਧਾ ਸਿਰ ਚਕਰਾ ਗਿਆ ॥ "ਤਬਾੱਕੀ ਗਿਦ੍ਰੜ ਨੇ ਵੱਢਿਆ ਹੋਣਾ ਇਨ੍ਹਾਂ ਸਭ ਲੋਕਾਂ ਨੂੰ ।" ਓਨ੍ਹੇ ਅਪਨੇ ਆਪ ਨੂੰ ਕਿਹਾ । "ਅਤੇ ਹੁਣ ਇਨ੍ਹਾਂ'ਚ ਪਾਗਲਪਨ ਹੈ ॥ ਬੇਸ਼ਕ ਇਹ ਦਿਵਾਨਗੀ ਹੈ । ਪਾਗਲਪਨ ॥ ਕਿ ਇਹ ਕਦੇ ਸੌਂਦੇ ਨਹੀਂ ਨੇ ? ਹੁਣ ਇਕ ਬਦੂਲ ਆ ਰਿਹਾ ਹੈ ਜਿੜ੍ਹਾ ਚੰਦ੍ਰਮਾਂ ਨੂੰ ਢੱਕ ਲਵੇਗਾ ॥ ਜੇਕਰ ਕਿਧਰੇ ਇਹ ਵੱਢਾ ਬਦੂਲ ਹੁੰਦਾ ਮੈਂ ਨ੍ਹੇਰੇ'ਚ ਨ੍ਹੱਸ ਜਾਣ ਦੀ ਕੋਸ਼ਿਸ਼ ਕਰਦਾ ॥ ਮਗਰ ਮੈਂ ਥੱਕਿਆ ਹੋਇਆ ਹਾਂ ॥"

ਓਹੀ ਬਦੂਲ ਦੋ ਚੰਗੇ ਦੋਸ੍ਰ ਸ਼ਹਿਰ ਦੀ ਦਿਵਾਰ ਹੇਠ ਇਕ ਗਰਕ ਹੋਏ ਟੋਏ'ਚ ਵੇਖ ਰਹੇ ਸੀ । ਕਿਓਂਕਿ ਬਘੀਰਾ ਅਤੇ ਕਾ । ਇਹ ਚੰਗੀ ਤਰ੍ਹਾਂ ਜਾਣਦੇ ਹੋਏ ਕਿ ਬਾਂਦਰ - ਲੋਕ ਕਿਨ੍ਹੇ ਖਤਰਨਾਕ ਅਤੇ ਜਿਆਦਾ ਤਦਾਦ'ਚ ਸੀ । ਕੋਈ ਭੀ ਜੋਖਮ ਨਹੀਂ ਲੈਣਾਂ ਚਾਹੁੰਦੇ ਸੀ ॥ ਬਾਂਦਰ ਨਹੀਂ ਲੜਦੇ ਸੀ ਜਦੋਂ ਤਕ ਕਿ ਇਕ ਜਾਨਵਰ ਦੇ ਮੁਕਾਬਲੇ ਸੌ ਬਾਂਦਰ ਨਾਂ ਹੋਣ । ਅਤੇ ਜੰਗਲ'ਚ ਕੁਝ ਹੀ ਲੋਗ ਇ੍ਧੀ ਪਰਵਾਹ ਕਰਦੇ ਹਣ ॥

"ਮੈਂ ਪੱਛਮ ਦੀ ਦਿਵਾਰ ਵੱਲ ਜਾਵਾਂਗਾ ।" ਕਾ ਫੁੱਸਫੁਸਾਇਆ । "ਅਤੇ ਢਲਾਨ ਦਾ ਸਹਾਰਾ ਲੈ ਕੇ ਛੇਤ੍ਰੀ ਹੇਠਾਂ ਪਹੁੰਚ ਜਾਵਾਂਗਾ ॥ ਓਹ ਕਈ ਸੌ ਨਹੀਂ ਮੇਰੀ ਪਿਠ'ਤੇ ਚੱੜ੍ਹਣਗੇ । ਮਗਰ -"

"ਮੈਨੂੰ ਪਤਾ ਹੈ ।" ਬਘੀਰੇ ਨੇ ਕਿਹਾ ॥ "ਓਹ ਭਾੱਲੂ ਜੇ ਇੱਥੇ ਹੁੰਦਾ । ਮਗਰ ਸਾਨ੍ਹੂੰ ਜੋ ਬਨ ਪਵੇ ਕਰਨਾ ਚਾਹਿਦਾ ਹੈ ॥ ਜਦੋਂ ਬਦੂਲ ਚੰਦ੍ਰਮਾਂ ਨੂੰ ਢੱਕ ਲਵੇਗਾ ਮੈਂ ਚਬੂਤਰੇ'ਤੇ ਜਾਵਾਂਗਾ ॥ ਓਹ ਓਥੇ ਬਹਿ ਕੇ ਮੁੰਡੇ'ਤੇ ਕੋਈ ਗੋਸ਼ਠੀ ਕਰਨ ਢਹੇ ਨੇ ॥"

"ਵਧੀਆ ਸ਼ਿਕਾਰ ਹੋਵੇ ।" ਕਾ ਨੇ ਕਠੋਰ ਹੋਕੇ ਬੋੱਲਿਆ । ਅਤੇ ਸਿਰਕਦਾ ਹੋਇਆ ਪੱਛਮ ਦੀ ਦਿਵਾਰ ਵੱਲ ਚਲਿਆ ਗਿਆ ॥ ਇਹ ਸਭ ਤੋਂ ਘਟ੍ਰ ਖੰਡ੍ਰਰ ਹੋਈ ਜਗ੍ਹਾ ਸੀ । ਅਤੇ ਵੱਢੇ ਸੱਪ ਨੂੰ ਪੱਥਰਾਂ ਉੱਪਰ ਰਸ੍ਰਾ ਲੱਭਣ ਨੂੰ ਕਾਫੀ ਸਮਾਂ ਲਗ ਗਿਆ ॥ ਬਦੂਲ ਨੇ ਚੰਦ੍ਰਮਾਂ ਨੂੰ ਢੱਕ ਲਿਆ । ਅਤੇ ਮੁਗਲੀ ਨੇ ਜਦੋਂ ਇਹ ਸੋਚ੍ਰਿਆ ਕਿ ਅਗ੍ਹੇ ਹੁਣ ਕੀ ਹੋਵੇਗਾ ਬਘੀਰੇ ਦੇ ਪੈਰਾਂ ਦੀ ਹੋਲੀ ਜਿਹੇ ਚਬੂਤਰੇ'ਤੇ ਪੈਰ ਰੱਖਣ ਦੀ ਅਵਾਜ ਸੁਣੀ ॥ ਕਾਲਾ ਤੇਂਦੁਆ ਢਲਾਨ ਉਤ੍ਰੇ ਬਿਨਾ ਕੋਈ ਅਵਾਜ ਕੀਤ੍ਰੇ ਚੜ੍ਹ ਆਇਆ ਸੀ ਅਤੇ ਹੁਣ ਵਾਰ ਕਰ ਰਿਹਾ ਸੀ - ਓਨ੍ਹ ਜਿਆਦਾ ਪਤਾ ਸੀ ਕਿ ਚੱਕ ਵੱਢਨ'ਚ ਸਮਾਂ ਬਰਬਾਦ ਨਹੀਂ ਸੀ ਕਰਨਾ - ਸੱਜੇ ਖੱਬੇ ਬਾਂਦਰਾਂ ਨੂੰ ਮਾਰ ਰਿਹਾ ਸੀ । ਜੋ ਮੁਗਲੀ ਦੇ ਇਰਦ ਗਿਰਦ ਪੰਜ੍ਹਾ ਜਾਂ ਸੱਠ ਦਾ ਘੇਰਾ ਬਣਾ ਕੇ ਬੈਠੇ ਸੀ ॥ ਓਥੇ ਡੱਰ ਅਤੇ ਗੁੱਸੇ ਦੀਆਂ ਚੀਕਾਂ ਪੈਣ ਲਗ ਪਇਆਂ। ਅਤੇ ਜਦੋਂ ਬਘੀਰਾ ਰੁਲਦੇ ਅਤੇ ਲਤ੍ਹਾਂ ਮਾਰਦੇ ਸ਼ਰੀਰਾਂ'ਤੇ ਚਲਦਾ ਅੜੰਗਾ ਖਾ ਕੇ ਡਿਗ ਪਿਆ ਇਕ ਬਾਂਦਰ ਚੀਕਿਆ :"ਇੱਥੇ ਸਿਰਫ ਇਕ ਹੀ ਹੈ ! ਮਾਰ ਦਿਓ ! ਮਾਰੋ ! "ਗੁੱਥਮ ਗੁੱਥਾ ਹੁੰਦੇ । ਚੱਕ ਵੱਢਦੇ । ਖਰੋਚਦੇ । ਪਾੜਦੇ । 'ਤੇ ਖਿਚ੍ਰਦੇ ਹੋਇਆਂ ਬਾਂਦਰਾਂ ਦਾ ਢੇਰ ਬਘੀਰੇ ਨੇੜ੍ਹੇ ਪਹੁੰਚ ਗਿਆ । ਜਦੋਂ ਕਿ ਪੰਜ ਛਿਹ ਬਾਂਦਰਾਂ ਨੇ ਮੁਗਲੀ ਨੂੰ ਫੜਕੇ ਗਰਮੀਆਂ ਦੇ ਘਰ ਦੀ ਦਿਵਾਰ ਉਤ੍ਰੇ ਉਸ ਨੂੰ ਘਸੀਟ੍ਰਿਆ ਅਤੇ ਗੁੰਬਦ'ਚ ਹੋਈ ਮੋਰੀ'ਚ ਧੱਕ ਦਿਤ੍ਰਾ ॥ ਇਕ ਆਦਮੀ ਦੇ ਸਿਖਾਇਏ ਹੋਏ ਮੁੰਡੇ ਨੂੰ ਜਰੂਰ ਬਹੁਤ ਖਰੋਚਾਂ ਲਗਦੀਆਂ । ਕਿਓਂਕਿ ਓਹ ਪੰਦ੍ਰਾਂ ਫੁਟ੍ਰ ਹੇਠਾਂ ਡਿਗ੍ਰਦਾ । ਪਰ ਮੁਗਲੀ ਇੰਝ ਡਿਗ੍ਰਿਆ ਜਿਵੇਂ ਭਾੱਲੂ ਨੇ ਉਸ ਨੂੰ ਸਿਖਾਇਆ ਸੀ । ਅਤੇ ਓਹ ਅਪਨੇ ਪੈਰਾਂ'ਤੇ ਉਤ੍ਰਰਿਆ ॥

"ਇੱਥੇ ਹੀ ਰਹਿ" ਬਾਂਦਰ ਚੀਕੇ । "ਜਦੋਂ ਤਕ ਕਿ ਅਸੀਂ ਤੇਰੇ ਦੋਸ੍ਰਾਂ ਨੂੰ ਮਾਰ ਨਾਂ ਸਿਟ੍ਰਏ । ਅਤੇ ਮਗਰੋਂ ਫੇਰ ਅਸੀਂ ਤੇਰੇ ਨਾਲ

ਖੇਡਾਂਗੇ - ਜੇਕਰ ਜਹਰੀਲੇ - ਲੋਗ ਤੈਨੂੰ ਜਿਉਂਦਾ ਛੱਡ ਦੇਣ ॥"

"ਸਾੱਢੇ ਸਾਰਿਆਂ ਦੀਆਂ ਰਗਾਂ'ਚ ਇਕ ਹੀ ਲਹੂ ਹੈ । ਤੁਹਾਡੀਆਂ'ਤੇ ਮੇਰੀਆਂ ।" ਮੁਗਲੀ ਬੋੱਲਿਆ'ਤੇ ਜਲਦੀ'ਚ ਸੱਪਾਂ ਦੀ ਸਦੂ ਲਈ ਅਵਾਜ ਕੱਢੀ ॥ ਓਨ੍ਹੂ ਅਪਨੇ ਆਲੇ ਦੁਆਲੇ ਕੂੜੇ'ਚ ਸਰਸਰਾਹਟ ਅਤੇ ਫੁਫਕਾਰ ਸੁਣੀ ਅਤੇ ਇਕ ਵਾਰ ਫੇਰ ਓਨ੍ਹੇ ਅਪਨੀ ਤਸੱਲੀ ਵਾਸ੍ਤੇ । ਅਵਾਜ ਕੱਢੀ ॥

"ਬਰਾਬਰ ਸ਼ਸ਼ਸ਼ ! ਫੱਨ੍ਹ ਹੇਠਾਂ ਸਾਰਿਆਂ ਦੇ !" ਅੱਧੇ'ਕ ਦਰਜਨ ਅਵਾਜਾਂ ਨੇ ਹੌਲੀ ਜਿਹੇ ਬੋੱਲਿਆ(ਹਿੰਦੁਸ੍ਤਾਨ'ਚ ਹਰ ਗੱਰਕ ਹੋਈ ਜਗ੍ਹਾ ਜਲ੍ਹੀ ਜਾਂ ਫੇਰ ਕੁਝ ਸਮਾਂ ਪਾ ਕੇ ਸੱਪਾਂ ਦੀ ਰਿਹਾਇਸ਼ ਬਣ ਜਾਉਂਦੀ ਹੈ । ਅਤੇ ਪੁਰਾਨਾ ਗਰਮੀਆਂ ਦਾ ਘਰ ਨਾਗਾਂ ਨਾਲ ਜੀ ਉੱਠਿਆ ਸੀ) ॥ "ਬਿਨਾ ਹਿਲੇ ਡੁਲੇ ਖੜਾ ਰਿਹ । ਛੋਟ੍ਹੇ ਭਰਾ । ਕਿਉਂਕਿ ਤੇਰੇ ਪੈਰ ਸਾਨੂੰ ਤਕਲੀਫ ਪਹੁੰਚਾ ਸਕਦੇ ਨੇ ॥"

ਮੁਗਲੀ ਜਿਨ੍ਹਾਂ ਬਿਨਾ ਹਿਲੇ ਡੁਲੇ ਖੜਾ ਹੋ ਸਕਦਾ ਸੀ ਖੜ ਗਿਆ । ਅਤੇ ਖੁੱਲੇ ਹੋਏ ਕੱਮ'ਚੋਂ ਝਾਤ੍ਹੀਆਂ ਮਾਰਦਾ ਰਿਹਾ ਅਤੇ ਸੁਣਦਾ ਰਿਹਾ ਕਾਲੇ ਤੇਂਦੁਏ ਦੇ ਆਲੇ ਦੁਆਲੇ ਘਮਾਸਾਨ ਲੜਾਈ - ਚੀਕਾਂ । ਚਟਰਪਟਰ । ਅਤੇ ਗੁੱਥਮ ਗੁੱਥੇ ਨੂੰ ਅਤੇ ਬਘੀਰਾ ਜਦੋਂ ਅਪਨੇ ਦੁਸ਼ਮਨਾ ਦੇ ਢੇਰਾਂ ਹੇਠ ਪਿਛਾਂ ਹਟਦਿਆਂ ਅਤੇ ਨੀਵੇਂ ਹੁੰਦਿਆਂ ਅਤੇ ਮੁੱੜਦਿਆਂ ਤੁੱੜਦਿਆਂ ਜੋਰਾਂ ਦੀ ਖੰਘਿਆ ॥ ਜਦੋਂ'ਤੋਂ ਓਹ ਜੱਮਿਆ ਸੀ । ਪਹਿਲੀ ਵਾਰ ਬਘੀਰਾ ਅਪਨੀ ਜਾਨ ਦੀ ਖਾਤਿਰ ਲੜ ਰਿਹਾ ਸੀ ॥

"ਭਾੱਲੂ ਨੇੜੇ ਹੀ ਹੋਣਾ । ਬਘੀਰਾ ਕਲ੍ਹਾ ਨਹੀਂ ਆ ਸਕਦਾ ।" ਮੁਗਲੀ ਨੇ ਸੋਚ੍ਹਿਆ ॥ ਅਤੇ ਫੇਰ ਓਹ ਜੋਰ ਦੀ ਬੋੱਲਿਆ : "ਸਰੋਵਰ ਵਲ ਆ ਜਾ । ਬਘੀਰੇ ॥ ਘੁਮੇਟੜੀਆਂ ਖਾ ਕੇ ਸਰੋਵਰ'ਤੇ ਆ ਜਾ ॥ ਘੁਮੇਟੜੀਆਂ ਖਾ ਅਤੇ ਛਾਲ ਮਾਰ ! ਪਾਣੀ'ਚ ਆ ਜਾ !"

ਬਘੀਰੇ ਨੇ ਸੁਣ ਲਿਆ । ਅਤੇ ਜਿਸ ਚੀਕ ਨੇ ਦੱਸਿਆ ਸੀ ਕਿ ਮੁਗਲੀ ਮਹਫੂਜ਼ ਹੈ ਓਨ੍ਹੇ ਉਸ'ਚ ਨਵੀਂ ਹਿੰਮੱਤ ਪੈਦਾ ਕਰ ਦਿਤ੍ਹੀ ॥ ਓਹ ਬੜਾ ਉਤਾਵਲਾ ਹੋਕੇ ਅਪਨਾ ਰਸ੍ਤਾ ਬਣਾਉਂਦਾ ਗਿਆ । ਅਤੇ ਇੰਚ ਇੰਚ ਕਰਕੇ । ਸਿੱਧਾ ਸਰੋਵਰਾਂ ਵੱਲ ਟੁਰੀ ਗਿਆ । ਅਤੇ ਵਿਚ ਵਿਚ ਚੁੱਪ ਹੋਕੇ ਖੜਾ ਹੋ ਜਾਉਂਦਾ ਸੀ ॥ 'ਤੇ ਫੇਰ ਗਰਕ ਹੋਈ ਦਿਵਾਰ ਜਿੜ੍ਹੀ ਜੰਗਲ ਦੇ ਸਭ ਤੋਂ ਨੇੜੇ ਸੀ ਉਧੇ'ਤੋਂ ਫੜੱਕਦੀ ਹੋਈ ਭਾੱਲੂ ਦੀ ਲੜਾਈ ਦੀ ਲਲਕਾਰ ਉੱਠੀ ॥ ਬੁੱਢੇ ਭਾੱਲੂ ਨੇ ਅਪਨੇ ਵੱਲੋਂ ਪੂਰਾ ਜੋਰ ਲਾ ਛੱਡਿਆ । ਪਰ ਓਹ ਇਸ੍ਤੋਂ ਪਹਿਲਾਂ ਨਹੀਂ ਪੁਜ ਸਕਿਆ ॥ "ਬਘੀਰੇ ।" ਓਹ ਚੀਕਿਆ "ਮੈਂ ਇੱਥੇ ਹਾਂ ! ਮੈਂ ਚੜ੍ਹ ਰਿਹਾਂ ਹਾਂ ! ਮੈਂ ਛੇਤ੍ਹੀ ਕਰ ਰਿਹਾ ਹਾਂ ! ਅਹੋਰਾ ! ਪੱਥਰ ਮੇਰੇ ਪੈਰਾਂ ਹੇਠ ਫਿਸਲ ਰਹੇ ਨੇ ! ਮੇਰੇ ਆਓਣ ਦਾ ਇੰਤਜਾਰ ਕਰੋ । ਓਹ ਬਦਨਾਮ ਬਾਂਦਰ - ਲੋਕੋਂ !" ਓਹ ਛੇਤ੍ਹੀ ਛੇਤ੍ਹੀ ਚਬੂਤਰੇ'ਤੇ ਚੜ੍ਹ ਗਿਆ ਸਿਰਫ ਬਾਂਦਰਾਂ'ਚ ਗੁੰਮ ਹੋਣ ਵਾਸ੍ਤੇ । ਮਗਰ ਓਨ੍ਹੇਂ ਅਪਨੇ ਆਪ ਨੂੰ ਅਪਨੇ ਪੁੱਠਿਆਂ'ਤੇ ਸਿੱਧਾ ਸੁਟ੍ਹਿਆ । ਅਤੇ ਅਪਨੇ ਅਗਲੇ ਪੈਰ ਪਸਾਰ ਕੇ ਜਿਨ੍ਹਿਆਂ ਨੂੰ ਓਹ ਫੜ੍ਹ ਸਕਦਾ ਸੀ ਓਨ੍ਹਿਆਂ ਨੂੰ ਓਨ੍ਹੇ ਜੱਫੀ ਪਾਈ । ਅਤੇ ਫੇਰ ਫਟ੍ਹ - ਫਟ੍ਹ - ਫਟ੍ਹ ਕਰਕੇ ਕੁਟ੍ਹਣਾ ਸ਼ੁਰੂ ਕੀਤ੍ਹਾ ਜਿਵੇਂ ਪਨਚੱਕੀ ਦਾ ਚੱਕਰ ਥਪੇੜੇ ਮਾਰ ਰਿਹਾ ਹੋਵੇ ॥ ਛਲਕਣ'ਤੇ ਟੁਟ੍ਹਣ ਦੀ ਅਵਾਜ ਨੇ ਮੁਗਲੀ ਨੂੰ ਦੱਸਿਆ ਕਿ ਬਘੀਰਾ ਲੜਦਾ ਹੋਇਆ ਰਸ੍ਤਾ ਬਣਾਕੇ ਸਰੋਵਰ ਤਾਂਈ ਪਹੁੰਚ ਗਿਆ ਹੈ ਜਿੱਥੇ ਬਾਂਦਰ ਉਧਾ ਪਿੱਛਾ ਨਹੀਂ ਕਰ ਸਕਦੇ ॥ ਤੇਂਦੁਆ ਲੰਮਾਂ ਪੈ ਸਾਹ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ । ਸਿਰਫ ਉਧਾ ਸਿਰ ਪਾਣੀ ਦੇ ਬਾਹਰ ਸੀ । ਜਦੋਂ ਕਿ ਬਾਂਦਰ ਤਿੰਨ ਪੌੜੀਆਂ ਦੀ ਡੂੰਘਿਆਈ'ਤੇ ਲਾਲ ਪੱਥਰ ਦੀਆਂ ਪੌੜੀਆਂ'ਤੇ ਗੁੱਸੇ ਨਾਲ ਉੱਪਰ ਥੱਲੇ ਨਚ੍ਹਦੇ ਹੋਏ ਖੜੇ ਸੀ । ਅਤੇ ਹਰ ਤਰਫੋਂ

ਉਧੇ'ਤੇ ਟੁਟ੍ਹ ਪੈਣ ਵਾਸ੍ਤੇ ਤਿਆਰ ਸੀ । ਜਿਹ ਓਹ ਭਾੱਲੂ ਦੀ ਮਦਦ ਕਰਨ ਵਾਸ੍ਤੇ ਆਓਂਦਾ ॥ ਉਸ ਵੇਲੇ ਬਘੀਰੇ ਨੇ ਅਪਨੀ ਚੋਂਦੀ ਹੋਈ ਠੋੱਡੀ ਉੱਪਰ ਚੁੱਕੀ । ਅਤੇ ਬੇਬਸੀ'ਚ ਅਪਨੀ ਰਖਿਆ ਦੀ ਖਾਤਿਰ ਸੱਪਾਂ ਦੀ ਸਦ੍ਹ ਲਈ ਅਵਾਜ ਲਗਾਈ "ਸਾਡੀਆਂ ਰਗਾਂ'ਚ ਇਕ ਹੀ ਲਹੂ ਹੈ । ਤੁਹਾਡੀਆਂ'ਤੇ ਮੇਰੀਆਂ'ਚ" ਕਿਓਂਕਿ ਉਸ ਨੂੰ ਵਿਸ਼ਵਾਸ ਸੀ ਕਿ ਕਾ ਨੇ ਆਖਰੀ ਮੋਕੇ'ਤੇ ਅਪਨੀ ਪੂਛ ਹਿਲਾਈ ਸੀ ॥ ਭਾੱਲੂ ਭੀ । ਬਾਂਦਰਾਂ ਹੇਠ ਅਧ ਮਰਿਆ ਹੋਇਆ ਚਬੂਤਰੇ'ਤੇ ਸਿਰੇ'ਤੇ ਅਪਨੇ ਆਪ ਨੂੰ ਹੱਸਣ ਤੋਂ ਨਹੀਂ ਰੋਕ ਸਕਿਆ । ਜਦੋਂ ਓਨ੍ਹੇ ਕਾਲੇ ਤੇਂਦੁਏ ਨੂੰ ਮਦਦ ਮੰਗਦੇ ਸੁਣਿਆ ॥

ਕਾ ਹਾਲੇ ਹੀ ਪੱਛਮ ਦੀ ਦਿਵਾਰ ਤੇ ਪੁਜਿਆ ਸੀ। ਓਨ੍ਹੇ ਵੱਲ ਖਾੱਧਾ ਤੇ ਇਕ ਪਰਛਤ੍ਤੀ ਦਾ ਪੱਥਰ ਟੋਏ'ਚ ਡਿਗ ਪਿਆ ॥ ਓਹ ਅਪਨੀ ਫਾਏਦੇਮੰਦ ਜਗ੍ਹਾ ਛਡਣੀ ਨਹੀਂ ਸੀ ਚਾਹੁੰਦਾ । ਅਤੇ ਓਨ੍ਹੇ ਇਕ ਜਾਂ ਦੋ ਵਾਰ ਕੁੰਡਲ ਮਾਰੇ'ਤੇ ਖੋਲ੍ਹੇ । ਇਹ ਵੇਖਣ ਵਾਸ੍ਤੇ ਕਿ ਉਧੇ ਸ਼ਰੀਰ ਦੇ ਸਾਰੇ ਪੈਰ ਕੱਮ ਕਰਨ ਦੀ ਹਾਲਤ'ਚ ਨੇ ਕੇ ਨਹੀਂ ॥ ਜਦੋਂ ਤਾਂਈ ਭਾੱਲੂ ਨਾਲ ਲੜਾਈ ਚਲਦੀ ਰਹੀ । ਬਾਂਦਰ ਸਰੋਵਰ'ਚ ਬਘੀਰੇ ਦੇ ਆਲੇ ਦੁਆਲੇ ਚੀਕਦੇ ਰਹੇ । ਅਤੇ ਮੰਗ੍ਹ ਚੰਮਗਿਦ੍ਹੜ ਗ੍ਹਾਂ ਪਿਛ੍ਹਾਂ ਉਡਦਿਆ ਹੋਇਆ ਵੱਢੀ ਜੰਗ ਦੀ ਖਬਰ ਪੂਰੇ ਜੰਗਲ'ਚ ਪਹੁੰਚਾਉਂਦਾ ਰਿਹਾ । ਜਦੋਂ ਤਕ ਕੇ ਜੰਗਲੀ ਹਾਥੀ ਨਹੀਂ ਚਿੰਘਾੜਿਆ । ਅਤੇ । ਦੂਰ ਦਰਾਜ ਬਾਂਦਰਾਂ ਦੇ ਖਿੱਲਰੇ ਹੋਏ ਦਲ ਦ੍ਹਖ਼ੀ - ਰਸਤਿਆਂ ਥਾਂਈ ਠੰਡੀਆ ਗੁਫਾਵਾਂ ਵੱਲ ਅਪਨੇ ਲੋਕਾਂ ਦੀ ਮਦਦ ਲਈ ਨਹੀਂ ਆਏ । ਅਤੇ ਲੜਾਈ ਦੀ ਅਵਾਜ ਨੇ ਕਈ ਮੀਲਾਂ ਤਾਂਈ ਦਿਨ ਦੇ ਪਰਿੰਦਿਆਂ ਨੂੰ ਉਠਾ ਦਿਤ੍ਤਾ ॥ ਫੇਰ ਕਾ ਮਾਰਨ ਨੂੰ ਬੇਸਬਰ । ਸਿੱਧਾ। ਅਤੇ ਛੇਤ੍ਤੀ ਆਇਆ ॥ ਇਕ ਅਜਗਰ ਦੀ ਮਾਰਨ ਦੀ ਤਾਕਤ ਉਧੇ ਸਿਰ ਦੇ ਵਾਰ'ਚ ਹੁੰਦੀ ਹੈ ਜਿੜ੍ਹੀ ਉਸ ਨੂੰ ਸ਼ਰੀਰ ਦੇ ਵਜਨ ਨਾਲ ਹਾਸਿਲ ਹੁੰਦੀ ਹੈ ॥ ਜੇਕਰ ਤੁਸੀਂ ਇਕ ਨੇਜੇ ਦਾ । ਜਾਂ ਫੇਰ ਭਨ੍ਹਦੇ ਹੋਏ ਲੱਠੇ ਦਾ । ਜਾਂ ਫੇਰ  ਇਕ ਹਥੋੜੇ ਦਾ ਖਿਆਲ ਕਰ ਸਕਦੇ ਹੋਂ ਜ੍ਹਿਧਾ ਵਜਨ ਅੱਧਾ'ਕ ਟੰਨ ਹੋਵੇ । ਅਤੇ ਜਿਸ ਨੂੰ ਇਕ ਠੰਡੇ ਅਤੇ ਸ਼ਾਂਤ ਦਿਮਾਗ ਵਾਲਾ ਉਧੀ ਮੁੱਠ'ਚ ਬੈਠਾ ਚਲਾ ਰਿਹਾ ਹੋਵੇ । ਤਾਂ ਤੁਸੀ ਸਮਝ ਸਕਦੇ ਹੋਂ ਕਾ ਕਿਵੇਂ ਲਗਦਾ ਸੀ ਜਦੋਂ ਓਹ ਲੜਦਾ ਸੀ ॥ ਇਕ ਚਾਰ ਜਾਂ ਪੰਜ ਫੁਟ੍ਹਾ ਅਜਗਰ ਇਕ ਆਦਮੀ ਨੂੰ ਠ੍ਹਾਂ ਮਾਰ ਸਕਦਾ ਹੈ ਜੇਕਰ ਓਹ ਠੀਕ ਛਾਤ੍ਤੀ'ਤੇ ਵਾਰ ਕਰੇ । ਅਤੇ ਕਾ ਤੀਹ ਫੁਟ੍ਹ ਲੰਮਾਂ ਸੀ । ਜਿਵੇਂ ਕਿ ਤੁਸੀ ਜਾਣਦੇ ਹੀ ਹੋ ॥ ਉਧਾ ਪਹਿਲਾ ਵਾਰ ਭਾੱਲੂ ਦੇ ਆਲੇ ਦੁਵਾਲੇ ਭੀੜ ਦੇ ਇਕਦਮ ਕੇਂਦਰ'ਚ ਸੀ ॥ ਇਸ ਵਾਰ ਨੇ ਮੂੰਹ ਬੰਦ ਕਰ ਕੇ ਖਾਮੋਸ਼ ਕਰ ਦਿਤ੍ਤੇ । ਅਤੇ ਦੂਜੇ ਦੀ ਲੋੜ ਨਹੀਂ ਪਈ ॥ ਬਾਂਦਰ "ਕਾ ! ਇਹ ਕਾ ਹੈ ! ਭੱਜੋ ! ਭੱਜੋ !" ਦੀਆਂ ਚੀਕਾਂ ਮਾਰਕੇ ਨ੍ਹਸੇ ॥

ਬਾਂਦਰਾਂ ਦੀਆਂ ਕਈ ਪੁਸ਼ਤਾਂ ਅਪਨੇ ਵਢੇਰਿਆਂ ਦੀਆਂ ਕਾ ਬਾਰੇ ਕਹਾਣੀਆਂ ਸੁਣ ਕੇ ਡਰ ਦੇ ਮਾਰੇ ਚੰਗਾ ਵਤੀਰਾ ਕਰਨ ਨੂੰ ਮਜਬੂਰ ਹੋ ਗਈਆਂ ਸਨ । ਰਾਤ ਦਾ ਚੋਰ । ਜੋ ਟ੍ਹਾਣੀਆਂ'ਚ ਇੰਜ ਫਿਸਲ ਸਕਦਾ ਸੀ ਜਿਵੇਂ ਚੁੱਪ ਚਪੀਤੇ ਕਾਈ ਉਗ੍ਹਦੀ ਹੈ । ਅਤੇ ਹਮੇਸ਼ਾਂ ਹੀ ਸਭ ਤੋਂ ਤਾਕਤਵਰ ਬਾਂਦਰ ਚੋਰੀ ਕਰ ਲੈਂਦਾ ਸੀ ਜਿੜ੍ਹਾ ਕਦੇ ਹੋਇਆ ਹੋਵੇ । ਓਹ ਅਪਨੇ ਆਪ ਨੂੰ ਇਕ ਸੁੱਕੀ ਮਰੀ ਹੋਈ ਟ੍ਹਾਣੀ ਜਾਂ ਸੜੇ ਹੋਏ ਤਨੇ ਵਾਂਗ ਬਣਾ ਲੈਂਦਾ ਸੀ ਕਿ ਸਿਆਣੇ'ਤੋਂ ਸਿਆਣਾ ਭੀ ਧੋਖਾ ਖਾ ਜਾਓਂਦਾ ਸੀ । ਜਦੋਂ ਤਕ ਕਿ ਓਹ ਟ੍ਹਾਣੀ ਓਨ੍ਹਾਂ ਨੂੰ ਫੜ੍ਹ ਨ ਲਵੇ ॥ ਕਾ ਓਹ ਸਭ ਕੁਝ ਸੀ ਜਿਸਤੋਂ ਜੰਗਲ'ਚ ਬਾਂਦਰ ਡਰਦੇ ਸੀ । ਕਿਓਂਕਿ ਕਿਸੇ ਨੂੰ ਭੀ ਉਧੀ ਤਾਕਤ ਦੀਆਂ  ਹਦਾਂ ਬਾਰੇ ਨਹੀਂ ਪਤਾ ਸੀ । ਕੋਈ ਭੀ ਉਧੀ ਅੱਖਾਂ'ਚ ਅੱਖਾਂ ਪਾ ਕੇ ਨਹੀਂ ਵੇਖ ਸਕਦਾ ਸੀ । ਅਤੇ ਕੋਈ ਭੀ ਉਧੀ ਜੱਫੀ'ਤੋਂ ਜਿਊਂਦਾ ਨਹੀਂ ਬਚ੍ਹਿਆ ਸੀ ॥ ਅਤੇ ਓਹ ਡੱਰ ਦੇ ਮਾਰੇ ਥਥਲਾਉਂਦੇ ਹੋਏ ਦਿਵਾਰਾਂ ਅਤੇ ਘਰਾਂ ਦੀਆਂ ਛਤ੍ਤਾਂ ਵੱਲ ਨ੍ਹੱਸੇ । ਅਤੇ ਭਾੱਲੂ ਨੇ ਚੈਨ ਦਾ ਸਾਹ ਲਿਆ ॥ ਉਧੀ ਜਤ੍ਤ ਬਘੀਰੇ ਨਾਲੋਂ ਜਿਆਦਾ ਮੋਟ੍ਹੀ ਸੀ ਪਰ ਓਨ੍ਹੇਂ ਲੜਾਈ'ਚ ਬਹੁਤਾ ਸਿਹਾ ਸੀ ॥ ਫੇਰ ਕਾ ਨੇ ਪਹਿਲੀ ਵਾਰੀ ਅਪਨਾ ਮੂੰਹ ਖੋੱਲਿਆ ਅਤੇ ਇਕ ਫੁਫਕਾਰਦਾ ਹੋਇਆ ਸ਼ਬਦ ਬੋੱਲਿਆ । ਅਤੇ ਦੂਰ ਦਰਾਜ ਬਾਂਦਰ ਜਿੱਥੇ ਸੀ ਓਥੇ

ਹੀ ਅਪਨੀ ਠੰਡੀਆਂ ਗੁਫਾਂਵਾਂ ਦੀ ਹਿਫਾਜ਼ਤ ਕਰਨ ਵਾਸ੍ਤੇ ਲੁਕੇ ਰਹੇ। ਜਦੋਂ ਤਕ ਕਿ ਟ੍ਰਾਣੀਆਂ ਓਨ੍ਹਾਂ ਹੇਠ ਮੁੜ ਤੁੜ ਕੇ ਟੁਟ੍ਹ ਨਹੀਂ ਗਈਆਂ॥ ਦਿਵਾਰਾਂ ਅਤੇ ਖਾਲੀ ਘਰਾਂ'ਤੇ ਬਾਂਦਰਾਂ ਨੇ ਰੋਣਾ ਬੰਦ ਕਰ ਦਿਤ੍ਤਾ। ਅਤੇ ਉਸ ਖਮੋਸ਼ੀ'ਚ ਜਿੜ੍ਹੀ ਸ਼ਹਿਰ'ਤੇ ਛਾ ਗਈ ਸੀ ਉਸ'ਚ ਮੁਗਲੀ ਨੇ ਬਘੀਰੇ ਨੂੰ ਸਰੋਵਰ'ਚੋਂ ਬਾਹਰ ਨਿੱਕਲਦੇ ਹੋਏ ਅਪਨੇ ਪਾਸੇ ਹਿਲਾਉਂਦੇ ਹੋਏ ਸੁਣਿਆ॥ ਫੇਰ ਰੌਲਾ ਰੱਪਾ ਦੁਬਾਰਾ ਪੈ ਗਿਆ॥ ਬਾਂਦਰ ਦਿਵਾਰਾਂ'ਤੇ ਹੋਰ ਉਚ੍ਚੇ ਚੜ੍ਹ ਗਏ॥ ਓਹ ਪੱਥਰਾਂ ਦੀਆਂ ਵੱਢੀਆਂ ਮੂਰਤਾਂ ਦੀਆਂ ਗਰਦਨਾਂ'ਤੋਂ ਲਟਕਦੇ ਹੋਏ ਚਾਂਗਰਾਂ ਮਾਰਨ ਲਗ ਪਏ। ਅਤੇ ਚਾਰਦਵਾਰੀ ਦੇ ਆਸ ਪਾਸ ਫਿਸਲਣ ਲਗ ਪਏ। ਜਦੋਂ ਕਿ ਮੁਗਲੀ ਨੇ ਨਚ੍ਚਦੇ ਹੋਏ। ਗਰਮੀਆਂ ਦੇ ਘਰ'ਚ ਅਪਨੀ ਅੱਖ ਜਾਲੀ'ਤੇ ਰੱਖੀ ਅਤੇ ਉੱਲੂਆਂ ਵਾਂਗ ਅਪਨੇ ਅਗਲੇ ਦੰਦਾਂ'ਚੋਂ ਅਪਨਾ ਠੱਠਾ'ਤੇ ਨਫਰਤ ਜਾਹਰ ਕਰਨ ਵਾਸ੍ਤੇ। ਚੀਕ ਮਾਰੀ॥

"ਆਦਮੀ ਦੇ ਬਲੂੰਗੜੇ ਨੂੰ ਕੁੜਿਕੀ'ਚੋਂ ਬਾਹਰ ਕੱਢੋ। ਮੇਰੇ'ਤੋਂ ਹੋਰ ਨਹੀਂ ਹੁੰਦਾ।" ਬਘੀਰੇ ਨੇ ਸਾਹੋ ਵਿਸਾਹ ਹੋ ਕੇ ਕਿਹਾ॥ "ਅਸੀਂ ਆਦਮੀ ਦੇ ਬਲੂੰਗੜੇ ਨੂੰ ਲਇਏ ਤੇ ਚੱਲਿਏ॥ ਓਹ ਫੇਰ ਹਮਲਾ ਬੋਲ ਸਕਦੇ ਨੇ॥"

"ਜਦੋਂ ਤਕ ਕਿ ਮੇਰਾ ਹੁਕਮ ਨਹੀਂ ਹੁੰਦਾ ਓਹ ਹਿਲੱਣਗੇ ਨਹੀਂ॥ ਤੁਸੀ ਇੱਥੇ ਹੀ ਰੁਕੋ!" ਕਾ ਫੁਫਕਾਰਿਆ। ਅਤੇ ਇਕ ਵਾਰ ਫੇਰ ਸ਼ਹਿਰ ਖਾਮੋਸ਼ ਹੋ ਗਿਆ॥ "ਮੈਂ ਪਹਿਲਾਂ ਨਹੀਂ ਆ ਸਕਿਆ। ਭਰਾ। ਪਰ ਮੇਰਾ ਖਿਆਲ ਹੈ ਕਿ ਮੈਂ ਤੇਰੀ ਸਦ੍ਦੂ ਲਈ ਅਵਾਜ ਲਗਾਈ ਹੋਈ ਸੁਣ ਲਈ ਸੀ" - ਇਹ ਬਘੀਰੇ ਵਾਸ੍ਤੇ ਸੀ॥

"ਮੈਂ - ਮੈਂ ਸ਼ਾਇਦ ਲੜਾਈ'ਚ ਰੋ ਪਿਆ ਹੋਣਾ।" ਬਘੀਰੇ ਨੇ ਜਵਾਬ ਦਿਤ੍ਤਾ॥ "ਭਾੱਲੂ। ਕਿ ਤੈਨੂੰ ਸਟ੍ਟ ਲਗ੍ਗੀ ਹੈ?"

"ਮੈਨੂੰ ਪੂਰਾ ਯਕੀਨ ਨਹੀਂ ਹੈ ਕਿ ਓਨ੍ਹਾਂ ਨੇ ਮੈਨੂੰ ਖਿਚ੍ਚਕੇ ਕਈ ਸੌ ਛੋਟ੍ਟੇ ਛੋਟ੍ਟੇ ਭਾਲੁਆਂ'ਚ ਨਹੀਂ ਤਬਦੀਲ ਕਰ ਦਿਤ੍ਤਾ।" ਅਪਨੀਆਂ ਲਤ੍ਤਾਂ ਵਾਰੀ ਵਾਰੀ ਸਿਰ ਜੋਰ ਜੋਰ ਦੀ ਹਿਲਾਉਂਦੇ ਹੋਏ ਭਾੱਲੂ ਬੋੱਲਿਆ॥ "ਆਹ! ਮੈਨੂੰ ਦਰ੍ਦ ਹੋ ਰਹੀ ਹੈ॥ ਕਾ। ਤੇਰਾ ਸਾੱਢੇ' ਤੇ ਬਹੁਤ ਵੱਢਾ ਇਹਸਾਨ ਹੈ। ਸਾਢੀਆਂ ਜਿੰਦਗੀਆਂ ਤੇਰੀ ਬਦੋਲਤ ਹਣ - ਮੇਰੀ ਤੇ ਬਘੀਰੇ ਦੀ॥"

"ਕੋਈ ਗੱਲ ਨਹੀਂ॥ ਆਦਮੀ ਦਾ ਬਲੂੰਗੜਾ ਕਿੱਥੇ ਹੈ?"

"ਇੱਥੇ। ਇਕ ਕੁੜਿੱਕੀ'ਚ ਫਸਿਆ ਹੋਇਆ ਹੈ॥ ਮੈਂ ਬਾਹਰ ਨਹੀਂ ਨਿੱਕਲ ਸਕਦਾ।" ਮੁਗਲੀ ਨੇ ਰੋਂਦੇ ਹੋਏ ਕਿਹਾ॥ ਟੁਟ੍ਟੇ ਗੁੰਬਦ ਦੀ ਗੋਲਾਈ ਓੁਧੇ ਬਿਲਕੁਲ ਸਿਰ ਉੱਪਰ ਸੀ॥

"ਇਸ ਨੂੰ ਲੈ ਜਾਓ॥ ਇਹ ਮਾਓ ਮੋਰ ਵਾਂਗ ਨਚ੍ਚਦਾ ਹੈ॥ ਇਹ ਸਾੱਢੇ ਬਚ੍ਚੇ ਮਿਧ ਸੁਟ੍ਟੇਗਾ।" ਅੰਦਰੋਂ ਨਾਗਾਂ ਨੇ ਕਿਹਾ॥

"ਓੁਹੋ!" ਕਾ ਨੇ ਮੁੱਸਕਰਾਉਂਦੇ ਹੋਏ ਕਿਹਾ। "ਇਸ ਆਦਮੀ ਦੇ ਬਲੂੰਗੜੇ ਦੇ ਦੋਸ੍ਤ ਹਰ ਜਗ੍ਹਾ ਨੇ॥ ਪਿਛਾਂ ਨੂੰ ਹੋਕੇ ਖੜਾ ਹੋ। ਆਦਮੀ ਦੇ ਬਲੂੰਗੜੇ॥ ਅਪਨੇ ਆਪ ਨੂੰ ਲੁਕੋ ਲਵੋ। ਓਹ ਜਹਰੀਲੇ ਲੋਕੋ॥ ਮੈਂ ਦਿਵਾਰ ਤੋੜ ਰਿਹਾ ਹਾਂ॥"

ਕਾ ਨੇ ਬੜੇ ਧਿਆਨ ਨਾਲ ਜਦੋਂ ਤਕ ਕਿ ਉਸ ਨੂੰ ਇਕ ਬਦਰੰਗੀ ਤਰੇੜ ਸੰਗਮਰਮਰ'ਚ ਨਹੀਂ ਦਿਖੀ ਜਿਧੇ'ਚ ਇਕ ਕਮਜੋਰ ਜਗ੍ਹਾ ਸੀ । ਵੇੱਖਿਆ । ਸਿਰ ਦੇ ਨਾਲ ਦੋ ਤਿੰਨ ਵਾਰੀ ਹਲਕੇ ਜਿਹੇ ਦੂਰੀ ਨਾਪਣ ਵਾਸ੍ਤੇ ਠੋੱਕਿਆ । ਅਤੇ ਫੇਰ ਅਪਨੇ ਸ਼ਰੀਰ ਦੇ ਛਿਹ ਫੁਟ੍ਟ ਹਿੱਸੇ ਨੂੰ ਜਮੀਨ ਦੇ ਉੱਪਰ ਚੁੱਕਿਆ । ਅਤੇ ਅੱਧਾ'ਕੁ ਦਰਜਨ ਪੂਰੀ ਤਾਕਤ ਨਾਲ ਪਹਿਲਾਂ ਨੱਕ ਗ੍ਹਾਂ ਕਰਕੇ ਘਸੁੰਨ ਮਾਰੇ ॥ ਜਾਲੀ ਦਾ ਹੋਇਆ ਹੋਇਆ ਕੱਮ ਟੁਟ੍ਟ ਗਿਆ ਅਤੇ ਦੂਰ ਇਕ ਮਿਟ੍ਟੀ ਅਤੇ ਘਟ੍ਟੇ ਦੇ ਬਦ੍ਦੂਲ ਦੀ ਸ਼ਕਲ'ਚ ਡਿਗ ਪਿਆ । ਅਤੇ ਮੁਗਲੀ ਨੇ ਮੋਰੀ'ਚੋਂ ਬਾਹਰ ਛਾਲ ਮਾਰੀ ਅਤੇ ਭਾੱਲੂ ਅਤੇ ਬਘੀਰੇ ਦੇ ਵਿਚਕਾਰ ਅਪਨੀ ਇਕ ਇਕ ਬਾਂਹ ਦੋਵਾਂ ਦੀ ਗਰਦਨ'ਤੇ ਪਾਕੇ ਖੜਾ ਹੋ ਗਿਆ ॥

"ਕੀ ਤੈਨੂੰ ਸਟ੍ਟ ਲਗ੍ਗੀ ਹੈ ?" ਭਾੱਲੂ ਨੇ ਪੋੱਲੇ ਜਿਹੇ ਜੱਫੀ ਪਾਉਂਦੇ ਹੋਏ ਕਿਹਾ ॥

"ਮੇਰਾ ਪੂਰਾ ਸ਼ਰੀਰ ਦਰ੍ਦ ਕਰ ਰਿਹਾ ਹੈ । ਮੈਂ ਭੁੱਖਾ ਹਾਂ । ਅਤੇ ਬਿਲਕੁਲ ਭੀ ਝਰੀਟਾਂ ਨਹੀਂ ਪਇਆਂ ਨੇ ਮੈਨ੍ਹੂੰ ॥ ਮਗਰ । ਓਹ । ਓਨ੍ਹਾਂ ਨੇ ਤੁਹਾਨੂੰ ਬੜਾ ਬੁਰਾ ਵਤੀਰਾ ਕੀਤ੍ਤਾ ਹੈ । ਮੇਰੇ ਭਰਾਵੋ ! ਤੁਹਾਡਾ ਲਹੂ ਵਗਨ ਡਿਹਾ ਹੈ ॥"

"ਬਾਕੀ ਭੀ" ਬਘੀਰੇ ਨੇ ਅਪਨੇ ਬੁੱਲ ਚਟ੍ਦੇ ਹੋਏ ਅਤੇ ਚਬੂਤਰੇ'ਤੇ ਅਤੇ ਸਰੋਵਰ ਦੇ ਆਲੇ ਦੁਆਲੇ ਮਰੇ ਹੋਏ ਬਾਂਦਰਾਂ ਨੂੰ ਵੇਖਦੇ ਹੋਏ ਕਿਹਾ ॥

"ਇਹ ਕੁਝ ਭੀ ਨਹੀਂ ਹੈ । ਇਹ ਕੁਝ ਭੀ ਨਹੀਂ ਹੈ । ਜੇ ਤੂੰ ਠੀਕ ਠਾਕ ਹੈਂ । ਓਹ ਮੇਰੀ ਛੋਟ੍ਟੇ ਡੱਡੂਆਂ ਦੀ ਸ਼ਾਨ !" ਰੂੰ ਰੂੰ ਕਰਦੇ ਹੋਏ ਭਾੱਲੂ ਨੇ ਕਿਹਾ ॥

"ਇ੍ਹਧਾ ਫੈਸਲਾ ਅਸੀਂ ਬਾਦ'ਚੋਂ ਕਰਾਂਗੇ" ਬਘੀਰੇ ਨੇ ਸੁੱਕੀ ਜਿਹੀ ਅਵਾਜ'ਚ ਕਿਹਾ ਜਿਹ੍ੜੀ ਮੁਗਲੀ ਨੂੰ ਬਿਲਕੁਲ ਪਸੰਦ ਨਹੀਂ ਆਈ ॥ "ਮਗਰ ਇੱਥੇ ਕਾ ਹੈ ਜਿ੍ਹਧਾ ਸਾੱਢੇ ਉਤ੍ਤੇ ਇਹ ਜੰਗ ਜਿਤ੍ਤਨ ਦਾ ਅਤੇ ਤੇਰੀ ਜਾਨ ਬਚਾਉਣ ਦਾ ਇਹਸਾਨ ਹੈ ॥ ਇ੍ਹਧਾ ਧਨਵਾਦ ਸਾੱਢੇ ਰਿਵਾਜਾਂ ਮੁਤਾਬਕ ਕਰ । ਮੁਗਲੀ ॥"

ਮੁਗਲੀ ਮੁੜਿਆ ਅਤੇ ਓਨ੍ਹੇ ਵੇੱਖਿਆ ਕਿ ਅਜਗਰ ਦਾ ਸਿਰ ਉ੍ਹਧੇ ਸਿਰ ਦੇ ਉੱਪਰ ਇਕ ਫੁਟ੍ਟ ਉਚ੍ਚਾ ਘੁੱਮ ਰਿਹਾ ਸੀ ॥

"'ਤੇ ਫੇਰ ਇਹ ਹੈ ਆਦਮੀ ਦਾ ਬਲੂੰਗੜਾ ।" ਕਾ ਨੇ ਕਿਹਾ ॥ "ਇ੍ਹਧੀ ਚਮੜੀ ਬੜੀ ਕੂਲੀ ਹੈ । ਅਤੇ ਇਹ ਬਾਂਦਰ - ਲੋਕਾਂ ਨਾਲੋਂ ਕੋਈ ਵਖਰਾ ਨਹੀਂ ਹੈ ॥ ਖਿਆਲ ਰੱਖੀਂ । ਆਦਮੀ ਦੇ ਬਲੂੰਗੜੇ । ਕਿ ਜਿਸ ਸਵੇਰ ਜਾਂ ਤ੍ਰਿਕਾਲਾਂ ਦੇ ਘੁਸਮੁੱਸੇ ਮੈਂ ਅਪਨੀ ਖੱਲ ਲਾਹੀ ਹੋਵੇ ਮੈਂ ਤੈਨੂੰ ਭੁਲੇਖੇ ਨਾਲ ਬਾਂਦਰ ਨ ਸਮਝ ਲਵਾਂ ॥"

"ਤੇਰੀਆਂ ਤੇ ਮੇਰੀਆਂ ਰਗਾਂ'ਚ ਇਕ ਹੀ ਲਹੂ ਦੌੜ ਰਿਹਾ ਹੈ ।" ਮੁਗਲੀ ਨੇ ਜਵਾਬ ਦਿਤ੍ਤਾ ॥ "ਮੈਂ ਜਿਊਂਦਾ ਅੱਜ ਰਾਤ ਤੇਰੀ ਵਜ੍ਹਾ ਨਾਲ ਹਾਂ ॥ ਜਦੋਂ ਭੀ ਤੂੰ ਭੁੱਖਾ ਹੋਵੇਗਾਂ ਓਹ ਕਾ । ਮੇਰਾ ਸ਼ਿਕਾਰ ਤੇਰਾ ਸ਼ਿਕਾਰ ਹੋਵੇਗਾ ॥"

"ਬਹੁਤ ਧਨਵਾਦ । ਛੋਟ੍ਰੇ ਭਰਾ" ਕਾ ਨੇ ਕਿਹਾ । ਭਾਵੇਂ ਉਧੀਆਂ ਅੱਖਾਂ ਟਿਮਕਦੀਆਂ ਪਈਆਂ ਸੀ ॥ "ਅਤੇ ਇਨ੍ਹਾ ਬ੍ਹਾਦਰ ਕਿੜ੍ਹਾ ਸ਼ਿਕਾਰ ਕਰੂਗਾ ? ਮੈਂ ਇਸ ਕਰਕੇ ਪੁੱਛ ਰਿਹਾਂ ਹਾਂ ਕਿ ਜਦੋਂ ਇਹ ਪਰਦੇਸ ਜਾਵੇਗਾ'ਤੇ ਮੈਂ ਇ੍ਹਧੇ ਪਿੱਛੇ ਜਾਵਾਂਗਾ ॥"

"ਮੈਂ ਕੁਝ ਭੀ ਨਹੀਂ ਮਾਰਦਾ । - ਮੈਂ ਬਹੁਤ ਛੋਟ੍ਰਾ ਹਾਂ - । ਮਗਰ ਮੈਂ ਬਕਰੀਆਂ ਨਠਾ ਕੇ ਲਿਓਂਦਾ ਹਾਂ ਤਾਕਿ ਓਨ੍ਹਾਂ ਨੂੰ ਇਸੂਮਾਲ ਕੀਤ੍ਰਾ ਜਾ ਸਕੇ ॥ ਜਦੋਂ ਤੂੰ ਖਾੱਲੀ ਢਿੱਡ ਹੋਵੇਂ ਓਦੋਂ ਆਈਂ'ਤੇ ਵੇਖੀਂ ਕਿ ਮੈਂ ਸਚ੍ਹ ਬੋਲ ਰਿਹਾ ਹਾਂ ॥ ਮੈਨੂੰ ਇਨ੍ਹਾਂ ਚੀਜਾਂ'ਚ ਕੁਝ ਹੁਨਰ ਹੈਗੇ ਨੇ[ਓਨ੍ਹੇ ਅਪਨੇ ਹੱਥ ਅਗ੍ਹੇ ਪਸਾਰੇ] । ਅਤੇ ਕਦੇ ਤੂੰ ਕੁੜਿਕੀ'ਚ ਫਸਿਆਂ ਹੋਵੇਂ । ਮੈ ਉਧਾਰ ਜੋ ਤੇਰਾ । ਬਘੀਰੇ ਦਾ । ਅਤੇ ਭਾੱਲੂ ਦਾ । ਮੇਰੇ ਉਤ੍ਰੇ ਹੈ। ਚੁਕਾ ਸਕਾਂਗਾ ॥ ਸਭ ਦਾ ਵਧੀਆ ਸ਼ਿਕਾਰ ਹੋਵੇ । ਮੇਰੇ ਉਸ੍ਰਾਦੋ ॥"

"ਚੰਗਾ ਕਿਹਾ ਹੈ ।" ਭਾੱਲੂ ਗੜਗੜਾਇਆ । ਕਿਓਂਕਿ ਮੁਗਲੀ ਨੇ ਧਨਵਾਦ ਬੜੀ ਚੰਗੀ ਤਰ੍ਹਾਂ ਕੀਤ੍ਰਾ ਸੀ ॥ ਅਜਗਰ ਨੇ ਇਕ ਮਿੰਟ ਵਾਸ੍ਤੇ ਹੋਲੇ ਜਿਹੇ ਅਪਨਾ ਸਿਰ ਮੁਗਲੀ ਦੇ ਮੋਢੇ'ਤੇ ਰੱਖਿਆ ॥ "ਇਕ ਵੱਢੇ ਦਿਲ ਵਾਲਾ'ਤੇ ਹਲੀਮੀ ਭਰੀ ਜਬਾਨ ।" ਓਨ੍ਹੇ ਕਿਹਾ ॥ "ਓਹ ਤੈਨੂੰ ਜੰਗਲ'ਚ ਚੁੱਕ ਕੇ ਬੜੀ ਦੂਰ ਲੈ ਜਾਣਗੇ ਛੋਟ੍ਰੇ ਆਦਮੀ ॥ ਮਗਰ ਹੁਣ ਛੇਤ੍ਰੀ ਕਰਕੇ ਅਪਨੇ ਦੋਸ੍ਤਾਂ ਨਾਲ ਜਾ ॥ ਜਾ ਅਤੇ ਸੌਂ । ਕਿਓਂਕਿ ਚੰਦ੍ਰਮਾਂ ਛਿਪ ਰਿਹਾ ਹੈ । ਅਤੇ ਜੋ ਆਓਣ ਵਾਲਾ ਹੈ ਇਹ ਚੰਗਾ ਹੋਵੇਗਾ ਕਿ ਤੂੰ ਨਾਂ ਵੇੱਖੇਂ ॥"

ਚੰਦ੍ਰਮਾਂ ਪ੍ਹਾੜਿਆਂ ਪਿੱਛੇ ਛਿਪ ਰਿਹਾ ਸੀ ਅਤੇ ਕੰਬਦੇ ਹੋਏ ਬਾਂਦਰਾ ਦੀਆਂ ਕਤਾਰਾਂ ਦਿਵਾਰਾਂ'ਤੇ ਕੱਠਿਆਂ ਹੋਈਆਂ ਸੀ ਅਤੇ ਬੁਰਜ ਇੰਝ ਜਾਪਦੇ ਸੀ ਜਿਵੇਂ ਹਿਲਦੇ ਹੋਏ ਫਟੇ ਲੀੜੇ ॥ ਭਾੱਲੂ ਹੇਠਾਂ ਸਰੋਵਰ'ਤੇ ਪੀਣ ਵਾਸ੍ਤੇ ਗਿਆ ਅਤੇ ਬਘੀਰੇ ਨੇ ਅਪਨੀ ਖੱਲ ਦੁਰਸ੍ਤ ਕੀਤ੍ਰੀ । ਜਦੋਂ ਕਿ ਕਾ ਫਿਸਲ ਕੇ ਚਬੂਤਰੇ ਦੇ ਵਿਚਕਾਰ ਆ ਗਿਆ ਅਤੇ ਠਾਹ ਕਰਕੇ ਅਪਨਾ ਜਬਾੜ੍ਹਾ ਦਬਾਇਆ ਜਿਸਦੀ ਅਵਾਜ ਸੁਣਕੇ ਬਾਂਦਰਾਂ ਦੀਆਂ ਅੱਖਾਂ ਇ੍ਹਧੇ ਵੱਲ ਖਿਚ ਪਈਆਂ ॥

"ਚੰਦ੍ਰਮਾਂ ਛਿਪ ਰਿਹਾ ਹੈ ।" ਓਨ੍ਹੇ ਕਿਹਾ ॥ "ਕੀ ਹਾਲੇ ਭੀ ਵੇਖਣ ਜੋਗ੍ਹੀ ਰੋਸ਼ਨੀ ਹੈ ?"

ਦਿਵਾਰਾਂ'ਤੋਂ ਦ੍ਰਖ੍ਹਾਂ ਉਤ੍ਰੋਂ ਰੋਂਦੀ ਹੋਈ ਹਵਾ ਵਰਗੀ ਅਵਾਜ ਆਈ "ਸਾਨੂੰ ਦਿਖ ਰਿਹਾ ਹੈ ਓਹ ਕਾ ॥"

"ਬਹੁਤ ਵਧੀਆ ॥ ਨਾਚ ਹੁਣ ਸ਼ੁਰੂ ਹੁੰਦਾ ਹੈ - ਕਾ ਦੀ ਭੁਖ ਦਾ ਨਾਚ ॥ ਚੁਪ ਕਰਕੇ ਬੈਠੋ'ਤੇ ਤਮਾਸ਼ਾ ਵੇੱਖੋ ॥"

ਓਹ ਦੋ ਜਾਂ ਤਿੰਨ ਵਾਰੀਂ ਇਕ ਵੱਢੇ ਘੇਰੇ'ਚ ਅਪਨਾ ਸਿਰ ਸੱਜੇ ਖੱਬੇ ਹਿਲਾਉਂਦੇ ਹੋਏ ਘੁੱਮਿਆ ॥ ਫੇਰ ਓਹ ਅੰਗਰੇਜੀ ਦੇ ਅੱਖਰ ਅੱਠ ਵਰਗੇ ਗੋਲੇ ਅਪਨੇ ਸ਼ਰੀਰ ਦੇ ਨਾਲ ਵਾਹੁਣ ਲਗ ਪਿਆ । ਅਤੇ ਕੋਮਲ । ਤਿਕੋਣ ਜਿੜ੍ਹੇ ਚਕੋਰ ਅਤੇ ਪੰਜਕੋਣ'ਚ ਬਦਲ ਜਾਉਂਦੇ । ਅਤੇ ਟਿੱਲਿਆਂ'ਤੇ ਕੁੰਡਲੀ ਮਾਰਦਾ । ਬਿਨਾ ਸਾਹ ਲਏ । ਬਿਨਾ ਜਲ੍ਹਬਾਜੀ । ਦੇ ਬਿਨਾ ਰੁਕੇ । ਅਪਨਾ ਗਾਣਾ ਗੁਣਗੁਣਾਉਂਦਾ ਰਿਹਾ ॥ ਨ੍ਹੇਰਾ ਹੁੰਦਾ ਚਲਾ ਗਿਆ । ਅਤੇ ਅਖੀਰ'ਚ ਧੁੰਦੀਆ ਬਦਲਦੀਆਂ ਕੁੰਡਲੀਆਂ ਓੱਝਲ ਹੋ ਗਈਆਂ । ਪਰ ਓਹ ਉ੍ਹਧੀ ਖੱਲ ਦੀ ਅਵਾਜ ਸੁਣ ਸਕਦੇ ਸੀ ॥
ਭਾੱਲੂ ਅਤੇ ਬਘੀਰਾ ਇੰਜ ਚੁਪ ਚਾਪ ਖੜੇ ਹੋ ਗਏ ਜਿਵੇਂ ਪੱਥਰ ਹੋਣ । ਅਤੇ ਅਪਨੇ ਗਲੇਆਂ'ਚ ਗੜਗੜਾਓਂਦੇ ਰਹੇ । ਓਨ੍ਹਾਂ ਦੇ

ਗਰਦਨ ਦੇ ਰੋਂਗਟੇ ਖੜੇ ਹੋਏ ਹੋਏ ਸੀ। ਅਤੇ ਮੁਗਲੀ ਵੇਖਦਾ ਰਿਹਾ'ਤੇ ਹੈਰਾਨ ਹੁੰਦਾ ਰਿਹਾ॥

"ਬਾਂਦਰ - ਲੋਕੋਂ।" ਅਖੀਰ'ਚ ਕਾ ਦੀ ਅਵਾਜ ਆਈ। "ਕੀ ਤੁਸੀਂ ਹੱਥ ਜਾਂ ਪੈਰ ਮੇਰੇ ਹੁਕਮ ਦੇ ਬਿਨਾ ਹਿਲਾ ਸਕਦੇ ਹੋਂ ? ਬੋੱਲੋ !"

"ਤੇਰੇ ਹੁਕਮ ਦੇ ਬਿਨਾ ਅਸੀਂ ਹੱਥ ਜਾਂ ਪੈਰ ਨਹੀਂ ਹਿਲਾ ਸਕਦੇ। ਓਹ ਕਾ !"

"ਬਹੁਤ ਚੰਗਾ ! ਸਾਰੇ ਇਕ ਕਦਮ ਮੇਰੇ ਨੇੜ੍ਹੇ ਆਓ॥"

ਬਾਂਦਰਾਂ ਦੀਆਂ ਕਤਾਰਾਂ ਮਜਬੂਰੀ'ਚ ਗ੍ਹਾਂ ਹੋ ਗਇਆਂ। ਅਤੇ ਭਾੱਲੂ'ਤੇ ਬਘੀਰੇ ਨੇ ਇਕ ਆਕੜਿਆ ਹੋਇਆ ਕਦਮ ਓਨ੍ਹਾਂ ਨਾਲ ਗ੍ਹਾਂ ਭਰਿਆ॥

"ਨੇੜ੍ਹੇ !" ਕਾ ਨੇ ਫੁਫਕਾਰ ਮਾਰੀ। ਅਤੇ ਓਹ ਸਾਰੇ ਇਕ ਵਾਰੀ ਫੇਰ ਟੁਰਨ ਲਗ ਪਏ॥

ਮੁਗਲੀ ਨੇ ਅਪਨੇ ਹੱਥ ਭਾੱਲੂ ਅਤੇ ਬਘੀਰੇ ਨੂੰ ਦੂਰ ਲੈ ਜਾਣ ਵਾਸ੍ਤੇ ਓਨ੍ਹਾਂ'ਤੇ ਰੱਖੇ। ਅਤੇ ਦੋ ਮਹਾਨ ਵ੍ਰਸ਼ੀ ਇੰਜ ਸ਼ੁਰੂ ਹੋਏ ਜਿਵੇਂ ਕਿਸੇ ਸੁਪਨੇ'ਤੋਂ ਉੱਠੇ ਹੋਣ॥

"ਅਪਨਾ ਹੱਥ ਮੇਰੇ ਮੋੱਢੇ'ਤੇ ਰੱਖ।" ਬਘੀਰਾ ਫੁਸਫੁਸਾਇਆ॥ "ਇੱਥੇ ਹੀ ਰੱਖੀਂ। ਨਹੀਂ ਤੇ ਮੈਨੂੰ ਜਰੂਰ ਵਾਪਸ ਜਾਣਾ ਚਾਹਿਦਾ ਹੈ - ਜਰੂਰ ਵਾਪਸ ਕਾ ਕੋਲ ਜਾਣਾ ਚਾਹਿਦਾ ਹੈ॥ ਆਹ !"

"ਬੁੱਢਾ ਕਾ ਸਿਰਫ ਮਿਟ੍ਰੀ'ਚ ਗੋਲੇ ਵਾਹੁਣ ਢਿਹਾ ਹੈ।" ਮੁਗਲੀ ਨੇ ਕਿਹਾ॥ "ਚਲੋ ਅਸੀਂ ਚੱਲਿਏ॥" ਅਤੇ ਤਿੰਨ੍ਹੋਂ ਦਿਵਾਰ'ਚ ਖਾਲੀ ਜਗ੍ਹਾ'ਚੋਂ ਜੰਗਲ ਵੱਲ ਨਿੱਕਲ ਗਏ॥

"ਉਫ੍ਹੋ !" ਸ਼ਾਂਤ ਦ੍ਰਖ੍ਹਾਂ ਹੇਠ ਜਦੋਂ ਓਹ ਖੜਾ ਹੋਇਆ ਓਦੋਂ ਭਾੱਲੂ ਨੇ ਕਿਹਾ॥ "ਦੁਬਾਰਾ ਕਦੇ ਭੀ ਨਹੀਂ ਮੈਂ ਕਾ ਨੂੰ ਦੋਸ੍ਤੁ ਬਨਾਂਵਾਂਗਾ।" ਅਤੇ ਓਨ੍ਹੇਂ ਅਪਨੇ ਆਪ ਨੂੰ ਝੜਕੋੜਿਆ॥

"ਓਨ੍ਹੂ ਸਾੱਢੇ ਨਾਲੋਂ ਬਹੁਤਾ ਪਤਾ ਹੈ।" ਕੰਬਦੇ ਹੋਏ। ਬਘੀਰੇ ਨੇ ਕਿਹਾ॥ "ਥੋੜੇ ਹੀ ਵਕ੍ਤ'ਚ। ਜੇਕਰ ਮੈਂ ਓੱਥੇ ਰਹਿ ਜਾਉਂਦਾ। ਮੈ ਓ੍ਹਧੇ ਸੰਘ'ਚ ਟੁਰ ਜਾਣਾ ਸੀ॥"

"ਚੰਦ੍ਰਮਾਂ ਦੇ ਫੇਰ ਨਿਕਲਣ'ਤੋਂ ਪਹਿਲਾਂ ਕਈ ਲੋੱਕੀ ਇਸ ਰਸ੍ਤੇ'ਤੇ ਟੁਰਣਗੇ" ਭਾੱਲੂ ਨੇ ਕਿਹਾ॥ "ਇ੍ਹਧਾ ਅਪਨੇ ਤਰੀਕੇ ਨਾਲ -

ਵਧੀਆ ਸ਼ਿਕਾਰ ਹੋਵੇਗਾ ॥"

"ਮਗਰ ਇਸ ਸਭ ਦਾ ਕੀ ਮਤਲਬ ਸੀ ?" ਮੁਗਲੀ ਨੇ ਕਿਹਾ । ਜਿਸ ਨੂੰ ਅਜਗਰ ਦੀ ਮਨਮੋਹਣ ਦੀ ਤਾਕਤ ਬਾਰੇ ਨਹੀਂ ਸੀ ਪਤਾ ॥ "ਮੈਂ ਇਕ ਵੱਢੇ ਸੱਪ'ਤੋਂ ਇਲਾਵਾ ਕੁਝ ਨਹੀਂ ਵੇਂਖਿਆ ਜਿੜ੍ਹਾ ਬੇਵਕੂਫੀ ਭਰੇ ਗੋਲੇ ਵਾਹੁਣ ਢਿਹਾ ਸੀ ਜਦੋਂ ਤਾਂਈ ਕਿ ਰਾਤ ਨਹੀਂ ਪਈ ॥ ਅਤੇ ਉ੍ਧਾ ਨੱਕ ਇਕਦੱਮ ਸੁੱਜਿਆ ਹੋਇਆ ਸੀ ॥ ਹਾ ! ਹਾ !"

"ਮੁਗਲੀ।" ਬਘੀਰੇ ਨੇ ਗੁੱਸੇ ਨਾਲ ਕਿਹਾ । "ਉ੍ਧਾ ਨੱਕ ਤੇਰੀ ਵਜ੍ਹਾ ਨਾਲ ਸੁੱਜਿਆ ਹੋਇਆ ਸੀ । ਜਿਸ ਤਰ੍ਹਾਂ ਮੇਰੇ ਕਨ੍ਹ । ਪਾੱਸੇ'ਤੇ ਪੰਜੇ । ਅਤੇ ਭਾੱਲੂ ਦੀ ਗਰਦਨ ਅਤੇ ਮੋਢਿਆਂ'ਤੇ ਚੱਕ ਵੱਢੇ ਹੋਏ ਨੇ ਸਿਰਫ ਤੇਰੀ ਵਜ੍ਹਾ ਕਰਕੇ ॥ ਨਾਂ ਹੀ ਭਾੱਲੂ ਅਤੇ ਨਾਂ ਹੀ ਬਘੀਰਾ ਮਜੇ ਨਾਲ ਕਈ ਦਿਨਾਂ ਤਕ ਸ਼ਿਕਾਰ ਕਰ ਸਕਣਗੇ ॥"

"ਇਹ ਕੁਝ ਭੀ ਨਹੀਂ ਹੈ।" ਭਾੱਲੂ ਨੇ ਕਿਹਾ ॥ "ਸਾੱਢੇ ਕੋਲ ਮੁੜ ਆਦਮੀ ਦਾ ਬਲੂੰਗੜਾ ਹੈ ॥"

"ਸਚ੍ਹ ਹੈ । ਮਗਰ ਸਾਨ੍ਹੂੰ ਇ੍ਧੀ ਵੱਢੀ ਕੀਮਤ ਚੁਕਾਉਣੀ ਪਈ ਸਮਾਂ ਜ਼ਾਇਆ ਕਰਕੇ ਜਿੜ੍ਹਾ ਅਸੀਂ ਵਧੀਆ ਸ਼ਿਕਾਰ ਕਰਕੇ ਗੁਜਾਰ ਸਕਦੇ ਸੀ । ਜਖਮੀ ਹੋਕੇ ਅਤੇ ਵਾਲ - ਮੇਰੀ ਪਿਠ ਕੋਈ ਅੱਧੀ'ਕ ਪੁੱਟੀ ਹੋਈ ਹੈ - ਅਤੇ ਅਖੀਰ'ਚ ਸਾਨ੍ਹੂੰ ਅਪਨੀ ਇੱਜਤ ਦੀ ਕੀਮਤ ਚੁਕਾਉਣੀ ਪਈ ॥ ਕਿਓਂਕਿ । ਯਾਦ ਕਰ । ਮੁਗਲੀ । 'ਤੇ ਮੈਂ ਕਾਲੇ ਤੇਂਦੁਏ ਨੂੰ । ਮਜਬੂਰ ਹੋਕੇ ਅਪਨੇ ਬਚਾਓ ਵਾਸ੍ਤੇ ਕਾ ਦੀ ਮਦਦ ਲੈਣੀ ਪਈ । ਅਤੇ ਭਾੱਲੂ'ਤੇ ਮੈਨ੍ਹੂੰ ਦੋਵਾਂ ਨੂੰ ਛੋਟ੍ਹੇ ਪਰਿੰਦਿਆਂ ਵਾਂਗ ਭੁੱਖੇ ਨਚ੍ਹ ਕੇ ਝੱਲਾ ਬਣਨਾ ਪਇਆ ॥ ਇਹ ਸਭ । ਆਦਮੀ ਦੇ ਬਲੂੰਗੜੇ । ਤੇਰੇ ਬਾਂਦਰ - ਲੋਕਾਂ ਨਾਲ ਖੇਡੱਨ ਕਰਕੇ ਹੋਇਆ ॥"

"ਸਚ੍ਹ ਹੈ । ਇਹ ਸਚ੍ਹ ਹੈ ।" ਮੁਗਲੀ ਨੇ ਦੁਖੀ ਹੋਕੇ ਕਿਹਾ ॥ "ਮੈਂ ਇਕ ਆਦਮੀ ਦਾ ਸ਼ੈਤਾਨੀ ਬਲੂੰਗੜਾ ਹਾਂ । ਅਤੇ ਮੇਰੇ ਅੰਦਰ ਮੇਰਾ ਢਿੱਡ ਦੁਖੀ ਹੈ ॥"

"ਹਾਂ ! ਜੰਗਲ ਦਾ ਕਨੂੰਨ ਕੀ ਕਹਿੰਦਾ ਹੈ । ਭਾੱਲੂ ?"

ਭਾੱਲੂ ਮੁਗਲੀ'ਤੇ ਹੋਰ ਮੁਸੀਬਤਾਂ ਨਹੀ ਸੀ ਲਿਆਓਨਾ ਚਾਹੁੰਦਾ । ਮਗਰ ਓਹ ਜੰਗਲ ਦੇ ਕਨੂੰਨ ਦੇ ਨਾਲ ਛੇੜਛਾੜ ਨਹੀਂ ਕਰ ਸਕਦਾ ਸੀ । ਸੋ ਓਹ ਬੁੜਬੁੜਾਇਆ । "ਦੁਖ ਕਦੇ ਭੀ ਸਜਾ ਨੂੰ ਮੁਲਤਵੀ ਨਹੀਂ ਕਰਦਾ ॥ ਮਗਰ ਯਾਦ ਰਖ । ਬਘੀਰੇ । ਕਿ ਇਹ ਬਹੁਤ ਛੋਟ੍ਹਾ ਹੈ ॥"

"ਮੈਂ ਯਾਦ ਰਖਾਂਗਾ ॥ ਪਰ ਇਨ੍ਹੇ ਸ਼ੈਤਾਨੀ ਕੀਤ੍ਰੀ ਹੈ । ਅਤੇ ਇਸ ਨੂੰ ਹੁਣ ਕੁਟ੍ਹ ਪੈਣੀ ਚਾਹਿਦੀ ਹੈ ॥ ਮੁਗਲੀ । ਕੀ ਤੈਨੂੰ ਕੁਝ ਕਹਿਣਾ ਹੈ ?"
"ਕੁਝ ਨਹੀਂ ॥ ਮੈਂ ਗਲਤੀ ਕੀਤ੍ਰੀ ਹੈ ॥ ਭਾੱਲੂ ਅਤੇ ਤੂੰ ਦੋਵੇ ਜਖਮੀ ਹੋਂ ॥ ਇਹ ਜਾਇਜ਼ ਹੈ ॥"

ਬਘੀਰੇ ਨੇ ਇਕ ਤੇਂਦੁਏ ਦੀ ਨਿਗ੍ਹਾ ਨਾਲ ਉਹਦੀ ਪਿਆਰ ਨਾਲ ਪਿੱਠ ਥਪਥਪਾਈ(ਓਨ੍ਹੇ ਸ਼ਾਇਦ ਹੀ ਕਦੇ ਅਪਨੇ ਬਲੂੰਗੜਿਆਂ ਨੂੰ ਕੁਟ੍ਰਿਆ ਹੋਵੇ) ਮਗਰ ਸਤ੍ਹ ਸਾਲ ਦੇ ਮੁੰਡੇ ਵਾਸ੍ਤੇ'ਤੇ ਇਹ ਕੜੀ ਸਜਾ ਸੀ ਜ੍ਹਿਧੇ'ਤੋਂ ਹਰ ਕੋਈ ਬਚਨਾ ਚਾਹ੍ਹੇਗਾ ॥ ਜਦੋਂ ਇਹ ਸਭ ਹੋ ਹਟਿਆ ਮੁਗਲੀ ਨੇ ਛਿੱਕ ਮਾਰੀ। ਅਤੇ ਅਪਨੇ ਆਪ ਨੂੰ ਬਿਨਾ ਕੁਝ ਬੋੱਲੇ ਖੁਰਕਿਆ ॥

"ਹੁਣ।" ਬਘੀਰੇ ਨੇ ਕਿਹਾ। "ਛਾਲ ਮਾਰ ਕੇ ਮੇਰੀ ਪਿਠ'ਤੇ ਬੈਹ ਜਾ ਛੋਟ੍ਰੇ ਭਰਾ। ਅਤੇ ਅਸੀਂ ਘੱਰ ਨੂੰ ਜਾਵਾਂਗੇ ॥"

ਜੰਗਲ ਦੇ ਕਨੂੰਨ ਦੀ ਇਹ ਇਕ ਖੂਬੀ ਹੈ ਕਿ ਸਜਾ ਮਗਰੋਂ ਸਾਰੇ ਹਿਸਾਬ ਕਿਤਾਬ ਬਰਾਬਰ ਹੋ ਜਾਉਂਦੇ ਨੇ ॥ ਮਗਰੋਂ ਕੋਈ ਨੁਕ੍ਤਾਚੀਨੀ ਨਹੀਂ ਕਰਦਾ ॥

ਮੁਗਲੀ ਅਪਨਾ ਸਿਰ ਬਘੀਰੇ ਦੀ ਪਿਠ ਤੇ ਰੱਖ ਕੇ ਇਨ੍ਹੀ ਗੂੜ੍ਹੀ ਨੀਂਦ ਸੁਤ੍ਤਾ ਕਿ ਜਦੋਂ ਉਸ ਨੂੰ ਉਹਦੀ ਗੁਫਾ । ਜਿੜ੍ਹਾ ਉਹਦਾ ਘਰ ਸੀ'ਤੇ ਲਾਹਿਆ'ਤੇ ਓਹ ਉੱਠਿਆ ਨਹੀਂ ॥

# ਬਾਂਦਰ - ਲੋਕਾਂ ਦਾ ਗੀਤ ਏ ਸੜਕ

ਮਾਰ ਛਾਲਾਂ ਇੱਥੇ ਅਸੀਂ ਜਾ ਰਹੇ ਹਾਂ ਫੁੱਲਾਂ ਦੇ ਹਾਰਾਂ'ਤੇ
ਅੱਧ'ਚ ਪਹੁੰਚੇ ਹਾਂ ਈਰਖਾਲੂ ਚੰਦ੍ਰਮਾਂ ਦੇ ਰਸ੍ਤੇ'ਤੇ
ਤੁਸੀ ਨਹੀਂ ਕਰਦੇ ਈਰਖਾ ਸਾੱਢੇ ਫੁੱਦਕਦੇ ਹੋਏ ਦਲਾਂ'ਤੇ ?
ਕੀ ਨਹੀਂ ਤੁਹਾਢੀ ਇਹ ਖ੍ਵਾਇਸ਼ ਕਿ ਤੁਹਾਢੇ ਥੋੜ੍ਹੇ ਹੋਰ ਹੱਥ ਹੁੰਦੇ ?
ਕੀ ਤੁਹਾਨੂੰ ਲਗਦਾ ਨਹੀਂ ਚੰਗਾ ਜੇਕਰ ਸਾਢੀਆਂ ਪੂਛਾਂ ਹੁੰਦੀਆਂ ਮੁੜੀ -
ਇੰਝ ਜਿਵੇਂ ਕਾਮਦੇਵ ਦਾ ਕਮਾਨ ?

ਹੁਣ ਹੋਂ ਤੁਸੀ ਗੁੱਸੇ। ਪਰ ਨਹੀਂ ਗੱਲ ਕੋਈ
*ਭਾ। ਪਿੱਛੇ ਤੇਰੇ ਹੈ ਲਟਕਦੀ ਪੂਛ ਪਈ !*

ਇੱਥੇ ਅਸੀਂ ਟ੍ਹਾਈਆਂ'ਤੇ ਬੈਠੇ ਹਾਂ ਪੰਗਤ ਲਗਾ
ਸੋਣੀਆਂ ਗੱਲਾਂ ਬਾਰੇ ਸੋਚ ਕੇ ਜੋ ਸਾਨੂੰ ਹੈ ਪਤਾ
ਸੁਪਨੇ ਲੈਕੇ ਓਨ੍ਹਾਂ ਕੱਮਾਂ ਦੇ ਜੋ ਚਾਹੁੰਦੇ ਹਾਂ ਅਸੀਂ ਕਰਨਾ
ਇਕ ਜਾਂ ਦੋ ਮਿੰਟ'ਚ ਜੋ ਅਸੀਂ ਸਕਦੇ ਨੇ ਨਿਪਟਾ
ਕੁਝ  ਚੰਗਾ ਅਤੇ ਸਿਆਣਾ ਅਤੇ ਵਧੀਆ
ਕਰ ਸਕਿਏ ਅਸੀਂ ਹੈ ਮੁਰਾਦ ਇਹੀ

ਭੁੱਲ ਚੁੱਕੇ ਹਾਂ ਅਸੀਂ। ਪਰ ਨਹੀਂ ਗੱਲ ਕੋਈ
*ਭਾ। ਪਿੱਛੇ ਤੇਰੇ ਹੈ ਲਟਕਦੀ ਪੂਛ ਪਈ !*

ਜੋ ਗੱਲਾਂ ਸਾਰੀਆਂ ਅਸੀਂ ਹੈ ਸੁਣੀ
ਚੰਮਗਿਦੂੜ ਜਾਂ ਵ੍ਹਸ਼ੀ ਜਾਂ ਪਰਿੰਦੇ ਦੀਆਂ ਹੋਈਆਂ ਕੀਤ੍ਰੀ -
ਖੱਲ ਜਾਂ ਖੰਭ ਜਾਂ ਮੱਛੀ ਦਾ ਕੰਡਾ
ਬੜਬੜਾਓ ਛੇਤ੍ਰੀ ਅਤੇ ਸਾਰਾ ਹੀ ਕੱਠਾ !
ਬਹੁਤ ਵਧੀਆ ! ਸ਼ਾਨਦਾਰ ! ਫੇਰ ਇਕ ਵਾਰ !
ਕਰ ਰਹੇ ਹਾਂ ਗੱਲਾਂ ਹੁਣ ਆਦਮੀ ਵਾਂਗ ਅਸੀਂ !

ਆਓ ਆਪਾਂ ਸੋਚ੍ਹਿਏ ਕਿ ਹਾਂ ਅਸੀਂ ... ਨਹੀਂ ਗੱਲ ਕੋਈ।
*ਭਾ। ਪਿੱਛੇ ਤੇਰੇ ਹੈ ਲਟਕਦੀ ਪੂਛ ਪਈ !*
ਇਹ ਹੈ ਤਰੀਕਾ ਬਾਂਦਰ ਲੋਕਾਂ ਦਾ ॥

*ਤਾਂ ਫੇਰ ਹੋ ਸ਼ਾਮਲ ਸਾਢੀਆਂ ਕਤਾਰਾਂ ਨਾਲ ਜਿੜ੍ਹੀਆਂ ਕਰਦੀਆਂ ਨੇ ਕਾਬੂ ਚੀੜ ਦੇ ਦ੍ਰਖ਼ੁਾਂ'ਚ ਘੁਟ੍ਹ ਕੇ ਗਲਾ*

*ਓਹ ਹਵਾਈਆਂ ਜਿੱਥੇ । ਹੈ ਰੋਸ਼ਨੀ'ਤੇ ਉਂਚਾਈ । ਜਿੱਥੇ ਝੂਲਦੇ ਨੇ ਜੰਗਲੀ ਅੰਗੂਰ*

*ਜਿੜ੍ਹਾ ਚੰਗਾ ਸ਼ੋਰ ਅਸੀਂ ਹੈ ਪਾਉਂਦੇ । ਅਤੇ ਉਸ ਕੂੜੇ ਦੀ ਕਸਮ*

*ਬੇਸ਼ਕ । ਬੇਸ਼ਕ । ਅਸੀਂ ਕਰਨ ਜਾ ਰਹੇ ਹਾਂ ਕੁਝ ਵਧੀਆ ਕੱਮ !*

# ਚੀਤਾ ! ਚੀਤਾ !

ਕੀ ਹੋਇਆ ਸ਼ਿਕਾਰ ਦਾ । ਬਹਾਦਰ ਸ਼ਿਕਾਰੀ ?

ਭਾ । ਉਡੀਕ ਸੀ ਲੰਮੀ'ਤੇ ਠੰਡੀ ॥

ਕਿ ਹੋਇਆ ਉਸ ਸ਼ਿਕਾਰ ਦਾ ਸੀ ਤੂੰ ਮਾਰਣ ਜਿੱਸ ਨੂੰ ਗਇਆ ?

ਭਾ । ਓਹ ਹੇਠਾਂ ਸ਼ਾਂਤ ਜੰਗਲ'ਚ ਬੈਹ ਗਇਆ

ਕਿੱਥੇ ਹੈ ਓਹ ਤਾਕਤ ਜ੍ਹਿਧਾ ਸੀ ਤੈਨੂੰ ਫੱਖਰ ?

ਭਾ । ਇਹ ਹੈ ਮੇਰੇ ਖੱਬੇ'ਤੇ ਸੱਜੇ ਗਈ ਉਤਰ ॥

ਕਿੱਥੇ ਹੈ ਓਹ ਫੁਰਤੀ ਜ੍ਹਿਧੇ ਨਾਲ ਮਚਾਉਂਦਾ ਸੀ ਤੂੰ ਛੇੜ੍ਹੀ ?

ਭਾ । ਚਲਿਆਂ ਮਰਨ ਵਾਸ੍ਤੇ ਗੁਫਾ ਤੇ ਅਪਨੀ ॥



# ਚੀਤਾ ! ਚੀਤਾ !

ਹੁਣ ਸਾਨੂੰ ਪਹਿਲੀ ਕਹਾਣੀ'ਤੇ ਵਾਪਸ ਜਾਣਾ ਚਾਹਿਦਾ ਹੈ ॥ ਜਦੋਂ ਮੁਗਲੀ ਨੇ ਦਲ ਦੇ ਨਾਲ ਪੰਚਾਇਤੀ ਥੜ੍ਹੇ'ਤੇ ਲੜਾਈ ਮਗਰੋਂ ਬਘਿਆੜਾਂ ਦੀ ਗੁਫਾ ਛੱਡੀ ਸੀ । ਓਹ ਹੇਠਾਂ ਜੋਤ੍ਰੀਆਂ ਹੋਈਆਂ ਜਮੀਨਾਂ ਵਲ ਚਲਿਆ ਗਿਆ ਸੀ ਜਿੱਥੇ ਪੈਂਡੂ ਰਹਿੰਦੇ ਸੀ । ਮਗਰ ਓਹ ਓਥੇ ਨਹੀਂ ਰੁਕਿਆ ਕਿਓਂਕਿ ਓਹ ਜੰਗਲ ਦੇ ਬਹੁਤ ਨੇੜ੍ਹੇ ਸੀ । ਅਤੇ ਓਨ੍ਹ ਪਤਾ ਸੀ ਕਿ ਓਨ੍ਹੇ ਘਟ੍ਹੋ ਘਟ੍ਹ ਇਕ ਦੁਸ਼ਮਨ ਤਾਂ ਪੰਚਾਇਤ'ਚ ਬਨਾ ਹੀ ਲਿਆ ਸੀ ॥ ਸੋ ਓਨ੍ਹੇ ਛੇਤ੍ਰੀ ਕੀਤ੍ਰੀ । ਅਤੇ ਓਹ ਕਚ੍ਹੀ ਸੜਕ'ਤੇ ਹੀ ਰਹਿਆ ਜਿੜ੍ਹੀ ਘਾਟੀ'ਚ ਹੇਠਾਂ ਨੂੰ ਜਾਓਂਦੀ ਸੀ । ਅਤੇ ਓੁਧੇ'ਤੇ ਓਹ ਕੁਝ ਵੀਹ'ਕ ਮੀਲ ਓਦੋਂ ਤਕ ਟੁਰਿਆ ਜਦੋਂ ਤਕ ਕਿ ਉਸ ਨੂੰ ਓਹ ਜਗ੍ਹਾ ਨਾਂ ਦਿਖੀ ਜਿਸ'ਤੋਂ ਓਹ ਅਨਜਾਣ ਸੀ ॥ ਘਾਟੀ ਇਕ ਖੁੱਲੇ ਮਦਾਨ'ਚ ਖੁਲਦੀ ਸੀ ਜਿਸ ਨੂੰ ਦਰਿਆ ਨੇ ਵੱਢ ਕੇ ਬਨਾਇਆ ਸੀ ਅਤੇ ਓਥੇ ਜਗ੍ਹਾ ਜਗ੍ਹਾ ਪੱਥਰ ਪਏ ਹੋਏ ਸੀ ॥ ਓੱਥੇ ਇਕ ਸਿਰੇ'ਤੇ ਇਕ ਛੋਟ੍ਹਾ ਪਿੰਡ ਸੀ । ਅਤੇ ਦੂਜੇ ਸਿਰੇ'ਤੇ ਸੰਘਨਾ ਜੰਗਲ ਡੰਗਰਾਂ ਦੇ ਚਰਾਗਾਹ ਨੂੰ ਇੰਝ ਆਨ ਮਿਲਦਾ ਸੀ ਜਿਵੇਂ ਕਿਸੇ ਨੇ ਕ੍ਹੀ ਨਾਲ ਵੱਢਿਆ ਹੋਵੇ ॥ ਮਦਾਨ'ਚ ਸਭ ਤਰਫ । ਡੰਗਰ'ਤੇ ਮੱਝਾਂ ਚਰਨ ਢ੍ਹਿਆਂ ਸੀ । ਅਤੇ ਛੋਟ੍ਹੇ ਮੁੰਡੇ ਜਿੜ੍ਹੇ ਮੱਝਾਂ ਚਰਾ ਰਹੇ ਸੀ ਮੁਗਲੀ ਨੂੰ ਵੇਖਕੇ ਚਾਂਗਰਾਂ ਮਾਰਕੇ ਭੱਜ ਗਏ । ਅਤੇ ਪੀਲੇ ਅਵਾਰਾ ਕੁਤ੍ਹੇ ਜਿੜ੍ਹੇ ਹਿੰਦੁਸ੍ਤਾਨ ਦੇ ਹਰ ਪਿੰਡ'ਚ ਹੁੰਦੇ ਨੇ ਭੌਕਣ ਲਗ ਪਏ ॥ ਮੁਗਲੀ ਟੁਰਦਾ ਰਿਹਾ । ਕਿਓਂਕਿ ਓਨ੍ਹ ਭੁੱਖ ਲਗ ਰਹੀ ਸੀ । ਜਦੋਂ ਓਹ ਪਿੰਡ ਦੇ ਮੁਖ ਦਰਵਾਜੇ'ਤੇ ਪਹੁੰਚਿਆ ਓੱਥੇ ਓਨ੍ਹੇ ਵੱਢੀ ਕੰਡਿਆਂ ਵਾਲੀ ਝਾੜੀ ਵੇਖੀ ਜਿਸ ਨੂੰ ਸ਼ਾਮ ਪੈਣ'ਤੇ ਦਰਵਾਜੇ ਦੇ ਅਗ੍ਹੇ ਕਰ ਦਿਤ੍ਹਾ ਜਾਓਂਦਾ ਸੀ । ਇਕ ਪਾਸੇ ਧੱਕੀ ਹੋਈ ਸੀ ॥

"ਓਫ੍ਹੋ !" ਓਨ੍ਹੇ ਕਿਹਾ ਕਿਓਂਕਿ ਇਹੋ ਜਿਹੀ ਰੁਕਾਵਟਾਂ ਇਕ'ਤੋਂ ਵੱਧ ਓਨ੍ਹੇ ਵੇਖਿਆਂ ਸੀ ਜਦੋਂ ਓਹ ਰਾਤ ਨੂੰ ਖਾਣੇ ਦੀ ਤਲਾਸ਼'ਚ ਜਾਓਂਦਾ ਸੀ ॥ "'ਤੇ ਫੇਰ ਇੱਥੇ ਭੀ ਆਦਮੀ ਜੰਗਲ ਦੇ ਲੋਕਾਂ'ਤੋਂ ਡਰਦੇ ਨੇ ॥" ਓਹ ਦਰਵਾਜੇ ਨੇੜੇ ਬੈਹ ਗਿਆ । ਅਤੇ ਜਦੋਂ ਇਕ ਆਦਮੀ ਆਇਆ ਓਹ ਖੜਾ ਹੋ ਗਿਆ । ਅਤੇ ਮੂੰਹ ਖੋਲਿਆ । 'ਤੇ ਇਸ਼ਾਰਾ ਕੀਤ੍ਹਾ ਕਿ ਉਸ ਨੂੰ ਖਾਣਾ ਚਾਹਿਦਾ ਹੈ ॥ ਆਦਮੀ ਨੇ ਉਸ ਨੂੰ ਘੂਰਿਆ । ਅਤੇ ਵਾਪਸ ਗਲੀ'ਚ ਨ੍ਹੱਸ ਗਿਆ ਅਤੇ ਪੰਡਤ  ਨੂੰ ਅਵਾਜਾਂ ਮਾਰਕੇ ਸ਼ੋਰ ਪਾਉਣ ਲਗ ਗਿਆ । ਜੋ ਇਕ ਵੱਢਾ। ਮੋਟ੍ਹਾ ਬੰਦਾ ਸੀ ਜਿਨ੍ਹੇ ਚਿਟ੍ਹੇ ਕਪੜੇ ਪਾਏ ਹੋਏ ਸੀ । ਅਤੇ ਮੱਥੇ'ਤੇ ਲਾਲ'ਤੇ ਪੀਲਾ ਟਿੱਕਾ ਲਾਇਆ ਹੋਇਆ ਸੀ ॥ ਪੰਡਤ ਪਿੰਡ ਦੇ ਮੁਖ ਦਰਵਾਜੇ ਤਾਂਈ ਆਇਆ । ਅਤੇ ਨਾਲ ਹੀ ਕੋਈ ਸੌ'ਕੁ ਬੰਦਾ ਭੀ ਆਇਆ । ਜਿਨ੍ਹਾਂ ਨੇ ਮੁਗਲੀ ਨੂੰ ਘੂਰੀਆਂ ਵਟ੍ਹੀਆਂ ਓੁਧੇ ਉਤ੍ਹੇ ਚੀਕੇ ਅਤੇ ਓੁਧੇ ਉਤ੍ਹੇ ਉਂਗਲੀਆਂ ਚੁੱਕੀਆਂ ॥

"ਇਨ੍ਹਾਂ ਆਦਮੀਆਂ ਨੂੰ । ਕੋਈ ਤਮੀਜ ਨਹੀਂ ਹੈ ।" ਮੁਗਲੀ ਨੇ ਅਪਨੇ ਆਪ ਨੂੰ ਕਿਹਾ ॥ "ਸਿਰਫ ਸਲੇਟੀ ਬਾਂਦਰਾਂ ਦਾ ਇਨ੍ਹਾਂ ਵਰਗਾ ਰੱਵਇਆ ਹੈ ॥" ਸੋ ਓਨ੍ਹੇ ਅਪਨੇ ਲੰਮੇ ਵਾਲ ਪਿਛਾਂ ਨੂੰ ਸੁਟ੍ਹੇ'ਤੇ ਭੀੜ ਨੂੰ ਵੇਖ ਭੈੜਾ ਜਿਹਾ ਮੂੰਹ ਬਨਾ ਲਿਆ ॥

"ਇ੍ਹਧੇ'ਚ ਡਰਨ ਵਾਲੀ ਕਿੜ੍ਹੀ ਗੱਲ ਹੈ ?" ਪੰਡਤ ਨੇ ਕਿਹਾ ॥ "ਓੁਧੀਆਂ ਬ੍ਹਾਂਵਾਂ'ਤੇ ਲਤ੍ਹਾਂ ਦੇ ਨਿਸ਼ਾਨਾਂ ਨੂੰ ਵੇਖੋ ॥ ਇਹ ਨਿਸ਼ਾਨ ਬਘਿਆੜਾਂ ਦੇ ਚੱਕ ਵੱਢਣ ਦੇ ਹਣ ॥ ਇਹ ਕੋਈ ਹੋਰ ਨਹੀਂ ਇਕ ਬਘਿਆੜੀ - ਬਚ੍ਹਾ ਹੈ ਜੋ ਜੰਗਲੋਂ ਨ੍ਹੱਸ ਆਇਆ ਹੈ ॥"

ਬੇਸ਼ਕ । ਨਾਲ ਖੇਡਨ ਕਰਕੇ । ਬਲੂੰਗੜਿਆਂ ਨੇ ਜਰੂਰਤ'ਤੋਂ ਜਿਆਦਾ ਜੋਰ ਦੀਆਂ ਦੰਦੀਆ ਵੱਢੀਆਂ ਸੀ । ਅਤੇ ਦੰਦੀਆਂ ਵੱਢਣ ਦੇ

ਚਿਟ੍ਟੇ ਨਿਸ਼ਾਨ ਉਧੀਆਂ ਲਤ੍ਤਾਂ'ਤੇ ਬ੍ਹਾਂਵਾਂ'ਤੇ ਹਰ ਪਾੱਸੇ ਸੀ ॥ ਮਗਰ ਓਹ ਸੰਸਾਰ'ਚ ਆਖਰੀ ਆਦਮੀ ਹੋਉਗਾ ਜਿੜ੍ਹਾ ਇਨ੍ਹਾਂ ਨੂੰ ਦੰਦੀਆਂ ਵੱਢਣਾ ਕਹੇ। ਕਿਓਂਕਿ ਉਸ ਨੂੰ ਪਤਾ ਸੀ ਕਿ ਅਸਲੀ ਦੰਦੀਆਂ ਵੱਢਣਾ ਕਿਸ ਨੂੰ ਕਹਿੰਦੇ ਨੇ ॥

"ਓਏ ! ਓਏ !" ਦੋ ਤਿੰਨ ਤੀਂਵੀਂਆਂ ਨੇ ਕੱਠੇ ਕਿਹਾ ॥ "ਬਿਚਾਰਾ ਹਾਇ। ਇਨ੍ਹੂ ਬਘਿਆੜਾਂ ਨੇ ਵੱਢਿਆ ! ਇਹ ਸੋਹਣਾ ਮੁੰਡਾ ਹੈ ॥ ਓ੍ਹਧੀਆਂ ਅੱਖਾਂ ਲਾਲ ਅਗ੍ਗ ਵਰਗੀਆਂ ਨੇ ॥ ਮੇਰੀ ਇੱਜ਼ਤ ਦੀ ਕਸਮ। ਮਸੂਆ ਇਹ ਉ੍ਹਧੇ ਵਰਗਾ ਨਹੀਂ ਲਗਦਾ ਹੈ ਜਿਸ ਤੇਰੇ ਮੁੰਡੇ ਨੂੰ ਚੀਤਾ ਚੁੱਕ ਕੇ ਲੈ ਗਿਆ ਸੀ ॥"

"ਮੈਨੂੰ ਵੇਖਣ ਦੇ।" ਇਕ ਤੀਵੀਂ ਨੇ ਕਿਹਾ ਜਿਧੀਆਂ ਕਲਾਈਆਂ ਅਤੇ ਅੱਡੀਆਂ'ਤੇ ਤਾਂਬੇ ਦੇ ਭਾਰੀ ਕੜੇ ਪਾਏ ਹੋਏ ਸੀ। ਓਨ੍ਹੇ ਮੁਗਲੀ'ਤੇ ਅਪਨੇ ਹੱਥ ਦਾ ਅੱਖਾਂ ਉਤ੍ਤੇ ਛੱਜਾ ਬਣਾਕੇ ਝਾਤ੍ਤੀ ਮਾਰੀ ॥ "ਬੇਸ਼ਕ ਇਹ ਓਹ ਮੁੰਡਾ ਨਹੀਂ ਹੈ ॥ ਇਹ ਪਤਲਾ ਹੈ। ਮਗਰ ਵੇਖਣ ਨੂੰ ਇਹ ਮੇਰੇ ਮੁੰਡੇ ਵਰਗਾ ਹੀ ਲਗਦਾ ਹੈ ॥"

ਪੰਡਤ ਇਕ ਚਲਾਕ ਆਦਮੀ ਸੀ। ਅਤੇ ਉਸ ਨੂੰ ਪਤਾ ਸੀ ਕਿ ਮਸੂਆ ਪਿੰਡ ਦੇ ਸਭ ਤੋਂ ਅਮੀਰ ਆਦਮੀ ਦੀ ਵ੍ਹਟੀ ਹੈ ॥ ਸੋ ਓਨ੍ਹੇਂ ਉੱਪਰ ਅਸਮਾਨ'ਚ ਇਕ ਮਿੰਟ ਵਾਸ੍ਤੇ ਵੇੱਖਿਆ ਅਤੇ ਬੜੀ ਸੰਜੀਦਗੀ ਨਾਲ ਕਿਹਾ : "ਜੋ ਜੰਗਲ ਨੇ ਲਿਆ ਸੀ ਸੋ ਜੰਗਲ ਨੇ ਮੋੜ ਦਿਤ੍ਤਾ ਹੈ ॥ ਮੁੰਡੇ ਨੂੰ ਅਪਨੇ ਘਰ ਲੈ ਜਾ। ਮੇਰੀ ਭੈਣ। ਅਤੇ ਪੰਡਤ ਨੂੰ ਭੇਟ੍ਹਾ ਦੇਣਾ ਨਾਂ ਭੁੱਲੀਂ ਜਿੜ੍ਹਾ ਲੋਕਾਂ ਦੀ ਜਿੰਦਗੀ'ਚ ਦੂਰ ਤਾਂਈ ਝਾਤ੍ਤੀ ਮਾਰ ਸਕਦਾ ਹੈ ॥"

"ਉਸ ਸੰਢੇ ਦੀ ਕਸਮ ਜਿਧੇ ਨਾਲ ਮੇਰਾ ਮੁੱਲ ਪਾਇਆ ਗਇਆ ਸੀ।" ਮੁਗਲੀ ਨੇ ਅਪਨੇ ਆਪ ਨੂੰ ਕਿਹਾ। "ਪਰ ਇਹ ਇੰਞ ਜਾਪਦਾ ਹੈ ਜਿਵੇਂ ਕਿ ਦਲ ਇਕ ਵਾਰੀ ਫੇਰ ਮੁਆਇਨਾ ਕਰਨ ਲਗ੍ਗਾ ਹੈ ! ਫੇਰ। ਜੇ ਮੈਂ ਆਦਮੀ ਹਾਂ। 'ਤੇ ਫੇਰ ਮੈਨੂੰ ਇਕ ਆਦਮੀ ਜਰੂਰ ਬਣਨਾ ਚਾਹਿਦਾ ਹੈ ॥"

ਭੀੜ ਛਟ ਗਈ ਜਦੋਂ ਜਨਾਨੀ ਨੇ ਮੁਗਲੀ ਨੂੰ ਅਪਨੀ ਝੁਗ੍ਗੀ'ਤੇ ਚੱਲਣ ਨੂੰ ਆੱਖਿਆ। ਜਿੱਥੇ ਇਕ ਲਾਲ ਰੰਗ ਦਾ ਰੋਗਨ ਕੀਤ੍ਤਾ ਪਲੰਗ ਡਿੱਠਿਆ ਹੋਇਆ ਸੀ।'ਤੇ ਇਕ ਵੱਢਾ ਸਾਰਾ ਮਿਟ੍ਟੀ ਦਾ ਭਾਂਡਾ ਸੀ ਜਿਧੇ'ਚ ਅਨਾਜ ਰੱਖਿਆ ਹੋਇਆ ਸੀ। 'ਤੇ ਜਿਧੇ'ਤੇ ਹਾੱਸਾ ਲਿਆਓਣ ਵਾਲੇ ਅਜੀਬੋਗਰੀਬ ਉਭਰੇ ਨਿਸ਼ਾਨ ਸੀ। ਅਤੇ ਕੋਈ ਅੱਧਾ'ਕ ਦਰਜਨ ਖਾਣਾ ਬਣਾਉਨ ਵਾਲੇ ਤਾਂਬੇ ਦੇ ਭਾਂਡੇ ਸੀ। ਅਤੇ ਇਕ ਆਲੇ'ਚ ਇਕ ਹਿੰਦੂ ਦਿਓਤੇ ਦੀ ਤਸਵੀਰ ਸੀ। ਅਤੇ ਦਿਵਾਰ'ਤੇ ਇਕ ਅਸਲੀ ਸ਼ੀਸ਼ਾ ਸੀ। ਜਿਸ ਤਰ੍ਹਾਂ ਦੇ ਮੇਲੇ'ਚ ਵੇਚ੍ਚੇ ਜਾਉਂਦੇ ਨੇ ॥

ਓਨ੍ਹੇ ਮੁਗਲੀ ਨੂੰ ਇਕ ਲੰਮਾਂ ਵੱਢਾ ਗਲਾਸ ਦੁੱਧ ਦਾ'ਤੇ ਨਾਲ ਰੋਟ੍ਟੀ ਦਿਤ੍ਤੀ ਅਤੇ ਫੇਰ ਓਨ੍ਹੇ ਓਹਦੇ ਸਿਰ'ਤੇ ਪਿਆਰ ਨਾਲ ਹੱਥ ਫੇਰਿਆ ਅਤੇ ਉਧੀਆਂ ਅੱਖਾਂ'ਚ ਝਾਤ੍ਤੀ ਮਾਰੀ ਕਿਓਂਕਿ ਓਨ੍ਹੇ ਸੋਚ੍ਚਿਆ ਕਿ ਸ਼ਾਇਦ ਓਹ ਉਧਾ ਅਸਲੀ ਮੁੰਡਾ ਹੀ ਹੋਵੇ ਜਿੜ੍ਹਾ ਜੰਗਲੋਂ ਮੁੜ ਆਇਆ ਹੈ ਜਿਸ ਨੂੰ ਚੀਤਾ ਚੁੱਕ ਕੇ ਲੈ ਗਿਆ ਸੀ ॥ ਸੋ ਓਨ੍ਹੇ ਕਿਹਾ "ਨੱਥੂ ਓਹ ਨੱਥੂ!" ਮੁਗਲੀ ਨੇ ਇੰਞ ਜਾਹਰ ਕੀਤ੍ਤਾ ਜਿਵੇਂ ਓਨ੍ਹੇ ਕਦੀ ਭੀ ਇਹ ਨਾਂਓ ਨਾਂ ਸੁਣਿਆ ਹੋਵੇ ॥ "ਤੈਨੂੰ ਓਹ ਦਿਨ ਚੇਤ੍ਤਾ ਨਹੀਂ ਜਿਸ ਦਿਨ ਮੈਂ ਤੈਨੂੰ ਨਵੀਆਂ ਜੁਤ੍ਤੀਆਂ ਦਿਤ੍ਤੀਆਂ ਸੀ

?" ਓਨ੍ਹੇ ਉਧੇ ਪੈਰ ਨੂੰ ਹੱਥ ਲਾਇਆ ਅਤੇ ਓਹ ਇਨ੍ਹਾ ਸਖ਼ ਸੀ ਜਿਵੇਂ ਕਿ ਸਿੰਙ ਹੋਵੇ ॥ "ਨਹੀਂ" ਓਨ੍ਹੇ ਦੁਖੀ ਹੋਕੇ ਕਿਹਾ "ਇਨ੍ਹਾਂ ਪੈਰਾਂ ਨੇ ਕਦੇ ਭੀ ਜੁਤ੍ਤੀਆਂ ਨਹੀਂ ਪਾਈਆਂ ਪਰ ਤੂੰ ਮੇਰੇ ਨੱਥੂ ਵਰਗਾ ਹੈਂ ਅਤੇ ਤੈਨੂੰ ਮੈਂ ਪੁਤ੍ਤ ਬਨਾਂਵਾਂਗੀ ॥"

ਮੁਗਲੀ ਕੁਝ ਠੀਕ ਮਹਿਸੂਸ ਨਹੀਂ ਕਰ ਰਿਹਾ ਸੀ । ਕਿਓਂਕਿ ਓਹ ਕਦੇ ਛਤ੍ਤ ਹੇਠਾਂ ਨਹੀਂ ਸੀ ਆਇਆ ॥ ਮਗਰ ਜਦ ਓਨ੍ਹੇ ਛੱਪਰ ਨੂੰ ਵੇੱਖਿਆ । ਤਾਂ ਉਸ ਨੂੰ ਇਹ ਲਗ੍ਗਿਆ ਕਿ ਓਹ ਇਸ ਨੂੰ ਬੜੀ ਅਸਾਨੀ ਨਾਲ ਤੋੜ ਕੇ ਜਦੋਂ ਚਾਹੇ ਓਦੋਂ ਹੀ ਨ੍ਹੱਸ ਸਕਦਾ ਹੈ । ਅਤੇ ਖਿੜਕੀ'ਚ ਕੋਈ ਭੀ ਕੁੰਡੀ ਨਹੀਂ ਸੀ ਲਗ੍ਗੀ ॥ "ਆਦਮੀ ਹੋਣ ਦਾ ਕੀ ਫਾਇਦਾ ਹੈ ।" ਓਨ੍ਹੇ ਅਖੀਰ'ਚ ਅਪਨੇ ਆਪ ਨੂੰ ਕਿਹਾ । "ਜੇਕਰ ਓਹ ਆਦਮੀ ਦੀ ਬੋਲੀ ਨਾਂ ਸਮਝ ਸਕੇ ? ਹੁਣ ਮੈ ਇਨ੍ਹਾਂ ਮੂਰਖ'ਤੇ ਝੱਲਾ ਹਾਂ ਜਿਨ੍ਹਾਂ ਕਿ ਇਕ ਆਦਮੀ ਸਾੱਢੇ ਨਾਲ ਜੰਗਲ'ਚ ਹੋਵੇਗਾ ॥ ਮੈਨੂੰ ਇਨ੍ਹਾਂ ਦੀ ਬੋੱਲੀ ਜਰੂਰ ਬੋਲਣੀ ਚਾਹਿਦੀ ਹੈ ॥"

ਓਨ੍ਹੇ ਅਪਨੇ ਮਜੇ ਵਾਸ੍ਤੇ ਨਹੀਂ ਸਿੱਖਿਆ ਸੀ ਹਿਰਣਾ ਦੀ ਲਲਕਾਰ ਦੀ ਸਾਂਗ ਲਾਉਣੀ ਅਤੇ ਛੋਟ੍ਹੇ ਜੰਗਲੀ ਸੂਰ ਦੀ ਘੁਰ੍ਹ ਘੁਰ੍ਹ ਕਰਨੀ । ਜਦੋਂ ਓਹ ਬਘਿਆੜਾਂ ਦੇ ਨਾਲ ਜੰਗਲ'ਚ ਸੀ ॥ ਸੋ ਜਦੋਂ ਹੀ ਮਸੂਆ ਕੋਈ ਸ਼ਬਦ ਬੋਲਦੀ ਮੁਗਲੀ ਉਧੀ ਨਕਲ ਬਖ਼ੂਬੀ ਲਾਹ ਲੈਂਦਾ ਅਤੇ ਨ੍ਹੇਰਾ ਹੋਣ'ਤੋਂ ਪਹਿਲਾਂ ਓਨ੍ਹੇ ਝੁਗ੍ਗੀ'ਚ ਪਈ ਕਈ ਚੀਜਾਂ ਦੇ ਨਾਉਂ ਸਿੱਖ ਲਏ ॥

ਸੌਣ ਵੇਲ੍ਹੇ ਥੋੜੀ ਮੁਸ਼ਕਲ ਆਨ ਪਈ । ਕਿਓਂਕਿ ਮੁਗਲੀ ਐਸੀ ਕਿਸੀ ਚੀਜ ਹੇਠਾਂ ਨਹੀਂ ਸੌਂਵੇਗਾ ਜਿੜ੍ਹੀ ਤੇਂਦੁਏ ਦੇ ਜਾਲ ਵਰਗੀ ਲਗ੍ਗੇ ਜਿਵੇਂ ਓਹ ਝੁਗ੍ਗੀ । ਅਤੇ ਜਦੋਂ ਓਨ੍ਹਾਂ ਨੇ ਦਰਵਾਜਾ ਬੰਦ ਕੀਤ੍ਤਾ ਓਹ ਖਿੜਕੀ ਥਾਂਈ ਬਾਹਰ ਨਿੱਕਲ ਗਇਆ ॥ "ਉਸ ਨੂੰ ਅਪਨੀ ਮਰਜੀ ਕਰਨ ਦੇ ।" ਮਸੂਆ ਦੇ ਘਰਵਾਲੇ ਨੇ ਕਿਹਾ ॥ "ਯਾਦ ਰੱਖ ਓਹ ਅੱਜ ਤਕ ਮੰਜੇ'ਤੇ ਨਹੀਂ ਸੀ ਸੁਤ੍ਤਾ ॥ ਜੇ ਉਸ ਨੂੰ ਵਾਕਈ ਹੀ ਸਾੱਢੇ ਪੁਤ੍ਤੁਰ ਦੀ ਜਗ੍ਹਾ ਭੇੱਜਿਆ ਗਇਆ ਹੈ'ਤੇ ਓਹ ਨ੍ਹੱਸੇਗਾ ਨਹੀਂ ॥"

ਸੋ ਮੁਗਲੀ ਨੇ ਸਾਫ ਘਾਹ'ਤੇ ਜਿੜ੍ਹਾ ਇਕ ਖੇਤ ਦੇ ਸਿਰੇ'ਤੇ ਸੀ । ਖੁਲ ਕੇ ਅੰਗੜਾਈ ਲਈ । ਮਗਰ ਉਧੇ ਅੱਖਾਂ ਬੰਦ ਕਰਨ'ਤੋਂ ਪਹਿਲਾਂ ਹੀ ਇਕ ਕੂਲੇ ਸਲੇਟੀ ਨੱਕ ਨੇ ਉਧੀ ਠੋੱਡੀ ਹੇਠ ਠੋੱਕਿਆ ॥

"ਫੁਰ੍ਹ !" ਸਲੇਟੀ ਭਰਾ ਨੇ ਕਿਹਾ(ਓਹ ਮਾਤਾ ਬਘਿਆੜ ਦਾ ਸਭ'ਤੋਂ ਵੱਢਾ ਬਲੂੰਗੜਾ ਸੀ) ॥ "ਇਹ ਇਕ ਸਸ੍ਤਾ ਜਿਹਾ ਤੇਰਾ ਪਿੱਛਾ ਵੀਹ ਮੀਲ ਕਰਨ ਵਾਸ੍ਤੇ । ਇਨਾਮ ਹੈ ॥ ਤੇਰੇ'ਤੋਂ ਲੱਕੜ ਬਲਣ ਦੇ ਧੂੰਵੇ ਅਤੇ ਡੰਗਰਾਂ ਦੀ ਬੋ ਆਓਂਦੀ ਹੈ । ਕੁਲ ਮਿਲਾਕੇ ਹੁਣੇ ਹੀ ਇਕ ਆਦਮੀ ਜਾਪਦਾ ਹੈਂ ॥ ਉੱਠ । ਛੋਟ੍ਹੇ ਭਰਾ । ਮੈਂ ਖਬਰ ਲਿਆਇਆ ਹਾਂ ॥"

"ਕੀ ਜੰਗਲ'ਚ ਸਭ ਰਾਜੀ ਖੁਸ਼ੀ ਹਣ ?" ਮੁਗਲੀ ਨੇ ਉਸ ਨੂੰ ਜੱਫੀ ਪਾਕੇ ਕਿਹਾ ॥

"ਸਾਰੇ ਠੀਕ ਨੇ ਸਿਰਫ ਓਨ੍ਹਾਂ ਬਘਿਆੜਾਂ'ਤੋਂ ਸਿਵਾ ਜਿੜ੍ਹੇ ਲਾਲ ਫੁੱਲ ਨਾਲ ਸੱੜ ਗਏ ਸੀ ॥ ਹੁਣ । ਸੁਣ ॥ ਸ਼ੇਰ ਖਾਂ ਬੜੀ ਦੂਰ ਸ਼ਿਕਾਰ ਕਰਨ ਗਿਆ ਹੈ ਜਦ ਤਕ ਕੇ ਉਧੀ ਜਤ੍ਤ ਫੇਰ ਮੋਟ੍ਹੀ ਨਹੀਂ ਹੋ ਜਾਉਂਦੀ । ਕਿਓਂਕਿ ਓਹ ਬਹੁਤ ਬੁਰੀ ਤਰ੍ਹਾਂ ਜਖਮੀ ਹੋਇਆ ਹੋਇਆ ਹੈ ॥ ਓਨ੍ਹੇ ਕਸਮ ਖਾਧੀ ਹੈ ਕਿ ਜਦੋਂ ਓਹ ਵਾਪਸ ਆਵੇਗਾ'ਤੇ ਤੇਰੀਆਂ ਹੱਡੀਆਂ ਵੇਨਗੰਗਾ'ਚ ਪਾ ਦੇਵੇਗਾ ॥"



"ਉੱਠ ਛੋਟ੍ਰੇ ਭਰਾ ਮੈਂ ਖਬਰ ਲਿਆਇਆਂ ਹਾਂ"

"ਇਸ ਗੱਲ ਦੇ ਮੇਰੇ ਕੋਲ ਦੋ ਸ਼ਬਦ ਨੇ ॥ ਮੈਂ ਭੀ ਇਕ ਛੋਟ੍ਰਾ ਜਿਹਾ ਵਾਇਦਾ ਕੀਤ੍ਰਾ ਹੈ ॥ ਮਗਰ ਖਬਰ ਹਮੇਸ਼ਾ ਅੱਛੀ ਹੁੰਦੀ ਹੈ ॥ ਅੱਜ ਰਾਤ ਮੈਂ ਬੜਾ ਥੱਕਿਆ ਹੋਇਆ ਹਾਂ - ਨਵੀਆਂ ਚੀਜਾਂ ਨਾਲ ਬੜਾ ਥੱਕਿਆ ਹੋਇਆ ਹਾਂ। ਸਲੇਟੀ ਭਰਾ - ਪਰ ਹਮੇਸ਼ਾ ਮੇਰੇ ਵਾਸ੍ਤੇ ਖਬਰਾਂ ਲਿਆਇਆ ਕਰ ॥"

"ਤੂੰ ਕਦੇ ਭੀ ਨਹੀਂ ਭੁੱਲੇਗਾਂ ਕਿ ਤੂੰ ਇਕ ਬਘਿਆੜ ਹੈਂ? ਆਦਮੀ ਤੈਨੂੰ ਭੁੱਲਣ ਨਹੀਂ ਦੇਣਗੇ ?" ਸਲੇਟੀ ਭਰਾ ਨੇ ਬੜਾ ਫਿਕਰਮੰਦ ਹੋਕੇ ਕਿਹਾ ॥

"ਕਦੇ ਭੀ ਨਹੀਂ ॥ ਮੈਂ ਹਮੇਸ਼ਾ ਯਾਦ ਰੱਖਾਂਗਾ ਕਿ ਮੈਂ ਤੁਹਾਨੂੰ ਅਤੇ ਗੁਫਾ'ਚ ਬਾਕੀ ਸਾਰਿਆਂ ਨੂੰ ਕਿਨ੍ਹਾ ਪਿਆਰ ਕਰਦਾ ਹਾਂ ॥ ਮਗਰ ਮੈਂ ਇਹ ਭੀ ਯਾਦ ਰੱਖਾਂਗਾ ਕਿ ਮੈਨੂੰ ਦਲ'ਚੋਂ ਬਾਹਰ ਕੱਢ ਦਿਤ੍ਤਾ ਗਿਆ ਹੈ ॥"

"ਅਤੇ ਤੈਨੂੰ ਸ਼ਾਇਦ ਇਕ ਹੋਰ ਦਲ'ਚੋਂ ਬਾਹਰ ਕੱਢ ਦਿਤ੍ਤਾ ਜਾਵੇ ॥ ਆਦਮੀ ਤਾਂ ਆਦਮੀ ਹੁੰਦਾ ਹੈ। ਛੋਟ੍ਰੇ ਭਰਾ। ਅਤੇ ਓਨ੍ਹਾਂ ਦੀਆਂ ਗੱਲਾਂ ਇੰਝ ਜਿਵੇਂ ਡੱਡੂਆਂ ਦਾ ਛੱਪੜੀ'ਚ ਟਰ੍ਹ ਟਰ੍ਹ ਕਰਨਾ ॥ ਜਦੋਂ ਮੈਂ ਇੱਥੇ ਦੁਬਾਰਾ ਆਵਾਂਗਾ। ਮੈਂ ਤੇਰਾ ਇੰਤਜਾਰ ਬਾਂਸਾਂ'ਚ ਕਰਾਂਗਾ ਜਿੜ੍ਹੇ ਚਰਾਗਾਹ ਦੇ ਸਿਰੇ'ਤੇ ਨੇ ॥"

ਉਸ ਰਾਤ ਦੇ ਤਿਨ ਮਹਿਨਿਆਂ ਤਾਂਈ ਮੁਗਲੀ ਪਿੰਡ ਦਾ ਦਰਵਾਜਾ ਨਹੀਂ ਟੱਪਿਆ। ਕਿਓਂਕਿ ਓਹ ਆਦਮੀਆਂ ਦੇ ਤੌਰ ਤਰੀਕੇ ਸਿੱਖਣ'ਚ ਮਸਰੂਫ ਸੀ ॥ ਪਹਿਲਾਂ ਉਸ ਨੂੰ ਅਪਨੇ ਆਲੇ ਦੁਵਾਲੇ ਇਕ ਕਪੜਾ ਵਲ੍ਹੇਟਣਾ ਪਿਆ। ਜ੍ਹਿਧੇ ਨਾਲ ਉਸ ਨੂੰ ਬੜੀ ਖਿਜ

ਚੜਦੀ ਸੀ। ਅਤੇ ਫੇਰ ਉਸ ਨੂੰ ਪੈਸੇ ਬਾਰੇ ਸਿੱਖਣਾ ਪਿਆ। ਜਿਧੀ ਕਿ ਉਸ ਨੂੰ ਬਿਲਕੁਲ ਸਮਝ ਨਹੀ ਲਗ੍ਗੀ। ਅਤੇ ਹਲ ਵਾਹੁਣ ਬਾਰੇ। ਜਿਧਾ ਇਸ੍ਤੇਮਾਲ ਕਰਨਾ ਉਧੀ ਸਮਝ'ਤੋਂ ਬਾਹਰ ਸੀ ॥ ਫੇਰ ਪਿੰਡ'ਚ ਛੋਟ੍ਰੇ ਬਚ੍ਚੇ ਉਸ ਨੂੰ ਬੜਾ ਗੁੱਸਾ ਚੜ੍ਹਾਉਂਦੇ ਸੀ ॥ ਖੁਸ਼ਕਿਸਮਤੀ ਨਾਲ। ਜੰਗਲ ਦੇ ਕਨੂੰਨ ਨੇ ਉਸ ਨੂੰ ਗੁੱਸਾ ਕਾਬੂ ਕਰਨਾ ਸਿਖਾਇਆ ਸੀ। ਕਿਓਂਕਿ ਜੰਗਲ'ਚ ਜਿੰਦਗੀ'ਤੇ ਭੋਜਨ ਇਸ ਗੱਲ ਦੇ ਆਸਰੇ ਰਹਿੰਦਾ ਹੈ ਕਿ ਤੁਸੀਂ ਅਪਨਾ ਗੁੱਸਾ ਕਾਬੂ'ਚ ਰੱਖ ਸਕੋਂ। ਮਗਰ ਜਦੋਂ ਓਹ ਉਧਾ ਮਜਾਕ ਉਡਾਉਂਦੇ ਕਿ ਓਹ ਖੇਡਾਂ ਨਹੀ ਸੀ ਖੇਡਦਾ। ਜਾਂ ਫੇਰ ਪਤੰਗਾਂ ਨਹੀਂ ਸੀ ਉਡਾਉਂਦਾ। ਜਾਂ ਫੇਰ ਓਹ ਕੋਈ ਸ਼ਬਦ ਗਲਤ ਬੋਲਦਾ ਸੀ। ਸਿਰਫ ਇਹ ਗਿਆਨ ਕਿ ਛੋਟ੍ਰੇ ਨੰਗੇ ਬਲੂੰਗੜਿਆਂ ਨੂੰ ਮਾਰਨਾ ਕੋਈ ਚੰਗੀ ਗੱਲ ਨਹੀਂ। ਉਸ ਨੂੰ ਓਨ੍ਹਾਂ ਨੂੰ ਚੁੱਕ ਕੇ ਓਨ੍ਹਾਂ ਦੇ ਦੋ ਟੋਟ੍ਰੇ ਕਰ ਕੇ ਸੁਟ੍ਟਣ'ਤੋਂ ਰੋਕਦੀ ਸੀ ॥

ਉਸ ਨੂੰ ਅਪਨੀ ਤਾਕਤ ਬਾਰੇ ਮਾੜਾ ਜਿਹਾ ਭੀ ਪਤਾ ਨਹੀਂ ਸੀ ॥ ਜੰਗਲ'ਚ ਉਸ ਨੂੰ ਪਤਾ ਸੀ ਕਿ ਓਹ ਵ੍ਰਿਸ਼ਿਆਂ ਦੇ ਮੁਕਾਬਲੇ ਕਮਜੋਰ ਸੀ। ਮਗਰ ਪਿੰਡ'ਚ ਲੋੱਕੀ ਕਹਿੰਦੇ ਸੀ ਕਿ ਓਹ ਬਲ੍ਹ ਵਾਂਗ ਤਾਕਤਵਰ ਸੀ ॥

ਅਤੇ ਮੁਗਲੀ ਨੂੰ ਰਤ੍ਤੀ ਭਰ ਭੀ ਇਹ ਅੰਦਾਜਾ ਨਹੀਂ ਸੀ ਕਿ ਜਾਤ ਕਿੰਝ ਆਦਮੀ ਆਦਮੀ'ਚ ਫਰਕ ਪੈਦਾ ਕਰਦੀ ਹੈ ॥ ਜਦੋਂ ਕੁਮ੍ਹਿਆਰ ਦਾ ਖੋਤ੍ਤਾ ਮਿਟ੍ਟੀ ਦੇ ਟੋਏ'ਚ ਫਿਸਲ ਗਇਆ। ਮੁਗਲੀ ਨੇ ਉਧੀ ਪੂਛ ਫੱੜਕੇ ਬਾਹਰ ਕੱਢ ਲਿਆ। ਅਤੇ ਮਿਟ੍ਟੀ ਦੇ ਭਾਂਡਿਆਂ ਨੂੰ ਇਕ ਦੇ ਉੱਪਰ ਇਕ ਟਕਾ ਕੇ ਕਾਨ੍ਹੀਵਾੜੇ ਦੇ ਬਜਾਰ ਦੇ ਸਫਰ ਲਈ ਮਦਦ ਕੀਤ੍ਤੀ ॥ ਇਹ ਭੀ। ਬੜੀ ਬੇਤਰਤੀਬੀ ਵਾਲੀ ਗੱਲ ਸੀ। ਕਿਓਂਕਿ ਕੁਮ੍ਹਿਆਰ ਛੋਟ੍ਰੀ ਜਾਤ ਦਾ ਸੀ। ਅਤੇ ਉਧਾ ਖੋਤ੍ਤਾ'ਤੇ ਉਧੇ'ਤੋਂ ਭੀ ਬਹੁਤਾ ਮਾੜਾ ਸੀ ॥ ਜਦੋਂ ਪੰਡਤ ਨੇ ਓਨ੍ਹੂ ਝਿੜਕੇ ਮਾਰੇ। ਤਾਂ ਮੁਗਲੀ ਨੇ ਉਸ ਨੂੰ ਧਮਕੀ ਦਿਤ੍ਤੀ ਕਿ ਉਸ ਨੂੰ ਭੀ ਓਹ ਖੋਤ੍ਤੇ'ਤੇ ਬਿਠਾ ਦੇਵੇਗਾ। ਅਤੇ ਪੰਡਤ ਨੇ ਮਸੂਆ ਦੇ ਘਰਵਾਲੇ ਨੂੰ ਕਿਹਾ ਕਿ ਮੁਗਲੀ ਨੂੰ ਛੇਤ੍ਤੀ'ਤੋਂ ਛੇਤ੍ਤੀ ਕਿਸੇ ਕੱਮ ਲਗਾਉਣਾ ਚਾਹਿਦਾ ਹੈ। ਅਤੇ ਪਿੰਡ ਦੇ ਮੁਖੀ ਨੇ ਮੁਗਲੀ ਨੂੰ ਕਿਹਾ ਕਿ ਉਸ ਨੂੰ ਅਗਲੇ ਦਿਨ ਮੱਝਾਂ ਚਾਰਨ ਵਾਸ੍ਤੇ ਜਾਣਾ ਪਉਗਾ ॥ ਇਸ ਦੀ ਸਭ'ਤੋਂ ਜਿਆਦਾ ਖੁਸ਼ੀ ਮੁਗਲੀ ਨੂੰ ਹੋਈ। ਅਤੇ ਉਸ ਰਾਤ। ਕਿਓਂਕਿ ਓਨ੍ਹੂ ਪਿੰਡ ਦਾ ਨੌਕਰ ਰੱਖ ਲਿਆ ਗਿਆ ਸੀ। ਓਹ ਚੌਪਾਲ ਵਲ ਟੁਰ ਪਿਆ ਜਿੜ੍ਹਾ ਇਕ ਵੱਢੇ ਅੰਞੀਰ ਦੇ ਦ੍ਰਖ੍ਤ ਹੇਠਾਂ ਬਨੇ ਥੜ੍ਹੇ'ਤੇ ਹਰ ਸ਼ਾਮ ਲਗਦਾ ਸੀ ॥ ਇਹ ਪਿੰਡ ਦੀ ਚੌਪਾਲ ਸੀ। ਇੱਥੇ ਮੁੱਖੀਆ ਅਤੇ ਚੌਕੀਦਾਰ ਅਤੇ ਨਾਈ। ਜੋ ਕਿ ਸਾਰੇ ਪਿੰਡ ਦੀ ਖਬਰ ਰਖਦਾ ਸੀ। ਅਤੇ ਬੁੱਢਾ ਬਲਦੇਵ। ਪਿੰਡ ਦਾ ਸ਼ਿਕਾਰੀ। ਜਿਧੇ ਕੋਲ ਵੱਢੀ ਬੰਦੂਕ ਸੀ। ਮਿਲਦੇ ਸੀ ਹੁੱਕਾ ਪੀਂਦੇ ਸੀ ॥ ਬਾਂਦਰ ਉੱਪਰਲੀਆਂ ਟ੍ਹਾਣੀਆਂ'ਚ ਬ੍ਹੈਂਦੇ ਸੀ ਅਤੇ ਗੱਲਾਂ ਕਰਦੇ ਸੀ। ਅਤੇ ਇਕ ਨਾਗ ਥੜ੍ਹੇ ਹੇਠਾਂ ਮੋਰੀ'ਚ ਰਹਿੰਦਾ ਸੀ। ਅਤੇ ਉਸ ਨੂੰ ਹਰ ਰਾਤ ਦੁੱਧ ਚੜ੍ਹਾਇਆ ਜਾਉਂਦਾ ਸੀ। ਕਿਓਂਕਿ ਓਹ ਪਵਿਤ੍ਰਰ ਸੀ। ਅਤੇ ਬੁੱਢੇ ਦ੍ਰਖ੍ਤ ਦੇ ਆਲੇ ਦੁਵਾਲੇ ਬਹਿ ਕੇ ਦੇਰ ਰਾਤ ਤਾਂਈ ਹੁੱਕਾ ਗੁੜਗੁੜਾਉਂਦੇ ਸੀ ॥ ਓਹ ਅਜੀਬੋਗਰੀਬ ਦਿਓਤਿਆਂ'ਤੇ ਆਦਮੀ ਅਤੇ ਭੂਤਾਂ ਦੀਆਂ ਕਹਾਣੀਆਂ ਸੁਣਾਉਂਦੇ ਸੀ। ਅਤੇ ਬਲਦੇਵ ਓਨ੍ਹਾਂ'ਤੋਂ ਭੀ ਜਿਆਦਾ ਅਜੀਬੋਗਰੀਬ ਜੰਗਲ ਦੇ ਵ੍ਰਿਸ਼ਿਆਂ ਦੀਆਂ ਕਹਾਣੀਆਂ ਸੁਣਾਉਂਦਾ ਸੀ। ਜਦੋਂ ਤਕ ਕੇ ਘੇਰੇ ਦੇ ਬਾਹਰ ਬੈਠੇ ਬਚ੍ਚਿਆਂ ਦੀਆਂ ਅੱਖਾਂ ਬਾਹਰ ਨਾਂ ਨਿੱਕਲ ਜਾਂਣ ॥ ਜਿਆਦਾਤਰ ਕਹਾਣੀਆਂ ਜਾਨਵਰਾਂ ਬਾਰੇ ਹੁੰਦੀਆਂ ਸੀ। ਕਿਓਂਕਿ ਜੰਗਲ ਹਮੇਸ਼ਾਂ ਬਿਲਕੁਲ ਓਨ੍ਹਾਂ ਦੇ ਦਰਵਾਜੇ'ਤੇ ਹੀ ਹੁੰਦਾ ਸੀ ॥ ਹਿਰਣ ਅਤੇ ਜੰਗਲੀ ਸੂਰ ਓਨ੍ਹਾਂ ਦੀ ਖੇਤ੍ਤੀ ਪੁਟ੍ਟ ਦੇਂਦੇ ਸੀ। ਅਤੇ ਕਦੇ'ਕੁ ਤਾਂਈ ਚੀਤਾ ਆਦਮੀ ਨੂੰ ਸਵੇਰੇ ਜਾਂ ਸ਼ਾਮ ਨੂੰ। ਪਿੰਡ ਦੇ ਦਰਵਾਜਿਆਂ ਦੇ ਨੇੜਿਓਂ ਚੁੱਕ ਕੇ ਲੈ ਜਾਉਂਦਾ ਸੀ ॥

ਮੁਗਲੀ। ਜਿਸ ਨੂੰ ਕੁਦਰਤੀ ਪਤਾ ਸੀ ਜਿਸ ਬਾਰੇ ਓਹ ਗੱਲਾਂ ਕਰਦੇ ਸੀ। ਅਪਨਾ ਹਾੱਸਾ ਲੁਕਾਉਣ ਵਾਸ੍ਤੇ ਅਪਨਾ ਮੂੰਹ ਛਿਪਾਉਣਾ

ਪੈਂਦਾ ਸੀ। ਜਦੋਂ ਕਿ ਬਲਦੇਵ। ਅਪਨੀ ਬੰਦੂਕ ਅਪਨੇ ਗੋਂਡਿਆਂ'ਤੇ ਰੱਖ ਕੇ। ਇਕ ਕਹਾਣੀ'ਤੋਂ ਦੂਜੀ ਕਹਾਣੀ'ਤੇ ਉੱਛਲਦਾ ਰਹਿੰਦਾ ਸੀ। ਅਤੇ ਮੁਗਲੀ ਦੇ ਮੋਢੇ ਹਿੱਲਣ ਲਗ ਜਾਉਂਦੇ ਸੀ॥

ਬਲਦੇਵ ਸਮਝਾ ਰਿਹਾ ਸੀ ਕਿ ਕਿੰਞ ਜੇੜ੍ਹਾ ਚੀਤਾ ਮਸੂਆ ਦੇ ਮੁੰਡੇ ਨੂੰ ਚੁੱਕ ਕੇ ਲੈ ਗਿਆ ਸੀ ਇਕ ਭੂਤੀਆ ਚੀਤਾ ਸੀ। ਅਤੇ ਉਧੇ ਸ਼ਰੀਰ'ਚ ਇਕ ਮੱਕਾਰ ਸ਼ਾਹੂਕਾਰ ਦੀ ਆਤਮਾ ਵੜੀ ਹੋਈ ਸੀ। ਜਿੜ੍ਹਾ ਕੁਞ ਸਾਲ ਪਹਿਲਾਂ ਮਰ ਗਿਆ ਸੀ॥ "ਅਤੇ ਮੈਨੂੰ ਪਤਾ ਹੈ ਕਿ ਇਹ ਸਚ੍ਹ ਹੈ।" ਓਨ੍ਹੇ ਕਿਹਾ। "ਕਿਓਂਕਿ ਪੂਰਨ ਦਾਸ ਹਮੇਸ਼ਾ ਲੰਗੜਾਉਂਦਾ ਸੀ ਉਸ ਸਟ੍ਟ ਦੀ ਵਜ੍ਹਾ ਨਾਲ ਜੋ ਉਸ ਨੂੰ ਦੰਗਿਆਂ'ਚ ਲਗ੍ਗੀ ਸੀ ਜਦੋਂ ਉਧੀਆਂ ਬਹੀ ਖਾਤੇਆਂ ਨੂੰ ਸਾੜ ਦਿਤ੍ਤਾ ਸੀ। ਅਤੇ ਜਿਸ ਚੀਤੇ ਦੀ ਗੱਲ ਮੈਂ ਕਰਦਾ ਹਾਂ। ਓਹ ਭੀ। ਲੰਗ ਮਾਰਦਾ ਹੈ। ਕਿਓਂਕਿ ਉਧੇ ਪੰਜਿਆਂ ਦੇ ਨਿਸ਼ਾਨ ਬਰਾਬਰ ਨਹੀਂ ਹਣ॥"

"ਸਚ ਹੈ। ਸਚ ਹੈ। ਇਹ ਬਿਲਕੁਲ ਸਚ ਹੋਣਾ।" ਸਿਰ ਹਿਲਾਉਂਦੇ ਹੋਏ ਸਲੇਟੀ ਦਾੜੀ ਵਾਲਿਆਂ ਨੇ ਕਿਹਾ॥

"ਕੀ ਇਹ ਸਭ ਕਹਾਣੀਆ ਸਿਰਫ ਗੁਮਰਾਹ ਕਰਨ ਵਾਸ੍ਤੇ ਨੇ?" ਮੁਗਲੀ ਨੇ ਕਿਹਾ॥ "ਓਹ ਚੀਤਾ ਲੰਗ ਮਾਰਦਾ ਹੈ ਕਿਓਂਕਿ ਓਹ ਜੰਮਾਂਦਰੂ ਲੰਗੜਾ ਹੈ। ਜਿਵੇਂ ਕਿ ਸਭ ਨੂੰ ਪਤਾ ਹੈ॥ ਇਹ ਗੱਲ ਕਰਨੀ ਕਿ ਸ਼ਾਹੂਕਾਰ ਦੀ ਆਤਮਾ ਇਕ ਵ੍ਰਸ਼ੀ'ਚ ਹੈ ਜਿਧੇ'ਚ ਗਿਦ੍ਦੜਾਂ ਵਰਗੀ ਬ੍ਰਾਦਰੀ ਹੋਵੇ ਇਕ ਬਚ੍ਚਕਾਨਾ ਗੱਲ ਹੈ॥"

ਬਲਦੇਵ ਇਕ ਮਿੰਟ ਵਾਸ੍ਤੇ ਹਰਾਨ ਹੋਕੇ ਚੁੱਪ ਕਰ ਗਿਆ। ਅਤੇ ਮੁਖਿਏ ਨੇ ਘੂਰੀ ਵਟ੍ਟੀ॥

"ਓਹ ਹੋ! ਇਹ ਕਿਤੇ ਵਿਗੜਿਆ ਹੋਇਆ ਜੰਗਲੀ ਮੁੰਡਾ ਤੇ ਨਹੀਂ?" ਬਲਦੇਵ ਨੇ ਕਿਹਾ॥ "ਜਿਹ ਤੂੰ ਇਨ੍ਹਾਂ ਸਿਆਣਾ ਹੈ। ਤਾਂ ਫੇਰ ਬੇਹ੍ਤੁਰ ਹੋਵੇਗਾ ਜੇ ਤੂੰ ਉਧੀ ਖੱਲ ਕਾਨ੍ਹੀਵਾੜੇ ਲੈ ਕੇ ਆਵੇਂ। ਕਿਓਂਕਿ ਸਰਕਾਰ ਨੇ ਉਧੀ ਜਾਣ ਤੇ ਸੌ ਰੁਪਇਏ ਦਾ ਇਨਾਮ ਰੱਖਿਆ ਹੈ॥ ਇਧੇ'ਤੋਂ ਭੀ ਚੰਗਾ ਹੋਵੇਗਾ। ਜੇ ਤੂੰ ਓਦੋਂ ਨਾਂ ਬੋੱਲੇਂ ਜਦੋਂ ਤੇਰੇ ਵਢੇਰੇ ਬੋਲਦੇ ਹੋਣ॥"

ਮੁਗਲੀ ਜਾਣ ਵਾਸ੍ਤੇ ਉੱਠ ਖੜਾ ਹੋਇਆ॥ "ਸਾਰੀ ਰਾਤ ਮੈਂ ਸੁਣਨ ਵਾਸ੍ਤੇ ਇੱਥੇ ਪਇਆ ਰਹਿਆ।" ਅਪਨੀ ਪਿਠ ਪਿੱਛੇ ਓਹ ਬੋੱਲਿਆ। "ਅਤੇ। ਸਿਰਫ ਇਕ ਜਾਂ ਦੋ ਵਾਰ ਨੂੰ ਛੱਡ ਕੇ। ਬਲਦੇਵ ਨੇ ਇਕ ਸ਼ਬਦ ਭੀ ਜੰਗਲ ਬਾਰੇ ਸਚ੍ਹ ਨਹੀਂ ਬੋੱਲਿਆ। ਜਿੜ੍ਹਾ ਇਧੇ ਅਪਨੇ ਦਰਵਾਜੇ'ਤੇ ਹੈ॥ ਫੇਰ। ਮੈਂ ਕਿੰਞ। ਭੂਤਾਂ ਦਿਓਤਿਆਂ'ਤੇ ਜਿੰਨ੍ਹਾਂ ਦੀਆਂ ਕਹਾਣੀਆਂ'ਤੇ ਜਕੀਨ ਕਰ ਲਵਾਂ ਜਿੜ੍ਹੇ ਇਹ ਕਹਿੰਦਾ ਹੈ ਕਿ ਇਨ੍ਹੇ ਵੇਖੇ ਨੇ?"

"ਇਹ ਵਕ੍ਤ ਹੈ ਇਸ ਨੂੰ ਪੂਰਾ ਦਿਨ ਮੱਝਾਂ ਚਾਰਨ ਵਾਸ੍ਤੇ ਭੇੱਜਨ ਦਾ।" ਮੁਖਿਏ ਨੇ ਕਿਹਾ। ਜਦ ਕਿ ਬਲਦੇਵ ਮੁਗਲੀ ਦੀ ਇਸ ਗੁਸ੍ਤਾਖੀ'ਤੇ ਹੌਂਕਦਾ'ਤੇ ਫੂੰਕਾਰਦਾ ਰਿਹਾ॥



"ਕੀ ਇਹ ਸੱਭ ਕਹਾਣੀਆਂ ਸਿਰਫ ਗੁਮਰਾਹ ਕਰਨ ਵਾਸ੍ਤੇ ਨੇ ?" ਮੁਗਲੀ ਨੇ ਕਿਹਾ ॥

ਹਿੰਦੁਸ੍ਤਾਨ ਦੇ ਜਿਆਦਾਤਰ ਪਿੰਡਾ ਦਾ ਇਹ ਰਵਾਜ ਹੈ ਕਿ ਕੁਝ ਮੁੰਡੇ ਡੰਗਰ ਅਤੇ ਮੱਝਾਂ ਲੈ ਕੇ ਬੜੇ ਸਵੇਰੇ ਚਰਾਉਣ ਵਾਸ੍ਤੇ ਨਿੱਕਲ ਜਾਉਂਦੇ ਨੇ। ਅਤੇ ਰਾਤ ਪੈਣ'ਤੇ ਵਾਪਿਸ ਲਿਆਓਂਦੇ ਨੇ ॥ ਓਹ ਡੰਗਰ ਜਿਹ੍ੜੇ ਇਕ ਗੋਰੇ ਆਦਮੀ ਨੂੰ ਲਤਾੜ ਕੇ ਮਾਰ ਸਕਦੇ ਨੇ ਛੋਟ੍ਹੇ ਬਚ੍ਚਿਆਂ ਨੂੰ ਜਿਹ੍ੜੇ ਓਹ੍ਨਾਂ ਦੇ ਨੱਕ ਤਾਈਂ ਭੀ ਨਹੀਂ ਪਹੁੰਚਦੇ ਓਹ੍ਨਾਂ ਨੂੰ ਅਪਨੇ'ਤੇ ਚੀਕਣ। ਰੋਭ ਪਾਉਣ। 'ਤੇ ਮਾਰਨ ਦੇਂਦੇ ਨੇ ॥ ਜਦੋਂ ਤਕ ਮੁੰਡੇ ਇੱਜੜ ਨਾਲ ਰਹਿਣ ਓਹ ਮਹਿਫੂਜ਼ ਰਹਿੰਦੇ ਨੇ। ਕਿਓਂਕਿ ਚੀਤਾ ਭੀ ਇਕ ਡੰਗਰਾਂ ਦੇ ਇਜੱੜ'ਤੇ ਧਾਵਾ ਨਹੀਂ ਬੋੱਲੂਗਾ ॥ ਮਗਰ ਜੇਕਰ ਓਹ ਫੁੱਲ ਚੁਗਣ ਜਾਂ ਕਿਰਲੇਆਂ ਦੇ ਸ਼ਿਕਾਰ ਕਰਦੇ ਭਟਕ ਜਾਣ। 'ਤੇ ਦੂਰ ਨਿੱਕਲ ਜਾਉਂਦੇ ਨੇ ॥ ਮੁਗਲੀ ਪਿੰਡ ਦੀ ਗਲੀ'ਚੋਂ ਰਾਮਾ। ਜੋ ਕਿ ਇੱਜੜ ਦਾ ਬਹੁਤ ਵਧੀਆ ਝੋਟ੍ਹਾ ਸੀ। 'ਤੇ ਬੈਹ ਕੇ ਰੋਜ ਸਵੇਰੇ ਜਾਉਂਦਾ ਸੀ ॥ ਸਲੇਟੀ ਨੀਲੇ ਰੰਗ ਦੀਆਂ ਮੱਝਾਂ। ਲੱਮੇ ਸਿੰਙਾ'ਤੇ ਵ੍ਹਸ਼ੀ ਅੱਖਾਂ ਵਾਲੀਆਂ। ਅਪਨੇ ਤਬੇਲਿਆਂ'ਤੋਂ ਇਕ ਇਕ ਕਰਕੇ। ਮੁਗਲੀ ਦੇ ਪਿੱਛੇ ਟੁਰ ਪੈਂਦਿਆਂ ਸੀ। ਅਤੇ ਮੁਗਲੀ ਨੇ ਬਚ੍ਚਿਆਂ ਨੂੰ ਸਾਫ ਕਹਿ ਦਿਤ੍ਤਾ ਸੀ ਕਿ ਓਹ ਸਰਦਾਰ ਹੈ ॥ ਓਹ ਮੱਝਾਂ ਨੂੰ ਇਕ ਲੰਮੇ ਚਮੀਕੀਲੇ ਬਾਂਸ ਦੇ ਡੰਡੇ ਨਾਲ ਮਾਰਦਾ ਸੀ। ਅਤੇ ਓਨ੍ਹੇ ਇਕ ਮੁੰਡੇ। ਕਾਮਯਾ ਨੂੰ ਕਿਹਾ ਸੀ। ਕਿ ਡੰਗਰਾਂ ਨੂੰ ਆਪ ਚਰਾਉਣ। ਜਦੋਂ ਕਿ ਓਹ ਆਪ ਮੱਝਾਂ ਨਾਲ ਚਲਾ ਗਿਆ। ਅਤੇ ਕਿਹਾ ਕਿ ਖਬਰਦਾਰ ਰਹਿਣ ਅਤੇ ਅਪਨੇ ਇਜੱੜ'ਤੋਂ ਦੂਰ ਨਾਂ ਭਟਕਣ ॥

ਇਕ ਹਿੰਦੁਸ੍ਤਾਨੀ ਚਰਾਗਾਹ'ਚ ਪੱਥਰ ਛੋਟ੍ਹੀਆਂ ਝਾੜੀਆਂ ਅਤੇ ਛੋਟ੍ਹੇ ਘਾਹ ਦੇ ਪੂੜੇ ਅਤੇ ਪਾਣੀ ਵਗਨ ਨਾਲ ਬਣੇ ਛੋਟ੍ਹੇ ਖੱਡ ਹੁੰਦੇ ਨੇ। ਜਿਨ੍ਹਾਂ'ਚ ਇੱਜੜ ਖਿੱਲਰ ਕੇ ਲੋਪ ਹੋ ਜਾਉਂਦੇ ਨੇ ॥ ਮੱਝਾਂ ਜਿਆਦਾਤਰ ਛੱਪੜੀਆਂ ਜਾਂ ਚਿੱਕੜ ਪਸੰਦ ਕਰਦੀਆਂ ਨੇ ਜਿੱਥੇ ਪਈਆਂ ਪਈਆਂ ਗਰਮ ਮਿਟ੍ਹੀ'ਚ ਘੰਟੇਆਂ ਤਾਂਈ ਲੋਟਦੀਆਂ ਅਤੇ ਗਰਮੀ ਸੇਕਦੀਆਂ ਨੇ ॥ ਮੁਗਲੀ ਨੇ ਇਨ੍ਹਾਂ ਨੂੰ ਮਦਾਨ ਦੇ ਸਿਰੇ'ਤੇ ਭਜਾ ਦਿਤ੍ਤਾ ਸੀ ਜਿੱਥੇ ਵੇਨਗੰਗਾ ਜੰਗਲ'ਚੋਂ ਬਾਹਰ ਨਿੱਕਲਦੀ ਸੀ। ਅਤੇ ਫੇਰ ਓਹ ਰਾਮਾ ਦੀ ਗਰਦਨ'ਤੋਂ ਉਤ੍ਤੁਰ ਕੇ। ਬਾਂਸਾਂ ਦੇ ਝੁਰਮਟ ਵਲ ਟੁਰ ਪਿਆ। ਜਿੱਥੇ ਉਸ ਨੂੰ ਸਲੇਟੀ ਭਰਾ ਮਿਲਿਆ ॥ "ਆਹ।" ਸਲੇਟੀ ਭਰਾ ਨੇ ਕਿਹਾ। "ਮੈਂ ਇੱਥੇ ਬੜੇ ਦਿਨ

ਇੰਤਜਾਰ ਕੀਤ੍ਹਾ ਹੈ ॥ ਇਹ ਡੰਗਰ - ਚਾਰਣ ਦੇ ਕੱਮ ਦਾ ਕੀ ਮਤਲਬ ਹੈ ?"

"ਇਹ ਮੈਨੂੰ ਹੁਕਮ ਹੋਇਆ ਹੈ ।" ਮੁਗਲੀ ਨੇ ਕਿਹਾ ॥ "ਮੈਂ ਕੁਝ'ਕ ਚਿਰ ਵਾਸ੍ਤੇ ਚਰਵਾਹਿਆ ਹਾਂ ॥ ਸ਼ੇਰ ਖਾਂ ਦੀ ਕੀ ਖਬਰ ਹੈ ?"

"ਓਹ ਇਹ ਮੁਲਕ ਵਾਪਸ ਆ ਗਿਆ ਹੈ । ਅਤੇ ਤੇਰੇ ਵਾਸ੍ਤੇ ਓਨ੍ਹੇ ਇੱਥੇ ਇਕ ਲੰਮਾਂ ਇੰਤਜਾਰ ਕੀਤ੍ਹਾ ਹੈ ॥ ਹੁਣ ਓਹ ਫੇਰ ਚਲਾ ਗਿਆ ਹੈ । ਕਿਓਂਕਿ ਸ਼ਿਕਾਰ ਘਟ੍ਟ ਵੱਧ ਹੀ ਲੱਭਦਾ ਹੈ ॥ ਮਗਰ ਓਹ ਤੈਨੂੰ ਮਾਰਨਾ ਚਾਹੁੰਦਾ ਹੈ ॥"

"ਬਹੁਤ ਚੰਗਾ ।" ਮੁਗਲੀ ਨੇ ਕਿਹਾ ॥ "ਜਦੋਂ ਤਕ ਓਹ ਗਇਆ ਹੋਇਆ ਹੈ ਤੂ ਜਾਂ ਤੁਸੀਂ ਭਰਾਵਾਂ'ਚੋ ਇਕ ਉਸ ਪੱਥਰ'ਤੇ ਬੈਠੋ । ਤਾਕਿ ਜਦੋਂ ਮੈਂ ਪਿੰਡ'ਚੋਂ ਬਾਹਰ ਆਵਾਂ ਤੁਹਾਨੂੰ ਵੇਖ ਸਕਾਂ ॥ ਜਦੋਂ ਓਹ ਵਾਪਸ ਆਵੇ ਮੇਰਾ ਇੰਤਜਾਰ ਖੱਡ'ਚ ਢਕ ਦੇ ਦ੍ਰਖ੍ਤ ਜਿੜ੍ਹਾ ਮਦਾਨ ਦੇ ਵਿਚ੍ਹੋਂ ਵਿਚ ਹੈ । ਦੇ ਕੋਲ ਕਰਨਾ ॥ ਸਾਨੂੰ ਸ਼ੇਰ ਖਾਂ ਦੇ ਮੂੰਹ'ਚ ਪੈਣ ਦੀ ਕੋਈ ਲੋੜ ਨਹੀਂ ਹੈ ॥"

ਫੇਰ ਮੁਗਲੀ ਨੇ ਇਕ ਜਗ੍ਹਾ ਚੁਨੀ ਜਿੜ੍ਹੀ ਛਾਵੇਂ ਸੀ । ਅਤੇ ਓੱਥੇ ਲੰਮਾਂ ਪੈ ਕੇ ਸੌਂ ਗਿਆ ਜਦਕਿ ਮੱਝਾਂ ਉਧੇ ਆਲੇ ਦੁਆਲੇ ਚਰਦੀਆਂ ਰਹੀਆਂ ॥ ਹਿੰਦੁਸ੍ਤਾਨ'ਚ ਡੰਗਰ ਚਰਾਉਨਾ ਸੰਸਾਰ'ਚ ਇਕ ਸਭ ਤੋਂ ਆਲਸ ਭਰਿਆ ਕੱਮ ਹੈ ॥ ਡੰਗਰ ਘੁੱਮਦੇ ਰਹਿੰਦੇ'ਤੇ ਚਰਦੇ ਰਹਿੰਦੇ ਨੇ । ਫੇਰ ਲੰਮੇ ਪੈ ਜਾਉਂਦੇ ਨੇ । ਫੇਰ ਉਠ ਕੇ ਘੁੱਮਨ ਲਗ ਪੈਂਦੇ ਨੇ । ਅਤੇ ਓਹ ਜਰਾ ਭੀ ਥੱਕਦੇ ਨਹੀਂ ॥ ਓਹ ਸਿਰਫ ਘੁਰ੍ਹ ਘੁਰ੍ਹ ਕਰਦੇ ਨੇ । ਅਤੇ ਮੱਝਾਂ ਸ਼ਾਇਦ ਹੀ ਕਦੇ ਕੁਝ ਕਹਿੰਦੀਆਂ ਨੇ । ਪਰ ਮਟਮੈਲੀ ਛਪੜੀਆਂ'ਚ ਇਕ ਦੇ ਬਾਦ ਇਕ ਵੜ ਜਾਉਂਦੀਆਂ ਨੇ । ਅਤੇ ਮਿਟ੍ਟੀ'ਚ ਲਿਟਣ ਲਗ ਜਾਉਂਦੀਆਂ ਨੇ ਜਦੋਂ ਤਕ ਕਿ ਓਨ੍ਹਾਂ ਦੇ ਸਿਰਫ ਨੱਕ ਤੇ ਚੀਨੀ ਮਿਟ੍ਟੀ ਵਰਗੀਆਂ ਨੀਲੀਆਂ ਅੱਖਾਂ ਹੀ ਛਪੜੀ ਉੱਪਰ ਨਜਰ ਆਓਂਦੀਆਂ ਨੇ । ਅਤੇ ਫੇਰ ਓਹ ਲੱਠੇ ਵਾਂਗ ਲੱਮੀਆਂ ਪੈ ਜਾਉਂਦੀਆਂ ਨੇ ॥ ਸੂਰਜ ਪੱਥਰਾਂ ਨੂੰ ਗਰਮੀ'ਚ ਨਚ੍ਚਣ ਵਾਸ੍ਤੇ ਮਜਬੂਰ ਕਰ ਦੇਂਦਾ ਹੈ । ਅਤੇ ਇੱਜੜ ਦੇ ਬਚ੍ਚੇ ਇਕ ਬਾਜ (ਕਦੇ ਭੀ ਇਕ ਤੋਂ ਜਿਆਦਾ ਨਹੀਂ) ਨੂੰ ਨਜਰਾਂ'ਤੋਂ ਓੱਝਲ ਸਿਰ ਉੱਪਰ ਸੀਟੀ ਮਾਰਦੇ ਹੋਏ ਸੁਣਦੇ ਨੇ । ਅਤੇ ਓਨ੍ਹਾਂ ਨੂੰ ਪਤਾ ਹੈ ਕਿ ਜੇਕਰ ਓਹ ਮਰ ਗਏ । ਜਾਂ ਇਕ ਗਊ ਮਰ ਜਾਵੇ । 'ਤੇ ਬਾਜ ਹੇਠਾਂ ਆ ਜਾਵੇਗਾ । ਅਤੇ ਮੀਲਾਂ ਦੂਰ ਅਗਲਾ ਬਾਜ ਉਸ ਨੂੰ ਹੇਠਾਂ ਆਓਂਦਾ ਵੇਖ ਕੇ ਥੱਲੇ ਆ ਜਾਵੇਗਾ । ਅਤੇ ਫੇਰ ਅਗਲਾ ਬਾਜ । ਅਤੇ ਹੋਰ ਅਗਲਾ ਬਾਜ । ਅਤੇ ਓਨ੍ਹਾਂ ਦੇ ਮਰਨ'ਤੋਂ ਪਹਿਲਾਂ ਹੀ ਭੁੱਖੇ ਬਾਜਾਂ ਦਾ ਦਲ ਪਤਾ ਨਹੀਂ ਕਿਧਰੋਂ ਆ ਜਾਵੇਗਾ ॥ ਫੇਰ ਓਹ ਸੌਂ ਜਾਉਂਦੇ ਨੇ'ਤੇ ਉਠ ਜਾਉਂਦੇ ਨੇ'ਤੇ ਫੇਰ ਸੌਂ ਜਾਉਂਦੇ ਨੇ । ਅਤੇ ਛੋਟ੍ਟੀ ਛੋਟੀਆਂ ਸੁੱਕੇ ਘਾਹ ਦੀਆਂ ਟੋਕਰੀਆਂ ਬੁਣਦੇ ਨੇ । ਅਤੇ ਓਨ੍ਹਾਂ'ਚ ਟਿੱਡੇ ਪਾਉਂਦੇ ਨੇ । ਜਾਂ ਫੇਰ ਦੋ ਕੀੜੇਆਂ ਨੂੰ ਫੜਕੇ ਆਪਸ'ਚ ਲੜਾਉਂਦੇ ਨੇ । ਜਾਂ ਫੇਰ ਲਾਲ ਕਾਲੀ ਰਤ੍ਤੀਆਂ ਦੇ ਹਾਰ ਪਿਰਾਉਂਦੇ ਨੇ । ਜਾਂ ਫੇਰ ਕਿਰਲੇ ਨੂੰ ਧੁੱਪ ਸੇਕਦੇ ਹੋਏ ਵੇਖਦੇ ਨੇ । ਜਾਂ ਫੇਰ ਇਕ ਸੱਪ ਨੂੰ ਡੱਡੂ ਮਾਰਦੇ ਹੋਏ ਨੂੰ ਵੇਖਦੇ ਨੇ ਜਿੱਥੇ ਜਾਨਵਰ ਲੋਟਦੇ ਨੇ ॥ ਫੇਰ ਓਹ ਲੱਮੇਂ ਲੱਮੇਂ ਗਾਣੇ ਗਾਉਂਦੇ ਨੇ । ਜਿਨ੍ਹਾਂ'ਚ ਅਲਾਪ ਹੁੰਦੇ ਨੇ । ਅਤੇ ਦਿਨ ਸਾਰਿਆਂ ਦੀ ਜਿੰਦਗੀ ਤੋਂ ਲੱਮਾ ਜਾਪਦਾ ਹੈ । ਜਾਂ ਫੇਰ ਸ਼ਾਇਦ ਓਹ ਮਿਟ੍ਟੀ ਦੇ ਕਿਲੇ ਬਨਾਉਂਦੇ ਨੇ ਅਤੇ ਓਨ੍ਹਾਂ'ਚ ਮਿਟ੍ਟੀ ਦੇ ਆਦਮੀ ਘੋੜੇ ਅਤੇ ਮੱਝਾਂ ਬਿਠਾਉਂਦੇ ਨੇ । ਅਤੇ ਆਦਮੀਆਂ ਦੇ ਹੱਥਾਂ'ਚ ਕਾਨ੍ਹੇ ਫੜਾਕੇ । ਇੰਝ ਕਰਦੇ ਨੇ ਕਿ ਜਿਵੇਂ ਓਹ ਰਾਜੇ ਹੋਣ । ਅਤੇ ਬਾਕੀ ਦੇ ਖਿਡਾਉਨੇ ਓਨ੍ਹਾਂ ਦੀ ਫੌਜ । ਜਾਂ ਫੇਰ ਓਹ ਦਿਓਤੇ ਹੋਣ ਜਿਨ੍ਹਾਂ ਦੀ ਉਸਤਤਿ ਕੀਤ੍ਤੀ ਜਾਵੇ ॥ ਫੇਰ ਸ਼ਾਮ ਪੈ ਜਾਉਂਦੀ ਹੈ ਅਤੇ ਬਚ੍ਚੇ ਅਵਾਜ ਲਗਾਉਂਦੇ ਨੇ । 'ਤੇ ਮੱਝਾਂ ਚਿੱਕੜ'ਚੋਂ ਇਕ ਤੋਂ ਬਾਦ ਇਕ ਬਾਹਰ ਨਿੱਕਲ ਆਓਂਦੀਆਂ ਨੇ । 'ਤੇ ਇੰਝ ਅਵਾਜਾਂ ਕੱਢਦੀਆਂ ਨੇ ਜਿਵੇਂ ਕਿ ਗੋਲੀਆਂ ਚਲਦਿਆਂ ਹੋਣ । ਅਤੇ ਓਹ ਕਤਾਰ ਬਨਾਕੇ ਸਲੇਟੀ ਮਦਾਨ ਦੇ ਪਾਰ ਵਾਪਸ ਪਿੰਡ ਦੀਆਂ ਟਿਮਕਦੀਆਂ

ਹੋਈਆਂ ਰੋਸ਼ਨੀਆਂ ਵੱਲ ਚਲੇ ਜਾਉਂਦੀਆਂ ਨੇ ॥

ਹਰ ਰੋਜ ਮੁਗਲੀ ਮੱਝਾਂ ਨੂੰ ਲੈਕੇ ਓਨ੍ਹਾਂ ਦੀ ਚਰਾਗਾਹ'ਤੇ ਜਾਉਂਦਾ । 'ਤੇ ਹਰ ਰੋਜ ਡੇਢ ਮੀਲ ਦੂਰ ਮਦਾਨ ਦੇ ਉਸ ਪਾਰ ਸਲੇਟੀ ਭਰਾ ਨੂੰ ਮਿਲਦਾ(ਤਾਕਿ ਉਸ ਨੂੰ ਪਤਾ ਲਗ੍ਗੇ ਕਿ ਸ਼ੇਰ ਖਾਂ ਵਾਪਸ ਨਹੀ ਸੀ ਆਇਆ) । ਅਤੇ ਹਰ ਰੋਜ ਓਹ ਘਾਹ'ਚ ਲੰਮਾਂ ਪੈ ਜਾਉਂਦਾ ਅਤੇ ਅਪਨੇ ਆਸ ਪਾਸ ਦੀਆਂ ਅਵਾਜਾਂ ਨੂੰ ਸੁਣਦਾ । ਅਤੇ ਜੰਗਲ'ਚ ਗੁਜਾਰੇ ਪੁਰਾਣੇ ਦਿਨਾਂ ਦੇ ਸੁਪਨੇ ਲੈਂਦਾ ॥ ਜੇਕਰ ਸ਼ੇਰ ਖਾਂ ਨੇ ਅਪਨੇ ਲੰਗੜੇ ਪੰਜੇ ਨਾਲ ਵੇਨਗੰਗਾ ਦੇ ਆਲੇ ਦੁਆਲੇ ਦੇ ਜੰਗਲ'ਚ ਕੋਈ ਗਲਤ ਕਦਮ ਪੁਟ੍ਟਿਆ ਹੁੰਦਾ । 'ਤੇ ਮੁਗਲੀ ਨੂੰ ਲੰਮੀਆਂ ਸ਼ਾਂਤ ਸਵੇਰਾਂ'ਚ । ਓਹ ਜਰੂਰ ਸੁਣਦਾ ॥



ਆਖਿਰਕਾਰ ਇਕ ਦਿਨ ਆਇਆ ਜਦੋਂ ਓਨ੍ਹੇ ਸਲੇਟੀ ਭਰਾ ਨੂੰ ਇਸ਼ਾਰਾ ਕਰਨ ਵਾਲੀ ਜਗ੍ਹਾ'ਤੇ ਨਹੀਂ ਵੇੱਖਿਆ । ਅਤੇ ਓਹ ਹੱਸਿਆ'ਤੇ ਮੱਝਾਂ ਨੂੰ ਖੱਡ ਵੱਲ ਜਿੱਥੇ ਢੱਕ ਦਾ ਦ੍ਰਖ੍ਤ ਸੀ । ਲੈ ਗਿਆ ਜਿੜ੍ਹਾ ਸੁਨ੍ਹਿਰੀ ਲਾਲ ਫੁੱਲਾਂ ਨਾਲ ਢਕਿਆ ਹੋਇਆ ਸੀ ॥ ਓੱਥੇ ਸਲੇਟੀ ਭਰਾ ਬੈਠਾ ਸੀ । ਅਤੇ ਓੁਧੇ ਰੋਂਗਟੇ ਖੜੇ ਹੋਏ ਹੋਏ ਸੀ ॥

"ਓਹ ਤੈਨੂੰ ਚਕਮਾ ਦੇਕੇ ਇਕ ਮਹੀਨੇ'ਤੋਂ ਲੁਕਿਆ ਹੋਇਆ ਹੈ ॥ ਓਨ੍ਹੇ ਕੱਲ ਰਾਤ ਤਬਾੱਕੀ ਨਾਲ ਪ੍ਰਾੜਿਆਂ ਪਾਰ ਕੀਤੀਆਂ ਨੇ । ਅਤੇ ਜੋਰਾਂ ਸ਼ੋਰਾਂ ਨਾਲ ਤੇਰੀ ਭਾਲ ਕਰ ਰਿਹਾ ਹੈ ।" ਸਾਹੋ - ਵਿਸਾਹ ਹੋਏ । ਬਘਿਆੜ ਨੇ ਕਿਹਾ ॥

ਮੁਗਲੀ ਨੇ ਤਿਓਰੀਆਂ ਚੜ੍ਹਾਈਆਂ ॥ "ਮੈਂ ਸ਼ੇਰ ਖਾਂ ਤੋਂ ਡਰਦਾ ਨਹੀਂ ਹਾਂ । ਪਰ ਤਬਾੱਕੀ ਬਹੁਤ ਮੱਕਾਰ ਹੈ ॥"

"ਡਰਨ ਦੀ ਕੋਈ ਲੋੜ ਨਹੀਂ ।" ਮਾੜੇ ਜਿਹੇ ਅਪਨੇ ਬੁੱਲ ਚਟ੍ਟਦੇ ਹੋਏ ਸਲੇਟੀ ਭਰਾ ਨੇ ਕਿਹਾ ॥ "ਮੈਂ ਸਵੇਰੇ ਤਬਾੱਕੀ ਨੂੰ ਮਿਲਿਆ ਸੀ ॥ ਹੁਣ ਓਹ ਅਪਨੀ ਸਾਰੀ ਸਿਆਣਪ ਬਾਜਾਂ ਨਾਲ ਸਾਂਝੀ ਕਰ ਰਿਹਾ ਹੈ । ਮਗਰ ਓਨ੍ਹੇ ਮੈਨੂੰ ਓੁਧੀ ਕਮਰ ਤੋੜਨ ਤੋਂ ਪਹਿਲਾਂ ਹੀ ਸਭ ਕੁਝ ਦੱਸ ਦਿਤ੍ਤਾ ॥ ਸ਼ੇਰ ਖਾਂ ਦਾ ਇਹ ਮਨਸੂਬਾ ਹੈ ਕਿ ਓਹ ਤੇਰਾ ਇੰਤਜਾਰ ਪਿੰਡ ਦੇ ਦਰਵਾਜੇ'ਤੇ ਕਰੇਗਾ - ਸਿਰਫ ਤੇਰਾ ਅਤੇ ਹੋਰ ਕਿਸੇ ਦਾ ਨਹੀਂ ॥ ਓਹ ਹੁਣ ਵੇਨਗੰਗਾ ਦੇ ਵੱਢੇ ਸੁੱਕੇ ਹੋਏ ਖੱਡ'ਚ । ਪਿਆ ਹੋਇਆ ਹੈ ॥"

"ਕਿ ਓਨ੍ਹੇ ਅੱਜ ਕੁਝ ਖਾਧਾ ਹੈ ਕਿ ਨਹੀਂ । ਜਾਂ ਫੇਰ ਓਹ ਭੁੱਖੇ ਢਿੱਡ ਸ਼ਿਕਾਰ ਕਰਦਾ ਹੈ ?" ਮੁਗਲੀ ਨੇ ਕਿਹਾ । ਕਿਓਂਕਿ ਇਸਦੇ ਜਵਾਬ ਦਾ ਮਤਲਬ ਸੀ ਓੁਧੀ ਜਿੰਦਗੀ ਜਾਂ ਮੌਤ ॥

"ਸਵੇਰੇ ਓਨ੍ਹੇ ਮਾਰਿਆ ਸੀ - ਇਕ ਸੂਰ - ਓਨ੍ਹੇ ਪੀਤ੍ਤਾ ਭੀ ਹੈ ॥ ਯਾਦ ਰੱਖੀਂ । ਸ਼ੇਰ ਖਾਂ ਭੁੱਖੇ ਪੇਟ ਨਹੀਂ ਰਿਹ ਸਕਦਾ । ਭਾਵੇਂ ਓਨ੍ਹੇ ਬਦਲਾ ਹੀ ਨਾਂ ਕਿਓਂ ਲੈਣਾ ਹੋਵੇ ॥"

"ਓਹ ! ਮੂਰਖ। ਬੇਵਕੂਫ ! ਇਹ ਕੇੜ੍ਹਾ ਬਲੂੰਗੜੇ ਦਾ ਬਲੂੰਗੜਾ ਹੈ ! ਖਾਧਾ ਅਤੇ ਪੀਤਾ ਭੀ ਹੋਇਆ ਹੈ। ਅਤੇ ਓਹ ਸੋਚਦਾ ਹੈ ਕਿ ਮੈਂ ਇੰਤਜਾਰ ਕਰਾਂਗਾਂ ਜਦੋਂ ਤਕ ਕਿ ਓਹ ਸੌਂ ਨਾਂ ਜਾਵੇ ! ਹੁਣ। ਓਹ ਕਿੱਥੇ ਪਇਆ ਹੋਇਆ ਹੈ ? ਜੇਕਰ ਅਸੀਂ ਕੋਈ ਦੱਸ'ਕ ਬੰਦੇ ਹੁੰਦੇ ਤਾਂ ਅਸੀਂ ਉਸ ਨੂੰ ਲਿਟੇ ਹੋਏ ਨੂੰ ਹੇਠਾਂ ਧੂ ਲਿਆਓਂਦੇ ॥ ਇਨ੍ਹਾਂ ਮੱਝਾਂ ਨੇ ਉਧੇ'ਤੇ ਹਮਲਾ ਨਹੀਂ ਕਰਨਾ ਜਦੋਂ ਤਕ ਕਿ ਓਨ੍ਹਾਂ ਨੂੰ ਇਧੀ ਧੂੰ ਨਾਂ ਲਗ੍ਗੇ। ਅਤੇ ਮੈਨੂੰ ਓਨ੍ਹਾਂ ਦੀ ਬੋੱਲੀ ਭੀ ਨਹੀਂ ਆਓਂਦੀ ਹੈ ॥ ਕੀ ਅਸੀਂ ਉਧੇ ਛੱਡੇ ਹੋਏ ਨਿਸ਼ਾਨਾਂ ਦੇ ਪਿੱਛੇ ਜਾ ਸਕਦੇ ਹਾਂ ਤਾਕਿ ਇਹ ਉਸ ਰਾਹ ਨੂੰ ਸੁੰਘ ਸਕਣ?"

"ਓਹ ਵੇਨਗੰਗਾ'ਚ ਕਾਫੀ ਦੂਰ ਤਾਂਈ ਤਰਿਆ ਤਾਕਿ ਛੱਡੇ ਹੋਏ ਨਿਸ਼ਾਨਾਂ ਨੂੰ ਲੁਕੋ ਸਕੇ।" ਸਲੇਟੀ ਭਰਾ ਨੇ ਕਿਹਾ ॥

"ਮੈਨੂੰ ਪਤਾ ਹੈ। ਇਹ ਤਬਾੱਕੀ ਨੇ ਉਸ ਨੂੰ ਦੱਸਿਆ ਹੋਣਾ ॥ ਓਨ੍ਹੇ ਕਲ੍ਹੇ ਨੇ ਇਹ ਕਦੇ ਭੀ ਨਹੀ ਸੋਚ੍ਚਿਆ ਹੋਣਾ ॥" ਮੁਗਲੀ ਅਪਨੀ ਉੰਗਲੀ ਮੂੰਹ'ਚ ਪਾਕੇ। ਸੋਚਦਾ ਹੋਇਆ ਖੱੜਾ ਰਿਹਾ ॥ ਵੇਨਗੰਗਾ ਦਾ ਵੱਢਾ ਖੱਡ ॥ ਜਿੜ੍ਹਾ ਕਿ ਇਥੋਂ ਕੋਈ ਅੱਧਾ'ਕ ਮੀਲ ਤੇ ਇਕ ਮਦਾਨ'ਚ ਖੁਲਦਾ ਹੈ ॥ ਮੈਂ ਇੱਜੜ ਲੈਕੇ ਜੰਗਲ ਦੇ ਦੁਆਲਿਓਂ ਖੱਡ ਦੇ ਮੂੰਹ ਤੇ ਜਾਕੇ ਹੇਠਾਂ ਆ ਸਕਦਾ ਹਾਂ ਮਗਰ ਓਹ ਖੱਡ ਦੇ ਦੂਜੇ ਬਨ੍ਹਿਓਂ ਖਿਸਕ ਸਕਦਾ ਹੈ ॥ ਸਾਨ੍ਹੂੰ ਓਹ ਸਿਰਾ ਬੰਦ ਕਰਨਾ ਪਵੇਗਾ ॥ ਸਲੇਟੀ ਭਰਾ। ਕਿ ਤੂੰ ਮੇਰੇ ਵਾਸ੍ਤੇ ਇੱਜੜ ਦੇ ਦੋ ਹਿੱਸੇ ਕਰ ਸਕਦਾ ਹੈਂ ?"

"ਮੈ ਨਹੀਂ। ਪਰ ਸ਼ਾਇਦ - ਮਗਰ ਮੈਂ ਇਕ ਸਿਆਣਾ ਮਦਦਗਾਰ ਲਿਆਇਆਂ ਹਾਂ ॥" ਸਲੇਟੀ ਭਰਾ ਕਦਮ ਪੁਟ੍ਦਾ ਇਕ ਮੋਰੀ'ਚ ਡਿਗ ਪਿਆ ॥ ਫੇਰ ਉਸ'ਚੋਂ ਇਕ ਵੱਢਾ ਸਲੇਟੀ ਸਿਰ ਨਿੱਕਲਿਆ ਜਿਸ ਨੂੰ ਮੁਗਲੀ ਚੰਗੀ ਤਰ੍ਹਾਂ ਜਾਣਦਾ ਸੀ। ਅਤੇ ਗਰਮ ਹਵਾ ਜੰਗਲ ਦੀ ਸਭ ਤੋਂ ਜਿਆਦਾ ਸੁੰਨਸਾਨ ਚੀਕ ਨਾਲ ਭਰ ਗਈ - ਦੁਪਹਿਰ'ਚ ਇਕ ਬਘਿਆੜ ਦੇ ਸ਼ਿਕਾਰ ਕਰਨ ਦੀ ਭੌਂਕ ਨਾਲ ॥

"ਕਲ੍ਹਿਆ ! ਕਲ੍ਹਿਆ !" ਮੁਗਲੀ ਨੇ ਤਾੜੀਆਂ ਮਾਰਦੇ ਹੋਏ ਕਿਹਾ ॥ "ਮੈਨੂੰ ਸ਼ਾਇਦ ਇਹ ਪਤਾ ਸੀ ਕਿ ਤੂੰ ਮੈਨੂੰ ਕਦੇ ਭੀ ਨਹੀਂ ਭੁੱਲੇਗਾਂ ॥ ਸਾਨ੍ਹੂੰ ਇਕ ਵੱਢਾ ਕੱਮ ਕਰਨਾ ਹੈ ॥ ਇੱਜੜ ਦੇ ਦੋ ਟੋਟ੍ਹੇ ਕਰ ਦੇ। ਕਲ੍ਹੇ ॥ ਗਾਈਆਂ'ਤੇ ਵੱਛਿਆਂ ਨੂੰ ਕੱਠੇ ਰੱਖੀਂ ॥ ਅਤੇ ਝੋਟ੍ਹਿਆਂ'ਤੇ ਹੱਲ ਵਾਹੁਣ ਵਾਲੀਆਂ ਮੱਝਾਂ ਨੂੰ ਅੱਡ ਅੱਡ ਰਖੀਂ ॥"

ਦੋ ਬਘਿਆੜ ਇੰਝ ਨ੍ਹੱਸੇ। ਜਿਵੇਂ ਤੀਵੀਆਂ ਲੜੀਵਾਰ ਨਚ੍ਚਦੀਆਂ ਨੇ। ਇਜੱੜ ਦੇ ਅੰਦਰ ਬਾਹਰ ਕਰਦੇ ਨੱਕ ਨਾਲ ਫਰ੍ਹਾਟੇ ਮਾਰਦੇ ਹੋਏ'ਤੇ ਸਿਰ ਸੁਟ੍ਕੇ ਇੱਜੜ ਨੂੰ ਦੋ ਹਿੱਸਿਆਂ'ਚ ਵੰਡ ਦਿਤ੍ਤਾ ॥ ਇਕ ਹਿੱਸੇ'ਚ। ਗਾਂਈਆਂ'ਤੇ ਮੱਝਾਂ ਅਤੇ ਓਨ੍ਹਾਂ ਦੇ ਵੱਛੇ ਵਿਚਕਾਰ ਸੀ। ਅਤੇ ਹੱਲਾ ਬੋੱਲਣ ਨੂੰ ਤਿਆਰ ਸੀ। ਜੇਕਰ ਇਕ ਬਘਿਆੜ ਬਿਨਾ ਹਿਲੇ ਡੁਲੇ ਖੜਾ ਹੋ ਸਕਦਾ। ਉਧੀ ਜਾਨ ਕੱਢਨ ਵਾਸ੍ਤੇ ਤਿਆਰ ਸੀ ॥ ਦੂਜੇ ਹਿੱਸੇ'ਚ। ਬੁੱਢੇ'ਤੇ ਜਵਾਨ ਝੋਟ੍ਹੇ ਘੁਰ੍ਹ ਘੁਰ੍ਹ ਕਰਦੇ ਖੁਰ ਹੇਠਾਂ ਮਾਰਨ ਢਹੇ ਸੀ। ਭਾਵੇਂ ਓਹ ਬੜੇ ਰੋਬਦਾਰ ਲਗ ਰਹੇ ਸੀ ਓਹ ਜਿਆਦਾ ਖਤਰਨਾਕ ਨਹੀਂ ਸੀ। ਕਿਓਂਕਿ ਓਨ੍ਹਾਂ ਨੂੰ ਵੱਛਿਆਂ ਦੀ ਰੱਖਿਆ ਨਹੀਂ ਸੀ ਕਰਨੀ ॥ ਕੋਈ ਭੀ ਛਿਹ ਆਦਮੀ ਇਨ੍ਹੀ ਸਫਾਈ ਨਾਲ ਇੱਜੜ ਦੋਫਾੜ ਨਹੀਂ ਸੀ ਕਰ ਸਕਦੇ ॥

"ਕਿੜ੍ਹੇ ਹੁਕਮ !" ਹੱਫਦੇ ਹੋਏ ਕਲ੍ਹੇ ਨੇ ਕਿਹਾ ॥ "ਓਹ ਫੇਰ ਕੱਠੇ ਹੋਣ ਲਗ੍ਗੇ ਨੇ ॥"

ਮੁਗਲੀ ਰਾਮਾ ਦੀ ਪਿਠ ਤੇ ਚੜ ਗਿਆ ॥ "ਛੋਟ੍ਰਿਆਂ ਨੂੰ ਖੱਬੇ ਭਜਾ । ਕਲ੍ਹੇ ॥ ਸਲੇਟੀ ਭਰਾ । ਸਾੱਢੇ ਜਾਨ ਮਗਰੋਂ । ਗਾਂਈਆਂ ਨੂੰ ਕੱਠੇ ਰਖੀਂ । ਅਤੇ ਇਨ੍ਹਾਂ ਨੂੰ ਖੱਡ ਦੇ ਮਦਾਨ ਵਾਲੇ ਸਿਰੇ'ਤੇ ਨੱਸ੍ਹਾਂ ਦੇਵੀਂ ॥"

"ਕਿਨ੍ਹੀ ਦੂਰ ?" ਹੱਫਦੇ'ਤੇ ਚਟਕਦੇ ਹੋਏ ਸਲੇਟੀ ਭਰਾ ਨੇ ਕਿਹਾ ॥

"ਜਦੋਂ ਤਕ ਕਿ ਪਾਸੇ ਇਨ੍ਹੇ ਉਚ੍ਹੇ ਹੋਣ ਕਿ ਸ਼ੇਰ ਖਾਂ ਛਾਲ ਨਾਂ ਮਾਰ ਸਕੇ ।" ਮੁਗਲੀ ਜੋਰ ਦੀ ਚੀੱਕਿਆ ॥ "ਓਨ੍ਹਾਂ ਨੂੰ ਓਥੇ ਹੀ ਰੱਖੀਂ ਜਦੋਂ ਤਕ ਕਿ ਅਸੀਂ ਹੇਠਾਂ ਨਾਂ ਪਹੁੰਚ ਜਾਇਏ ॥" ਛੋਟ੍ਰੇ ਪਾਸੇ ਹੋ ਗਏ ਜਦਕਿ ਕਲ੍ਹਾ ਭੌਂ ਭੌਂ ਕਰਦਾ ਰਿਹਾ । ਅਤੇ ਸਲੇਟੀ ਭਰਾ ਗਾਂਈਆਂ ਅਗ੍ਹੇ ਖੜਾ ਹੋ ਗਿਆ ॥ ਓਨ੍ਹਾਂ ਨੇ ਓੁਧੇ'ਤੇ ਧਾਵਾ ਬੋਲ ਦਿਤ੍ਹਾ ਅਤੇ ਓਹ ਖੱਡ ਦੇ ਮਦਾਨੀ ਸਿਰੇ ਤਾਂਈਂ ਓਨ੍ਹਾਂ ਅਗ੍ਹੇ ਨ੍ਹੱਸਦਾ ਰਿਹਾ ਜਦੋਂ ਕਿ ਕਲ੍ਹੇ ਨੇ ਛੋਟ੍ਰੇ ਦੂਰ ਖੱਬੇ ਪਾਸੇ ਨੱਠਾਏ ॥

"ਬਹੁਤ ਵਧੀਆ ! ਇਕ ਹੋਰ ਧਾਵਾ ਬੋਲਣ'ਤੇ ਬਿਲਕੁਲ ਤਿਆਰ ਹੋ ਜਾਣਗੇ ॥ ਖਬਰਦਾਰ । ਹੁਣ - ਖਬਰਦਾਰ ਕਲ੍ਹਿਆ ॥ ਜੇ ਥੋੜਾ ਜਿਆਦਾ ਚਟਕਿਆਂ'ਤੇ ਛੋਟ੍ਰਿਆਂ ਨੇ ਧਾਵਾ ਬੋਲ ਦੇਨਾ ਹੈ ॥ ਓਹ੍ਹਾ ! ਇਹ ਕਾਲੇ ਹਿਰਣ ਨ੍ਹੱਸਾਓਣ ਤੋਂ ਜਿਆਦਾ ਔਖਾ ਕੱਮ ਹੈ ॥ ਕੀ ਤੂੰ ਸੋਚ੍ਹਿਆ ਸੀ ਕਿ ਇਹ ਜਾਨਵਰ ਇਨ੍ਹੀ ਫੁਰਤੀ ਨਾਲ ਹਿਲ ਸਕਦੇ ਨੇ ?" ਮੁਗਲੀ ਨੇ ਪੁੱਛਿਆ ॥

"ਮੈਂ ਕੀਤ੍ਹਾ ਹੈ - ਅਪਨੇ ਵਕ੍ਹ'ਚ ਇਨ੍ਹਾਂ ਦਾ ਭੀ ਸ਼ਿਕਾਰ ਕੀਤ੍ਹਾ ਹੈ ।" ਉੜਦੀ ਮਿਟ੍ਹੀ'ਚ ਸਾਹੋ - ਵਿਸਾਹ ਹੋਕੇ ਕਲ੍ਹੇ ਨੇ ਕਿਹਾ ॥ "ਕੀ ਮੈਂ ਇਨ੍ਹਾਂ ਨੂੰ ਜੰਗਲ ਵੱਲ ਮੋੜ ਦਿਆਂ ?"

"ਓਏ ! ਮੁੜ ॥ ਛੇਤ੍ਹੀ ਇਨ੍ਹਾਂ ਨੂੰ ਛੇਤ੍ਹੀ ਮੋੜ ਦੇ ! ਰਾਮਾ ਗੁੱਸੇ ਨਾਲ ਪਾਗਲ ਹੋਇਆ ਹੋਇਆ ਹੈ ॥ ਓਹ । ਜੇਕਰ ਮੈਂ ਉਸ ਨੂੰ ਦੱਸ ਸਕਾਂ ਕਿ ਅੱਜ ਮੈਨੂੰ ਓੁਧੇ ਤੋਂ ਕੀ ਚਾਹਿਦਾ ਹੈ ॥"

ਛੋਟ੍ਰਿਆਂ ਨੂੰ ਇਸ ਵਾਰ ਸੱਜੇ ਮੋੜਿਆ ਗਇਆ ਅਤੇ ਓਹ ਸੰਘਣੀਆਂ ਝਾੜੀਆਂ'ਚ ਜਾ ਵੱਜੇ ॥ ਇੱਜੜ ਦੇ ਬਾਕੀ ਬਚ੍ਹੇ ਡੰਗਰਾਂ ਨਾਲ ਅੱਧਾ ਮੀਲ ਦੂਰ ਇਹ ਵੇਖਕੇ ਪਿੰਡ ਵੱਲ ਇਨ੍ਹਾਂ ਤੇਜ ਨ੍ਹੱਸੇ ਕਿ ਜਿਨ੍ਹੀਆਂ ਤੇਜ ਓਨ੍ਹਾਂ ਦੀਆਂ ਲਤ੍ਹਾਂ ਓਨ੍ਹਾਂ ਨੂੰ ਲਿਜਾ ਸਕਦੀਆਂ ਸੀ । ਅਤੇ ਰੋਂਦੇ ਹੋਏ ਗਏ ਕਿ ਮੱਝਾਂ ਪਾਗਲ ਹੋ ਕੇ ਨ੍ਹੱਸ ਗਈਆਂ ਨੇ ॥

ਪਰ ਮੁਗਲੀ ਦਾ ਮਨਸੂਬਾ ਬੜਾ ਸਿੱਧਾ ਜਿਹਾ ਸੀ ॥ ਓਹ ਬੱਸ ਖੱਡ ਦੇ ਉਤ੍ਹਲੇ ਸਿਰੇ'ਤੇ ਇਕ ਵੱਢਾ ਘੇਰਾ ਬਣਾਓੁਨਾ ਚਾਹੁੰਦਾ ਸੀ ਅਤੇ ਖੱਡ ਦੇ ਸਿਰੇ'ਤੇ ਪਹੁੰਚਨਾ ਚਾਹੁੰਦਾ ਸੀ । ਅਤੇ ਛੋਟ੍ਰਿਆਂ ਨੂੰ ਓੁਧੇ'ਚ ਲਜਾ ਕੇ ਸ਼ੇਰ ਖਾਂ ਨੂੰ ਛੋਟ੍ਰਿਆਂ'ਤੇ ਗਾਂਈਆਂ'ਚ ਘੇਰਨਾ ਚਾਹੁੰਦਾ ਸੀ । ਕਿਓਂਕਿ ਓਹ ਜਾਣਦਾ ਸੀ ਕਿ ਖਾਧਾ ਪੀਤਾ ਸ਼ੇਰ ਖਾਂ ਲੜਨ ਦੀ ਹਾਲਤ'ਚ ਨਹੀਂ ਹੋਣਾ ਨਾਂ ਹੀ ਓਹ ਖੱਡ ਦੇ ਪਾਸਿਆਂ'ਤੇ ਚੜ੍ਹ ਸਕਦਾ ਸੀ ॥ ਹੁਣ ਓਹ ਅਵਾਜ ਨਾਲ ਮੱਝਾਂ ਨੂੰ ਸ਼ਾਂਤ ਕਰ ਰਿਹਾ ਸੀ । ਅਤੇ ਕਲ੍ਹਾ ਇਕਦਮ ਪਿੱਛੇ ਛੁਟ੍ਹ ਗਿਆ ਸੀ । ਅਤੇ ਸਿਰਫ ਇਕ ਜਾਂ ਦੋ ਵਾਰੀ ਪਿਛਲੀ ਰੱਖਿਆ ਨੂੰ ਤੇਜ ਕਰਨ ਵਾਸ੍ਹੇ ਬਿਲਬਿਲਾਇਆ ॥ ਓਹ ਇਕ ਲੰਮਾ । ਬੜਾ ਲੰਮਾਂ ਘੇਰਾ ਸੀ । ਕਿਓਂਕਿ ਓਹ ਖੱਡ ਦੇ ਬਹੁਤੇ ਨੇੜ੍ਹੇ ਜਾਕੇ ਸ਼ੇਰ ਖਾਂ ਨੂੰ ਖਬਰਦਾਰ ਨਹੀਂ ਕਰਨਾ ਚਾਹੁੰਦੇ ਸੀ ॥ ਆਖਿਰਕਾਰ ਭੌਂਦਰੇ ਹੋਏ

ਇੱਜੜ ਨੂੰ ਮੁਗਲੀ ਨੇ ਖੱਡ ਦੇ ਸਿਰੇ'ਤੇ ਇਕ ਘਾਹ ਦੇ ਟੁਕੜੇ'ਤੇ ਕੱਠਾ ਕੀਤ੍ਰਾ ਜਿਧਾ ਢਲਾਨ ਖੱਡ ਵੱਲ ਸੀ ॥ ਉਸ ਉਚਾਈ'ਤੋਂ ਤੁਸੀ ਦ੍ਰਖ਼ਾਂ ਦੇ ਉੱਪਰ ਤੋਂ ਲੈਕੇ ਹੇਠਾਂ ਮਦਾਨ ਤਾਂਈ ਵੇਖ ਸਕਦੇ ਸੀ। ਮਗਰ ਜੋ ਮੁਗਲੀ ਨੇ ਵੇੱਖਿਆ ਓਹ ਇਹ ਸੀ ਕਿ ਖੱਡ ਦੇ ਪਾਸੇ। ਅਤੇ ਓਨ੍ਹੇ ਇਹ ਬੜੀ ਤਸੱਲੀ ਨਾਲ ਵੇੱਖਿਆ ਕਿ ਇਹ ਇਕਦਮ ਸਿੱਧੇ ਉੱਪਰ'ਤੇ ਥੱਲੇ ਜਾਉਂਦੇ ਸੀ। ਅਤੇ ਓਨ੍ਹਾਂ'ਤੇ ਲਟਕਦੀਆਂ ਵੇਲਾਂ ਨੂੰ ਫੜਕੇ ਇਕ ਚੀਤਾ ਨ੍ਹੱਸ ਨਹੀਂ ਸੀ ਸਕਦਾ ॥

"ਇਨ੍ਹਾਂ ਨੂੰ ਸਾਹ ਲੈ ਲੈਣ ਦੇ। ਕਲ੍ਹਿਆ।" ਅਪਨਾ ਹੱਥ ਫੱੜਕੇ। ਓਨ੍ਹੇ ਕਿਹਾ ॥ "ਓਨ੍ਹਾਂ ਨੂੰ ਹਜੇ ਉਧੀ ਧੂੰ ਨਹੀਂ ਲਗ੍ਗੀ ਹੈ ॥ ਇਨ੍ਹਾਂ ਨੂੰ ਸਾਹ ਲੈ ਲੈਣ ਦੇ ॥ ਮੈਨੂੰ ਸ਼ੇਰ ਖਾਂ ਨੂੰ ਦੱਸਨਾ ਜਰੂਰੀ ਹੈ ਕਿ ਕੋਣ ਆ ਰਿਹਾ ਹੈ ॥ ਅਸੀਂ ਉਸ ਨੂੰ ਜਾਲ'ਚ ਫਸਾ ਹੀ ਲਿਆ ਹੈ ॥"

ਓਨ੍ਹੇ ਅਪਨੇ ਹੱਥ ਮੂੰਹ ਅਗ੍ਗੇ ਰੱਖੇ ਅਤੇ ਖੱਡ'ਚ ਜੋਰ ਦੀ ਚੀਕਿਆ - ਇਹ ਇੰਝ ਸੀ ਜਿਵੇਂ ਕਿਸੀ ਸੁਰੰਗ'ਚ ਚੀਕਨਾ - ਅਤੇ ਚੀਕ ਇਕ ਪੱਥਰ'ਤੋਂ ਦੂਜੇ ਪੱਥਰ ਤਾਂਈ ਗੂੰਜਦੀ ਰਹੀ ॥

ਬਹੁਤ ਚਿਰ ਬਾਦ ਓਥੇ ਹੌਲੇ ਹੌਲੇ ਹੁਣੇ ਹੁਣੇ ਸੌਂ ਕੇ ਉੱਠੇ ਚੀਤੇ ਦੇ ਗਰਜਨ ਦੀ ਅਵਾਜ ਆਈ। ਜਿੜ੍ਹਾ ਰੱਜਿਆ ਹੋਇਆ ਸੀ ॥

"ਕਿਨ੍ਹੇ ਮੈਨੂੰ ਬੁਲਾਇਆ ?" ਸ਼ੇਰ ਖਾਂ ਨੇ ਪੁੱਛਿਆ। ਅਤੇ ਇਕ ਆਲੀਸ਼ਾਨ ਮੋਰ ਚੀਕਾਂ ਮਾਰਦਾ ਹੋਇਆ ਖੱਡ'ਚੋ ਖੰਭ ਫੜਫੜਾਉਂਦਾ ਹੋਇਆ ਉੱਡਿਆ ॥

"ਮੈਂ। ਮੁਗਲੀ ॥ ਡੰਗਰ ਚੋਰ। ਇਹ ਸਮਾਂ ਹੈ ਪੰਚਾਇਤੀ ਥੜ੍ਹੇ ਉਤ੍ਤੇ ਆਓਣ ਦਾ ! ਹੇਠਾਂ - ਛੇਤ੍ਰੀ ਓਨ੍ਹਾਂ ਨੂੰ ਹੇਠਾਂ ਲਿਆ। ਕਲ੍ਹਿਆ ! ਹੇਠਾਂ। ਰਾਮਾ। ਹੇਠਾਂ !"

ਇਜੱੜ ਇਕ ਘੜੀ ਵਾਸ੍ਤੇ ਢਲਾਨ ਦੇ ਸਿਰੇ ਤੇ ਰੁਕ ਗਿਆ। ਮਗਰ ਕਲ੍ਹੇ ਨੇ ਜੋਰ ਦੀ ਸ਼ਿਕਾਰੀ - ਚੀਕ ਮਾਰੀ। ਅਤੇ ਇਕ ਇਕ ਕਰਕੇ ਇੰਝ ਨ੍ਹੱਸੇ। ਜਿਵੇਂ ਭਾਫ ਨਾਲ ਚਲਣ ਵਾਲਾ ਜਹਾਜ ਰੇਤਾ'ਤੇ ਰੋੜੇ ਜੋਰ ਦੀ ਪਿੱਛੇ ਸੁਟ੍ਦਾ ਹੈ ॥ ਇਕ ਵਾਰੀ ਜਦੋਂ ਸ਼ੁਰੂ ਹੋਏ। ਫਿਰ ਰੋਕਣ ਦਾ ਕੋਈ ਮੌਕਾ ਨਹੀਂ ਸੀ। ਅਤੇ ਖੱਡ ਦੇ ਤਲ'ਤੇ ਪਹੁੰਚਨ ਤੋਂ ਪਹਿਲਾਂ ਹੀ ਰਾਮਾ ਨੂੰ ਸ਼ੇਰ ਖਾਂ ਦੀ ਧੂੰ ਲਗ ਗਈ ਅਤੇ ਓਹ ਬੜ੍ਹਕਿਆ ॥

"ਹਾ ! ਹਾ ! " ਮੁਗਲੀ ਨੇ। ਉਧੀ ਪਿਠ'ਤੇ ਬੈਠੇ ਨੇ ਕਿਹਾ ॥ "ਹੁਣ ਤੈਨੂੰ ਪਤਾ ਚਲਿਆ !" ਅਤੇ ਕਾਲੇ ਸਿੰਙ। 'ਤੇ ਝਗ੍ਗ ਵਾਲੇ ਮੂੰਹ। 'ਤੇ ਘੂਰਦੀਆਂ ਅੱਖਾਂ ਦਾ ਹੜ੍ਹ ਖੱਡ'ਚ ਇੰਝ ਆਇਆ ਜਿਵੇਂ ਵੱਢੇ ਪੱਥਰ ਹੱੜਾਂ ਦੇ ਵਕ੍ਤ ਵਗ ਜਾਉਂਦੇ ਨੇ। ਕਮਜੋਰ ਮੱਝਾਂ ਖੱਡ ਦੇ ਪਾਸੇ ਹੋ ਗਈਆਂ ਜਿੱਥੇ ਓਨ੍ਹਾਂ ਨੇ ਵੇਲਾਂ ਤੋੜ ਸਿਟ੍ਰੀਆਂ ॥ ਓਨ੍ਹਾਂ ਨੂੰ ਪਤਾ ਸੀ ਕਿ ਓਨ੍ਹਾਂ ਸਾਹਮਨੇ ਕਿੜ੍ਹਾ ਕੱਮ ਕਰਨ ਵਾਲਾ ਪਇਆ ਹੈ - ਇਕ ਇੱਜੜ ਦਾ ਭੈੜਾ ਹੱਲਾ ਬੋਲਨਾ ਜਿਧੇ ਸਾਹਮਨੇ ਕੋਈ ਚੀਤਾ ਟਿਕਣ ਦੀ ਉੱਮੀਦ ਨਹੀਂ ਕਰ ਸਕਦਾ ॥ ਸ਼ੇਰ ਖਾਂ ਨੇ ਓਨ੍ਹਾਂ ਦੇ ਖੁਰਾਂ ਦੀ ਗਰਜ ਸੁਣੀ। ਅਪਨੇ ਆਪ ਨੂੰ ਚੁੱਕਿਆ। ਅਤੇ ਖੱਡ'ਚ ਹੇਠਾਂ ਵੱਲ ਨ੍ਹੱਸਿਆ। ਅਤੇ ਸਾਰੇ ਪਾਸੇ ਵੇਖਦਾ ਰਿਹਾ ਕਿ ਕਿਥੋਂ ਨ੍ਹੱਸਣ ਦਾ ਰਾਹ ਲੱਭ ਜਾਵੇ। ਪਰ ਖੱਡ ਦੀਆਂ ਦਿਵਾਰਾਂ ਇਕਦਮ ਸਿੱਧੀਆਂ ਸੀ ਅਤੇ ਉਸ ਨੂੰ ਸਬਰ ਕਰਨਾ ਪਇਆ। ਰਾਤ

ਦਾ ਭੋਜਨ ਖਾਧਾ ਅਤੇ ਪੀਤਾ ਹੋਣ ਕਰਕੇ ਓਹ ਭਾਰੀ ਹੋਣ ਦੀ ਵਜ੍ਹਾ ਨਾਲ । ਲੜਾਈ ਦੇ ਸਿਵਾ ਸਭ ਕੁਝ ਕਰਨਾ ਚਾਹੁੰਦਾ ਸੀ ॥ ਇੱਜੜ ਨੇ ਸਰੋਵਰ ਦਾ ਪਾਣੀ ਛਲਕਾਇਆ ਜਿੜ੍ਹਾ ਓਹ ਹੁਣੇ ਛੱਡਕੇ ਗਿਆ ਸੀ । 'ਤੇ ਬੜ੍ਹਕਾਂ ਮਾਰੀਆਂ ਜਦੋਂ ਤਕ ਕਿ ਭੀੜਾ ਪਾੜ ਵੱਜਣ ਨਹੀਂ ਲਗ ਪਿਆ ॥ ਮੁਗਲੀ ਨੇ ਜਵਾਬੀ ਬੜ੍ਹਕਾਂ ਖੱਡ ਦੇ ਮਦਾਨੀ ਪਾਸਿਓਂ ਆਓਂਦੀਆਂ ਸੁਣੀਆਂ। ਅਤੇ ਵੇੱਖਿਆ ਕਿ ਸ਼ੇਰ ਖਾਂ ਮੁੜ ਗਿਆ(ਚੀਤੇ ਨੂੰ ਪਤਾ ਸੀ ਕਿ ਜੇ ਮਾੜੇ ਤੋਂ ਮਾੜਾ ਹੋਇਆ ਇਹ ਚੰਗਾ ਸੀ ਕਿ ਉਧਾ ਵਾਹ ਝੋਟ੍ਰਿਆਂ ਨਾਲ ਪਵੇ ਨਾਂ ਕਿ ਗਾਇਆਂ ਦਾ ਓਨ੍ਹਾਂ ਦੇ ਵਛਿਆਂ ਨਾਲ) । ਅਤੇ ਫੇਰ ਰਾਮਾ ਦਾ ਪੈਰ ਥਿੜਕ ਗਇਆ । ਓਹ ਡਗਮਗਾਇਆ । ਅਤੇ ਫੇਰ ਕਿਸੇ ਨਰਮ ਚੀਜ ਉਤ੍ਰੇ ਉਧਾ ਪੈਰ ਪਿਆ । ਅਤੇ। ਝੋਟ੍ਰੇ ਉਧੇ ਮਗਰ ਸੀ । 'ਤੇ ਪੂਰੇ ਜੋਰ ਨਾਲ ਓਹ ਇੱਜੜ ਦੇ ਦੂਜੇ ਹਿੱਸੇ'ਚ ਜਾ ਵੱਜਾ । 'ਤੇ ਕਮਜੋਰ ਮੱਝਾਂ ਇਸ ਝਟਕੇ ਨਾਲ ਹਵਾ'ਚ ਉੱਪਰ ਉਠ ਗਈਆਂ ॥ ਇੱਸ ਹੱਲੇ ਨਾਲ ਇਜੱੜ ਦੇ ਦੋਵੇਂ ਹਿੱਸੇ ਮਦਾਨ'ਚ ਲਹੂ ਲੁਹਾਣ ਕਰਦੇ । ਮਸਲਦੇ । 'ਤੇ ਫੜ੍ਹ ਫੜ੍ਹ ਕਰਦੇ ਪਹੁੰਚ ਗਏ ॥ ਮੁਗਲੀ ਨੇ ਅਪਨਾ ਸਮਾਂ ਵੇੱਖਿਆ । ਅਤੇ ਰਾਮਾ ਦੀ ਗਰਦਨ ਤੋਂ ਹੇਠਾਂ ਉਤ੍ਰਰ ਆਇਆ । ਅਤੇ ਅਪਨੀ ਸੋਟ੍ਰੀ ਨਾਲ ਉਸ ਨੂੰ ਸੱਜੇ ਖੱਬੇ ਰਖਦਾ ਰਿਹਾ ॥

"ਛੇਤ੍ਰੀ । ਕਲ੍ਹੇ ! ਇਨ੍ਹਾਂ ਨੂੰ ਅੱਡ ਅੱਡ ਕਰਦੇ ॥ ਇਨ੍ਹਾਂ ਨੂੰ ਖਲਾਰ ਦੇ । ਨਹੀਂ ਤੇ ਇਹ ਆਪਸ'ਚ ਹੀ ਲੜਨ ਲਗ੍ਹ ਪੈਣਗੇ ॥ ਇਨ੍ਹਾਂ ਨੂੰ ਦੂਰ ਨ੍ਹੱਸਾ ਦੇ । ਕਲ੍ਹਿਆ ॥ ਹਾਇ । ਰਾਮਾ ! ਹਾਇ ! ਹਾਇ ! ਹਾਇ ! ਮੇਰੇ ਬੱਚ੍ਹੇ ॥ ਪੋੱਲੇ ਜਿਹੇ ਹੁਣ । ਪੋੱਲੇ ਜਿਹੇ ! ਸਭ ਕੁਝ ਖਤਮ ਹੋ ਚੁੱਕਾ ਹੈ ॥"

ਕਲ੍ਹਾ'ਤੇ ਸਲੇਟੀ ਭਰਾ ਗ੍ਹਾਂ ਪਿਛਾਂ ਮੱਝਾਂ ਦੀਆਂ ਲਤ੍ਹਾਂ ਨੱਪਦੇ ਨ੍ਹੱਸਦੇ ਰਹੇ । ਭਾਵੇਂ ਇੱਜੜ ਇਕ ਵਾਰੀ ਫੇਰ ਖੱਡ'ਚ ਹੱਲਾ ਬੋਲਣ ਨੂੰ ਤਿਆਰ ਸੀ । ਮੁਗਲੀ ਨੇ ਰਾਮਾ ਨੂੰ ਮੋੜ ਹੀ ਲਿਆ । ਅਤੇ ਬਾਕੀ ਦੇ ਸਭ ਉਧੇ ਮਗਰੇ ਮਗਰ ਆ ਗਏ ਜਿੱਥੇ ਓਹ ਮਿਟ੍ਹੀ'ਚ ਲਿਟ੍ਹਦੇ ਸਨ ॥

ਸ਼ੇਰ ਖਾਂ ਨੂੰ ਹੋਰ ਮਸਭਲਣ ਦੀ ਲੋੜ ਨਹੀਂ ਸੀ ॥ ਓਹ ਮਰ ਚੁੱਕਿਆ ਸੀ । ਅਤੇ ਬਾਜ ਉਧੇ ਵਾਸ੍ਤੇ ਹੁਣੇ ਹੀ ਆ ਗਏ ਸੀ ॥

"ਭਰਾਵੋ । ਇਹ ਇਕ ਕੁਤ੍ਤੇ ਦੀ ਮੌਤ ਸੀ ।" ਮੁਗਲੀ ਨੇ ਅਪਨਾ ਚਾਕੂ ਜਿੜ੍ਹਾ ਓਹ ਹਮੇਸ਼ਾ ਅਪਨੇ ਗਲੇ'ਚ ਲਟਕਾ ਕੇ ਰੱਖਦਾ ਸੀ ਕਿਓਂਕਿ ਓਹ ਹੁਣ ਆਦਮੀਆਂ ਦੇ ਨਾਲ ਰਹਿੰਦਾ ਸੀ । ਲੱਭਦੇ ਹੋਏ ਕਿਹਾ ॥ "ਮਗਰ ਓਨੇਂ੍ਹ ਕਦੇ ਲੜਾਈ ਨਹੀਂ ਸੀ ਕਰਨੀ ॥ ਉਧੀ ਖੱਲ ਪੰਚਾਇਤੀ ਥੜ੍ਹੇ'ਤੇ ਪਈ ਬੜੀ ਚੰਗੀ ਲਗ੍ਹੂਗੀ ॥ ਸਾਨੂੰ੍ਹ ਛੇਤ੍ਰੀ ਹੀ ਕੱਮ ਸ਼ੁਰੂ ਕਰ ਦੇਣਾ ਚਾਹਿਦਾ ਹੈ ॥"

ਇਕ ਮੁੰਡਾ ਜਿਨ੍ਹੇ ਆਦਮੀਆਂ'ਚ ਸਿਖਲਾਈ ਕੀਤ੍ਤੀ ਹੋਵੇ ਕਦੇ ਭੀ ਇਹ ਸੁਪਨੇ'ਚ ਭੀ ਇਕ ਦੱਸ ਫੁਟ੍ਹੇ ਚੀਤੇ ਦੀ ਖੱਲ ਕਲ੍ਹੇ ਲਾਹੁਣ ਵਾਸ੍ਤੇ ਨਹੀਂ ਸੋਚ੍ਹਿਆ ਹੋਣਾ । ਪਰ ਮੁਗਲੀ ਨੂੰ ਸਭਤੋਂ ਜਿਆਦਾ ਚੰਗੀ ਤਰ੍ਹਾਂ ਪਤਾ ਸੀ ਕਿ ਇਕ ਜਾਨਵਰ ਦੀ ਖੱਲ ਕਿਵੇਂ ਚੜ੍ਹਾਈ ਜਾਉਂਦੀ ਹੈ'ਤੇ ਕਿਵੇਂ ਲਾਹੀ ਜਾਉਂਦੀ ਹੈ ॥ ਮਗਰ ਇਹ ਇਕ ਔਖਾ ਕੱਮ ਸੀ । ਅਤੇ ਮੁਗਲੀ ਇਕ ਘੰਟੇ ਤਾਂਈ ਫਾੜਿਆ'ਤੇ ਕਿਲ੍ਹਿਆ ਜਦੋਂ ਕਿ ਬਘਿਆੜਾਂ ਨੇ ਅਪਨੀਆਂ ਜੀਭਾਂ ਲਮਕਾਈਆਂ । ਜਾਂ ਫੇਰ ਗ੍ਹਾਂ ਆਏ'ਤੇ ਹੱਥ ਦਿਤ੍ਤਾ ਜਿਵੇਂ ਓਨ੍ਹੇ ਓਨ੍ਹਾਂ ਨੂੰ ਹੁਕਮ ਦਿਤ੍ਤਾ ਸੀ ॥ ਹਾਲੇ ਉਧੇ ਮੋੱਢੇ'ਤੇ ਇਕ ਹੱਥ ਪਿਆ । ਓਨ੍ਹੇ ਉੱਪਰ ਵੇੱਖਿਆ ਕਿ ਬਲਦੇਵ ਅਪਨੀ ਬੰਦੂਕ ਨਾਲ ਖੜਾ ਸੀ ॥ ਬਚ੍ਹਿਆਂ ਨੇ ਪਿੰਡ'ਚ ਮੱਝਾ ਦੀ ਭਗਦੜ ਬਾਰੇ ਦੱਸਿਆ ਸੀ । ਅਤੇ ਬਲਦੇਵ ਗੁੱਸੇ ਨਾਲ ਬਾਹਰ ਨਿੱਕਲ ਗਿਆ ਸੀ । ਉਤਾਵਲਾ ਹੋਕੇ ਮੁਗਲੀ

ਨੂੰ ਸੋਧਨ ਵਾਸ੍ਤੇ ਕਿਓਂਕਿ ਓਹ੍ਨੇ ਇੱਜੜ ਦੀ ਦੇਖਭਾਲ ਠੀਕ ਤਰ੍ਹਾਂ ਨਹੀਂ ਕੀਤ੍ਤੀ ਸੀ ॥ ਬਘਿਆੜ ਨਿਗ੍ਹਾ'ਤੋਂ ਦੂਰ ਹੋ ਗਏ ਜਦੋਂ ਓਹ੍ਨਾਂ ਨੇ ਆਦਮੀ ਨੂੰ ਆਓਂਦੇ ਹੋਏ ਵੇੱਖਿਆ ॥

"ਇਹ ਕੀ ਹੈ ?" ਬਲਦੇਵ ਨੇ ਗੁੱਸੇ ਦੇ ਨਾਲ ਕਿਹਾ ॥ "ਤੂੰ ਸੋਚਦਾ ਹੈਂ ਕਿ ਚੀਤੇ ਦੀ ਖੱਲ ਲਾਹ ਸਕਦਾ ਹੈਂ ! ਮੱਝਾਂ ਨੇ ਕਿੱਥੇ ਇਨੂ੍ ਮਾਰਿਆ ? ਇਹ ਭੀ ਲੰਗੜਾ ਚੀਤਾ ਹੈ । ਅਤੇ ਇ੍ਹਧੇ ਸਿਰ ਤੇ ਸੌ ਰੁੱਪਇਏ ਦਾ ਇਨਾਮ ਹੈ ॥ ਚੰਗਾ । ਤੇਰਾ ਇੱਜੜ ਦਾ ਨਠਾਉਣਾ ਅਸੀਂ ਅਨਦੇਖਾ ਕਰ ਦਵਾਂਗੇ । ਅਤੇ ਸ਼ਾਇਦ ਮੈਂ ਤੈਨੂੰ ਇਨਾਮ'ਚੋਂ ਇਕ ਰੁਪੱਇਆ ਭੀ ਦੇ ਦੇਵਾਂਗਾ ਜਦੋਂ ਮੈਂ ਖੱਲ ਕਾਨ੍ਹੀਵਾੜੇ ਲੈਕੇ ਜਾਵਾਂਗਾਂ ॥" ਓਹ੍ਨੇ ਅਪਨੇ ਲੰਗੋਟ'ਚ ਚਮਕੀਲਾ ਪੱਥਰ ਜਿੜ੍ਹਾ ਚੰਗਾੜੀਆਂ ਪੈਦਾ ਕਰਦਾ ਹੈ । ਅਤੇ ਲੋਹੇ ਵਾਸ੍ਤੇ ਲੱਭਿਆ । ਅਤੇ ਹੇਠਾਂ ਝੁਕਿਆ ਕਿ ਸ਼ੇਰ ਖਾਂ ਦੀਆਂ ਮੁਛਾਂ ਦੇ ਵਾਲ ਪੁਟ੍ਹ ਸਕੇ ॥ ਜਿਆਦਾਤਰ ਦੇਸੀ ਸ਼ਿਕਾਰੀ ਚੀਤੇ ਦੀਆਂ ਮੁੱਛਾਂ ਦੇ ਵਾਲ ਪੁਟ੍ਹ ਲੈਂਦੇ ਨੇ ਤਾਕਿ ਓਹ੍ਨਾਂ ਨੂੰ ਚੀਤੇ ਦਾ ਭੂਤ ਨਾਂ ਸਤਾਵੇ ॥

"ਹੰਮ !" ਮਾੜਾ ਜਿਹਾ ਅਪਨੇ ਆਪ ਨੂੰ ਮੁਗਲੀ ਨੇ ਕਿਹਾ । ਜਦੋਂ ਓਹ੍ਨੇ ਇਕ ਅਗਲੇ ਪੰਜੇ ਦੀ ਖੱਲ ਪਿਛਾਂ ਨੂੰ ਲਾਹੀ ॥ "ਤਾਂ ਫੇਰ ਤੂੰ ਖੱਲ ਇਨਾਮ ਵਾਸ੍ਤੇ ਕਾਨ੍ਹੀਵਾੜੇ ਲੈਕੇ ਜਾਏਂਗਾ । ਅਤੇ ਸ਼ਾਇਦ ਮੈਨੂੰ ਇਕ ਰੁਪੱਇਆ ਭੀ ਦੇਵੇਂਗਾ ? ਹੁਣ ਮੇਰੇ ਮਨ'ਚ ਇਕ ਖਿਆਲ ਹੈ ਕਿ ਮੈਨੂੰ ਇਹ ਖੱਲ ਅਪਨੇ ਕੱਮ ਵਾਸ੍ਤੇ ਚਾਹਿਦੀ ਹੈ ॥ ਓਏ ! ਬੁੱਢੇ ਆਦਮੀ । ਇਹ ਬੰਦੂਕ ਪਰੇ ਕਰ !"

"ਪਿੰਡ ਦੇ ਮੁਖ ਸ਼ਿਕਾਰੀ ਨਾਲ ਇਹ ਕਿਸ ਤਰ੍ਹਾਂ ਦੀ ਗੱਲ ਹੋਈ ? ਤੇਰੀ ਕਿਸਮਤ'ਤੇ ਤੇਰੀ ਮੱਝਾਂ ਦੀ ਮੂਰਖਤਾ ਨੇ ਤੈਨੂੰ ਇਹ ਮਾਰਨ'ਚ ਮਦਦ ਕੀਤ੍ਤੀ ਹੈ ॥ ਚੀਤੇ ਨੇ ਥੋੜੀ ਦੇਰ ਪਹਿਲਾਂ ਹੀ ਖਾਧਾ ਸੀ । ਨਹੀਂ'ਤੇ ਓਹ ਇਨ੍ਹੇ ਵਕ੍ਤ'ਚ ਵੀਹ ਮੀਲ ਦੂਰ ਚਲਾ ਜਾਉਂਦਾ ॥ ਤੂ'ਤੇ ਠੀਕ ਤਰ੍ਹਾਂ ਇ੍ਹਧੀ ਖੱਲ ਭੀ ਨਹੀਂ ਲਾਹ ਸਕਦਾ । ਛੋਟ੍ਹੇ ਸ਼ੈਤਾਨ ਮੰਗਤਿਆ । ਅਤੇ ਮੈਂ ਬਿਲਕੁਲ ਸਚ੍ਚਾ । ਬਲਦੇਵ । ਕਹਿੰਦਾ ਹਾਂ ਕਿ ਇ੍ਹਧੀਆਂ ਮੁੱਛਾਂ ਨਾਂ ਪੁਟ੍ਹ ॥ ਮੁਗਲੀ। ਮੈਂ ਤੈਨੂੰ ਇਨਾਮ ਦਾ ਇਕ ਆਨ੍ਹਾ ਭੀ ਨਹੀਂ ਦੇਵਾਂਗਾ । ਮਗਰ ਤੈਨੂੰ ਬਹੁਤ ਕੁਟਾਪਾ ਚਾੜ੍ਹਾਂਗਾਂ ॥ ਮਰੇ ਹੋਏ ਸ਼ਰੀਰ ਨੂੰ ਛੱਡ ਦੇ !"

"ਉਸ ਝੋਟ੍ਹੇ ਦੀ ਕਸਮ ਜਿ੍ਹਧੇ ਨਾਲ ਮੇਰਾ ਮੁੱਲ ਪਾਇਆ ਗਇਆ ਸੀ ।" ਮੁਗਲੀ ਨੇ ਕਿਹਾ । ਜੋ ਮੋੱਢੇ ਵੱਲ ਜਾਣਾ ਚਾਹੁੰਦਾ ਸੀ । "ਕਿ ਮੈਂ ਇਕ ਬੁੱਢੇ ਬਾਂਦਰ ਨਾਲ ਸਾਰੀ ਦੁਪ੍ਹਿਰ ਬੜਬੜਾਉਂਦਾ ਰਹਾਂ ? ਕਲ੍ਹਿਆ । ਇੱਥੇ ਆ । ਇਹ ਆਦਮੀ ਮੈਨੂੰ ਦੁਖੀ ਕਰਨ ਢਿਹਾ ਹੈ ॥"

ਬਲਦੇਵ । ਜੋ ਹਾਲੇ ਭੀ ਸ਼ੇਰ ਖਾਂ ਦੇ ਸਿਰ ਤੇ ਝੁਕਿਆ ਹੋਇਆ ਸੀ । ਨੇ ਅਪਨੇ ਆਪ ਨੂੰ ਘਾਹ'ਤੇ ਪਾਇਆ । 'ਤੇ ਉ੍ਹਧੇ ਉੱਪਰ ਇਕ ਸਲੇਟੀ ਬਘਿਆੜ ਚੜ੍ਹਿਆ ਹੋਇਆ ਸੀ । ਜਦ ਕਿ ਮੁਗਲੀ ਖੱਲ ਲਾਹੁੰਦਾ ਰਿਹਾ ਜਿਵੇਂ ਕਿ ਓਹ ਪੂਰੇ ਹਿੰਦੁਸ੍ਤਾਨ'ਚ ਕਲ੍ਹਾ ਹੋਵੇ ॥

"ਹਾਂ - ਆਂ ।" ਦੰਦ ਭੀਚਦੇ ਹੋਏ ਓਹ੍ਨੇ ਕਿਹਾ ॥ "ਤੂੰ ਬਿਲਕੁਲ ਠੀਕ ਕਿਹਾ ਹੈ । ਬਲਦੇਵ ॥ ਤੂੰ ਮੈਨੂੰ ਕਦੇ ਭੀ ਇਨਾਮ ਦਾ ਇਕ ਆਨ੍ਹਾ ਭੀ ਨਹੀਂ ਦੇਵੇਂਗਾ ॥ ਇਸ ਲੰਗੜੇ ਚੀਤੇ'ਤੇ ਮੇਰੇ ਵਿਚਕਾਰ ਇਕ ਪੁਰਾਣੀ ਲੜਾਈ ਹੈ - ਇਕ ਬੜੀ ਪੁਰਾਣੀ ਲੜਾਈ । ਅਤੇ - ਮੈਂ ਇਹ ਜਿਤ੍ਤ ਚੁੱਕਾਂ ਹਾਂ ॥"

ਬਲਦੇਵ ਨਾਲ ਨਿਆਂ ਕਰਦੇ ਹੋਏ। ਜੇਕਰ ਓਹ ਦੱਸ ਸਾਲ ਛੋਟ੍ਹਾ ਹੁੰਦਾ ਓਨ੍ਹੇ ਕਲ੍ਹੇ ਨਾਲ ਮੌਕਾ ਲਿਆ ਹੁੰਦਾ ਜੇਕਰ ਓਹ ਬਘਿਆੜ ਨੂੰ ਜੰਗਲ'ਚ ਮਿਲਿਆ ਹੁੰਦਾ। ਮਗਰ ਓਹ ਬਘਿਆੜ ਜੋ ਇਸ ਮੁੰਡੇ ਦਾ ਹੁਕਮ ਮੰਨਦਾ ਸੀ ਜ੍ਹਿਧੀਆਂ ਨਿਜੀ ਲੜਾਈਆਂ ਸੀ ਇਕ ਆਦਮਖੋਰ ਚੀਤੇ ਨਾਲ। ਇਕ ਆਮ ਜਾਨਵਰ ਨਹੀਂ ਸੀ ॥ ਇਹ ਕਾਲਾ ਜਾਦੂ ਸੀ। ਬੜੇ ਮਾੜੇ ਕਿਸਮ ਦਾ ਕਾਲਾ ਜਾਦੂ। ਬਲਦੇਵ ਨੇ ਸੋਚ੍ਹਿਆ। ਅਤੇ ਓਹ ਹਰਾਨ ਹੋਇਆ ਕਿ ਪਤਾ ਨਹੀਂ ਕੀ ਓ੍ਹਧੇ ਗਲੇ'ਚ ਪਾਈ ਹੋਈ ਤਵੀਤੀ ਪਤਾ ਨਹੀਂ ਓ੍ਹਧਾ ਬਚਾ ਕਰੂਗੀ ਕੇ ਨਹੀਂ ॥ ਓਹ ਬਿਨਾ ਹਿਲੇ ਡੁਲੇ ਲਿਟਿਆ ਰਿਹਾ। ਇਸ ਉੱਮੀਦ'ਚ ਕੇ ਕਿਸੇ ਭੀ ਮਿੰਟ ਮੁਗਲੀ ਇਕ ਚੀਤੇ'ਚ ਬਦਲ ਜਾਊਗਾ ॥


ਬਲਦੇਵ ਬਿਨਾ ਹਿਲੇ ਡੁਲੇ ਲਿਟਿਆ ਰਿਹਾ। ਇਸ ਉੱਮੀਦ'ਚ ਕੇ ਕਿਸੇ ਭੀ ਮਿੰਟ ਮੁਗਲੀ ਇਕ ਚੀਤੇ'ਚ ਬਦਲ ਜਾਊਗਾ ॥

"ਮਹਾਰਾਜ ! ਮਹਾਨ ਰਾਜਨ।" ਅਖੀਰ'ਚ ਓਨ੍ਹੇ ਇਕ ਭਾਰੀ ਜਿਹੀ ਅਵਾਜ'ਚ ਕਿਹਾ ॥

"ਹਾਂ।" ਬਿਨਾ ਅਪਨਾ ਸਿਰ ਘੁਮਾਏ। ਮੂੰਹ'ਚ ਹੌਲੇ ਜਿਹੇ ਹੱਸਦੇ ਹੋਏ। ਮੁਗਲੀ ਨੇ ਕਿਹਾ ॥

"ਮੈਂ ਇਕ ਬੁੱਢਾ ਆਦਮੀ ਹਾਂ ॥ ਮੈਨੂੰ ਨਹੀਂ ਸੀ ਪਤਾ ਕਿ ਤੂੰ ਇਕ ਮੱਝਾਂ ਚਰਾਉਨ ਵਾਲੇ ਮੁੰਡੇ'ਤੋਂ ਵੱਧ ਕੁਝ ਸੀ ॥ ਕੀ ਮੈਂ ਉੱਠ ਕੇ ਚਲਾ ਜਾਵਾਂ। ਜਾਂ ਫੇਰ ਤੇਰਾ ਨੌਕਰ ਮੈਨੂੰ ਫਾੜ ਕੇ ਟੋਟ੍ਹੇ ਟੋਟ੍ਹੇ ਕਰ ਦੇਵੇਗਾ ?"

"ਜਾ। 'ਤੇ ਅਮਨ ਤੇਰੇ ਨਾਲ ਜਾਵੇ ॥ ਸਿਰਫ। ਇਹ ਕਿ ਮੇਰੀ ਖੇਡ'ਚ ਪੰਗਾ ਨਾਂ ਪਾਂਵੀਂ ॥ ਕਲ੍ਹੇ। ਇਨ੍ਹੂ ਜਾਣ ਦੇ ॥"

ਬਲਦੇਵ ਪਿੰਡ ਵਲ ਜਿਨ੍ਹੀ ਤੇਜੀ ਨਾਲ ਜਾ ਸਕਦਾ ਸੀ ਟੁਰ ਪਿਆ। ਅਤੇ ਅਪਨੇ ਮੋਢੇ ਉਤ੍ਹਿਓਂ ਪਿੱਛੇ ਮੁੜ ਕੇ ਵੇਖਦਾ ਰਿਹਾ ਕਿ ਕਿਤੇ ਮੁਗਲੀ ਕਿਸੇ ਭੈੜੀ ਚੀਜ'ਚ ਨਾਂ ਤਬਦੀਲ ਹੋ ਜਾਵੇ ॥ ਜਦੋਂ ਓਹ ਪਿੰਡ ਪਹੁੰਚਿਆ ਓਨ੍ਹੇ ਜਾਦੂ ਟੂਣਾ ਅਤੇ ਕਾਲੇ ਜਾਦੂ ਦੀ ਕਹਾਣੀ ਸੁਨਾਈ ਜੋ ਸੁਣ ਕੇ ਪੰਡਤ ਬੜਾ ਡਰਿਆ ਜਿਹਾ ਲਗ੍ਹਣ ਲਗ੍ਹ ਪਿਆ ॥

"ਮੁਗਲੀ ਨੇ ਅਪਨਾ ਕੱਮ ਚਾਲੂ ਰੱਖਿਆ। ਮਗਰ ਸ਼ਾਮ ਪੈ ਚੱਲੀ ਸੀ ਇਸਤੋਂ ਪਹਿਲਾਂ ਕਿ ਓਹ'ਤੇ ਬਘਿਆੜ ਸ਼ਰੀਰ'ਤੋਂ ਸਾਰੀ ਵਧੀਆ ਚਮੜੀ ਹਟਾ ਸਕਦੇ ॥"

"ਹੁਣ ਸਾਨੂੰ ਇਸ ਨੂੰ ਛਿਪਾ ਕੇ ਮੱਝਾਂ ਨੂੰ ਘਰ ਲੈ ਜਾਣਾ ਚਾਹਿਦਾ ਹੈ ! ਕਲ੍ਹਿਆ । ਇਨ੍ਹਾਂ ਨੂੰ ਕੱਠਾ ਕਰਨ'ਚ ਮੇਰੀ ਮਦਦ੍ਰ ਕਰ ॥"

ਇੱਜੜ ਧੁੰਦ ਭਰੀ ਸ਼ਾਮ'ਚ ਕੱਠਾ ਹੋ ਗਿਆ । ਅਤੇ ਜਦੋਂ ਓਹ ਪਿੰਡ ਨੇੜ੍ਹੇ ਪਹੁੰਚੇ ਮੁਗਲੀ ਨੂੰ ਬਤ੍ਤੀਆਂ ਦਿੱਖੀਆਂ । ਅਤੇ ਮੰਦਰ'ਚ ਸ਼ੰਖ ਅਤੇ ਟਲੱਲੀਆਂ ਵੱਜਦੀਆਂ ਸੁਣੀਆਂ ॥ ਕੁਝ ਅੱਧਾ'ਕ ਪਿੰਡ ਉਸਦਾ ਇੰਤਜਾਰ ਪਿੰਡ ਦੇ ਦਰਵਾਜੇ'ਤੇ ਕਰਦਾ ਪਿਆ ਜਾਪਦਾ ਸੀ ॥ "ਇਹ ਇਸ ਲਈ ਕਿਓਂਕਿ ਮੈਂ ਸ਼ੇਰ ਖਾਂ ਨੂੰ ਮਾਰਿਆ ਹੈ ।" ਓਨ੍ਹੇ ਅਪਨੇ ਆਪ ਨੂੰ ਕਿਹਾ ॥ ਮਗਰ ਪੱਥਰਾਂ ਦੀ ਵਾਛੜ ਦੀ ਅਵਾਜ ਊਧੇ ਕੱਨਾਂ'ਚ ਪਈ । ਅਤੇ ਪੈਂਡੂ ਚੀਕੇ : ਜਾਦੂਗਰ ! ਬਘਿਆੜ ਦਾ ਬਚ੍ਚਾ ! ਜੰਗਲੀ ਸ਼ੈਤਾਨ ! ਦੂਰ ਚਲਿਆ ਜਾ ! ਛੇਤ੍ਤੀ ਇਥੋਂ ਚਲਾ ਜਾ ਨਹੀਂ ਤੇ ਪੰਡਤ ਨੇ ਤੈਨੂੰ ਫੇਰ'ਤੋਂ ਬਘਿਆੜ ਬਣਾ ਦੇਨਾ ਹੈ ॥ ਗੋਲੀ ਮਾਰ ਬਲਦੇਵ । ਗੋਲੀ ਮਾਰ !"

ਪੁਰਾਣੀ ਬੰਦੂਕ ਠਾਹ ਕਰਕੇ ਚੱਲੀ ਅਤੇ ਇਕ ਛੋਟ੍ਰੀ ਮੱਝ ਦਰ੍ਰ ਨਾਲ ਚੰਘਾੜੀ ॥

"ਹੋਰ ਕਾਲਾ ਜਾਦੂ !" ਪਿੰਡ ਵਾਲੇ ਚੀੱਕੇ ॥ "ਇਹ ਗੋਲੀਆਂ ਦਾ ਮੂੰਹ ਮੋੜ ਸਕਦਾ ਹੈ ॥ ਬਲਦੇਵ । ਓਹ ਤੇਰੀ ਮੱਝ ਸੀ ॥"

"ਹੁਣ ਇਹ ਕੀ ਹੈ ?" ਮੁਗਲੀ ਨੇ ਹੈਰਾਨ ਹੁੰਦੇ ਹੋਏ ਕਿਹਾ । ਜਦ ਕਿ ਪੱਥਰਾਂ ਦਾ ਵਰ੍ਹਨਾ ਹੋਰ ਤੇਜ ਹੋ ਗਿਆ ॥

"ਇਹ ਤੇਰੇ ਭਰਾ । ਦਲ'ਤੋਂ ਕੋਈ ਵੱਖਰੇ ਨਹੀਂ ਹਣ ।" ਕਲ੍ਹੇ ਨੇ ਬੜੇ ਸੰਜੀਦਾ ਹੋ ਕੇ ਬੈਂਹ੍ਰੇ ਹੋਏ ਕਿਹਾ ॥ "ਮੇਰੇ ਦਿਮਾਗ'ਚ ਇਹ ਹੈ ਕਿ । ਜੇ ਇਨ੍ਹਾਂ ਗੋਲੀਆਂ ਦਾ ਕੁਝ ਮਤਲਬ ਹੈ । 'ਤੇ ਓਹ ਤੈਨੂੰ ਬਾਹਰ ਕੱਢ ਦੇਣਗੇ ॥"

"ਬਘਿਆੜ ! ਬਘਿਆੜ ਦਾ ਬਲੂੰਗੜਾ ! ਦੂਰ ਚਲਿਆ ਜਾ !" ਪੰਡਤ ਹੱਥ'ਚ ਪਵਿਤ੍ਤਰ ਤੁਲਸੀ ਦੀ ਟ੍ਹਾਣੀ ਫੱੜਕੇ ਚੀਕਿਆ ॥

"ਫੇਰ ? ਪਿਛਲੀ ਵਾਰ ਇਸ ਕਰਕੇ ਕਿ ਮੈਂ ਆਦਮੀ ਸੀ ॥ ਇਸ ਵਾਰੀ ਕਿਓਂਕਿ ਮੈਂ ਬਘਿਆੜ ਹਾਂ ॥ ਚਲ ਆਪਾਂ ਚੱਲਿਏ । ਕਲ੍ਹਿਆ ॥"

ਇਕ ਜਨਾਨੀ - ਇਹ ਮਸੂਆ ਸੀ - ਨ੍ਹੱਸ ਕੇ ਇੱਜੜ ਵੱਲ ਆਈ । ਅਤੇ ਰੋਈ : "ਓਹ। ਮੇਰੇ ਪੁਤ੍ਤਰ । ਮੇਰੇ ਪੁਤ੍ਤਰ ! ਓਹ ਕਹਿੰਦੇ ਨੇ ਕੇ ਤੂੰ ਕਾਲਾ ਜਾਦੂਗਰ ਹੈਂ'ਤੇ ਅਪਨੀ ਮਰਜੀ ਨਾਲ ਇਕ ਹੈਵਾਨ'ਚ ਤਬਦੀਲ ਹੋ ਸਕਦਾ ਹੈਂ ॥ ਮੈਨੂੰ ਇ੍ਹਧੇ'ਤੇ ਯਕੀਨ ਨਹੀਂ ਹੈ । ਪਰ ਤੂੰ ਦੂਰ ਚਲੇ ਜਾ ਨਹੀਂ ਤੇ ਇਹ ਤੈਨੂੰ ਮਾਰ ਸਿਟ੍ਹਣਗੇ ॥ ਬਲਦੇਵ ਕਹਿੰਦਾ ਹੈ ਕਿ ਤੂੰ ਜਾਦੂਗਰ ਹੈਂ । ਪਰ ਮੈਂ ਜਾਣਦੀ ਹਾਂ ਕਿ ਤੂੰ ਨੱਥੂ ਦੀ ਮੌਤ ਦਾ ਬਦਲਾ ਲੈ ਲਿਆ ਹੈ ॥"

"ਵਾਪਿਸ ਆ । ਮਸੂਆ !" ਭੀੜ ਚੀੱਕੀ ॥ "ਵਾਪਿਸ ਆ । ਨਹੀਂ ਤੇ ਅਸੀਂ ਤੈਨੂੰ ਪੱਥਰ ਮਾਰਾਂਗੇ ॥"
ਮੁਗਲੀ ਮਾੜਾ ਜਿਹਾ ਭੈੜਾ ਹਾੱਸਾ ਹੱਸਿਆ । ਕਿਓਂਕਿ ਇਕ ਪੱਥਰ ਊਧੇ ਮੂੰਹ ਤੇ ਵੱਜਾ ਸੀ ॥ "ਵਾਪਿਸ ਨ੍ਹੱਸ ਜਾ । ਮਸੂਆ ॥ ਇਹ ਇਕ ਬੇਵਕੂਫੀ ਭਰੀ ਕਹਾਣੀ ਹੈ ਜਿੜ੍ਹੀ ਇਹ ਵੱਢੇ ਦ੍ਰਖ੍ਤ ਹੇਠਾਂ ਸ਼ਾਮ ਨੂੰ ਸੁਣਾਉਂਦੇ ਨੇ ॥ ਮੈਂ ਘਟ੍ਹੋ ਘਟ੍ਹ ਤੇਰੇ ਪੁਤ੍ਤਰ ਦੀ ਜਾਨ ਦੀ

ਕੀਮਤ ਅਦਾ ਕਰ ਦਿਤ੍ਤੀ ਹੈ ॥ ਅਲਵਿਦਾ ॥ ਅਤੇ ਛੇਤ੍ਤੀ ਨੱਸ । ਕਿਓਂਕਿ ਮੈਂ ਇੱਜੜ ਨੂੰ ਓਨ੍ਹਾਂ ਦੇ ਰੋੜਿਆਂ ਤੋਂ ਭੀ ਤੇਜ ਰਫਤਾਰ ਨਾਲ ਭੇਜਾਗਾਂ ॥ ਮੈਂ ਕੋਈ ਜਾਦੂਗਰ ਨਹੀਂ । ਮਸੂਆ ॥ ਅਲਵਿਦਾ !"

"ਹੁਣ ਇਕ ਵਾਰੀ ਫੇਰ ਕਲ੍ਹਿਆ ।" ਓਹ ਰੋਇਆ ॥ "ਇੱਜੜ ਨੂੰ ਲੈ ਆ ॥"

ਮੱਝਾਂ ਪਿੰਡ ਜਾਂਣ ਵਾਸ੍ਤੇ ਬੜੀਆਂ ਬੇਤਾਬ ਸੀ ॥ ਓਨ੍ਹਾਂ ਨੂੰ ਕਲ੍ਹੇ ਦੇ ਮਾੜਾ ਜਿਹਾ ਕਹਿਣ ਭਰ ਦੀ ਭੀ ਲੋੜ ਨਹੀਂ ਸੀ । ਪਰ ਦਰਵਾਜੇ ਚੋਂ ਇੰਝ ਧਾਵਾ ਬੋੱਲਿਆ ਜਿਵੇਂ ਵਰੋਲਾ । 'ਤੇ ਭੀੜ ਨੂੰ ਤਿਤਰ ਬਿਤਰ ਕਰ ਦਿਤ੍ਤਾ ॥

"ਗਿਨਤੀ ਕਰ ਲਿਓ!" ਮੁਗਲੀ ਨੇ ਗੁੱਸੇ ਨਾਲ ਕਿਹਾ ॥ "ਹੋ ਸਕਦਾ ਹੈ ਕਿ ਮੈਂ ਇਨ੍ਹਾਂ'ਚੋਂ ਇਕ ਦੀ ਚੋਰੀ ਕਰ ਲਈ ਹੋਵੇ ॥ ਗਿਨਤੀ ਕਰ ਲਿਓ । ਕਿਓਂਕਿ ਹੁਣ'ਤੋਂ ਮੈ ਮੱਝਾਂ ਨਹੀਂ ਚਾਰਨਿਆਂ ॥ ਤੁਹਾਨੂੰ ਸਭ ਨੂੰ ਅਲਵਿਦਾ । ਇਨਸਾਨ ਦੀ ਔਲਾਦ । ਅਤੇ ਮਸੂਆ ਦਾ ਸ਼ੁਕ੍ਰਿਆ ਅਦਾ ਕਰੋ ਕਿ ਮੈਂ ਅਪਨੇ ਬਘਿਆੜ ਲਿਆ ਕੇ ਤੁਹਾੱਡਾ ਸ਼ਿਕਾਰ ਤੁਹਾੱਡੀਆਂ ਹੀ ਗਲੀਆਂ'ਚ ਨਾਂ ਕਰਾਂ ॥"

ਓਹ ਅਪਨੀਆਂ ਅੱਡੀਆਂ'ਤੇ ਮੁੜਿਆ ਅਤੇ ਕਲ੍ਹੇ ਬਘਿਆੜ ਨਾਲ ਦੂਰ ਚਲਾ ਗਿਆ । ਜਿਵੇਂ ਓਨ੍ਹੇਂ ਉੱਪਰ ਤਾਰੇ ਵੇਖੇ ਓਨ੍ਹ ਬੜੀ ਖੁਸ਼ੀ ਮਹਿਸੂਸ ਹੋਈ ॥ "ਹੁਣ'ਤੋਂ ਮੇਰਾ ਸੋਣਾ ਕੁੜਿਕੀਆਂ'ਚ ਬੰਦ । ਕਲ੍ਹਿਆ ॥ ਚੱਲ ਸ਼ੇਰ ਖਾਂ ਦੀ ਖੱਲ ਚੁੱਕਿਏ'ਤੇ ਚੱਲਿਏ ॥ ਨਹੀਂ । ਅਸੀਂ ਪਿੰਡ ਦਾ ਨੁਕਸਾਨ ਨਹੀਂ ਕਰਨਾ । ਕਿਓਂਕਿ ਮਸੂਆ ਨੇ ਮੇਰੇ'ਤੇ ਬੜੀ ਕਿਰਪਾ ਕੀਤ੍ਤੀ ਸੀ ॥"

ਜਦੋਂ ਮਦਾਨ'ਤੇ ਚੰਦ੍ਰਮਾਂ ਚੜ੍ਹਿਆ । ਸਭ ਕੁਝ ਦੁਧ ਵਰਗਾ ਚਿਟ੍ਟਾ ਦਿਖਨ ਲਗ੍ਗ ਪਿਆ । ਡਰੇ ਹੋਏ ਪੇਂਡੂਆਂ ਨੇ ਮੁਗਲੀ ਨੂੰ ਸਿਰ'ਤੇ ਇਕ ਪੰਡ ਚੁੱਕੀ । ਦੋ ਬਘਿਆੜਾਂ ਨੂੰ ਓੁਧੇ ਮਗਰ ਤੇਜੀ ਨਾਲ ਟੁਰਦੇ ਹੋਏ ਉਸ ਚਾਲ'ਚ ਵੇਖਿਆ । ਜਿੜ੍ਹੀ ਬਘਿਆੜ ਚਾਲ ਲੰਮੇ ਮੀਲ ਅਗ੍ਗ ਵਾਂਗ ਖਾ ਜਾਉਂਦੀ ਹੈ ॥ ਤਾਂ ਫੇਰ ਓਨ੍ਹਾਂ ਨੇ ਮੰਦਰ ਦੀਆਂ ਟੱਲੀਆਂ'ਤੇ ਸ਼ੰਖ ਇਨ੍ਹੇ ਜੋਰ ਦੇ ਵਜਾਏ ਕਿ ਜਿਨ੍ਹੇ ਅੱਜ ਤਾਂਈ ਨਹੀਂ ਸੀ ਵਜਾਏ ॥ ਅਤੇ ਮਸੂਆ ਰੋਈ । ਅਤੇ ਬਲਦੇਵ ਨੇ ਅਪਨੀ ਜੰਗਲ ਦੀ ਜਾਂਬਾਜੀ ਦੀ ਕਹਾਣੀਆਂ ਦੀ ਕਢਾਈ ਕੀਤੀ । ਜਦ ਤਕ ਕਿ ਓਨ੍ਹੇ ਕਹਾਣੀ ਇਹ ਕਹਕੇ ਖਤਮ ਨਾਂ ਕੀਤ੍ਤੀ ਕਿ ਕਲ੍ਹਾ ਅਪਨੇ ਪਿਛਲੇ ਪੈਰਾਂ'ਤੇ ਖੜਾ ਹੋਕੇ ਆਦਮੀਆਂ ਵਾਂਗ ਬੋੱਲਿਆ ॥



"ਜਦੋਂ ਮਦਾਨ'ਚ ਚੰਨ ਚੜ੍ਹਿਆ ਪੇਂਡੂਆਂ ਨੇ ਮੁਗਲੀ ਨੂੰ ਦੁੜਕੀ ਚਾਲ'ਚ ਟੁਰਦਿਆਂ ਵੇੱਖਿਆ । ਅਤੇ ਦੋ ਬਘਿਆੜ ਓੁਧੇ ਮਗਰ ਸੀ ॥"

ਚੰਦ੍ਰਮਾਂ ਛਿਪ ਹੀ ਰਿਹਾ ਸੀ ਜਦੋਂ ਮੁਗਲੀ'ਤੇ ਦੋ ਬਘਿਆੜ ਪੰਚਾਇਤੀ ਥੜ੍ਹੇ ਵਾਲੀ ਪ੍ਹਾੜੀ'ਤੇ ਆਏ । ਅਤੇ ਓਹ ਮਾਤਾ ਬਘਿਆੜ ਦੀ ਗੁਫਾ'ਤੇ ਰੁੱਕ ਗਏ ॥

"ਮਾਂ । ਓਨ੍ਹਾਂ ਨੇ ਮੈਨੂੰ ਆਦਮੀਆਂ ਦੇ ਦਲ'ਚੋਂ ਕੱਢ ਦਿਤ੍ਤਾ ਹੈ ।" ਮੁਗਲੀ ਜੋਰ ਦੀ ਚੀਕਿਆ । "ਮਗਰ ਮੈਂ ਸ਼ੇਰ ਖਾਂ ਦੀ ਖੱਲ ਨਾਲ ਅਪਨੀ ਗੱਲ ਰੱਖਨ ਕਰਕੇ ਆਇਆ ਹਾਂ ॥"

ਮਾਤਾ ਬਘਿਆੜ ਆਕੜ ਕੇ ਗੁਫਾ ਦੇ ਬਾਹਰ ਆਈ'ਤੇ ਓੁਧੇ ਬਲੂੰਗੜੇ ਓੁਧੇ ਮਗਰ ਸੀ । ਅਤੇ ਓੁਧੀਆਂ ਅੱਖਾਂ ਚਮਕ ਓੁੱਠਿਆਂ ਜਿਵੇਂ ਹੀ ਓਨ੍ਹੇ ਖੱਲ ਵੇਖੀ ॥

"ਮੈਂ ਓਨ੍ਹੂ ਓੁਸ ਦਿਨ ਦੱਸਿਆ ਸੀ । ਜਿਸ ਦਿਨ ਓਨ੍ਹੇ ਅਪਨਾ ਸਿਰ'ਤੇ ਮੋਢੇ ਇਸ ਗੁਫਾ'ਚ ਫਸਾਏ ਸੀ । ਤੇਰੀ ਜਿੰਦਗੀ ਦਾ ਸ਼ਿਕਾਰ ਕਰਨ ਵਾਸ੍ਤੇ । ਛੋਟ੍ਟੇ ਡੱਡੂਆ - ਮੈ ਓਨ੍ਹੂ ਦੱਸਿਆ ਸੀ ਕਿ ਸ਼ਿਕਾਰੀ ਦਾ ਸ਼ਿਕਾਰ ਹੋਵੇਗਾ ॥ ਇਹ ਵਧੀਆ ਕੱਮ ਹੋਇਆ ਹੈ ॥"

"ਛੋਟ੍ਟੇ ਭਰਾ । ਇਹ ਵਧੀਆ ਹੋਇਆ ਹੈ ।" ਇਕ ਭਾਰੀ ਅਵਾਜ ਨੇ ਸੰਘਣੇ ਜੰਗਲ'ਚ ਕਿਹਾ ॥ "ਅਸੀਂ ਜੰਗਲ'ਚ ਤੇਰੇ ਬਿਨਾ ਕਲ੍ਹੇ ਸੀ ।" ਅਤੇ ਬਘੀਰਾ ਮੁਗਲੀ ਦੇ ਨੰਗੇ ਪੈਰਾਂ ਵੱਲ ਨੱਸ੍ਸਿਆ ਆਇਆ ॥ ਓਹ ਪੰਚਾਇਤੀ ਥੜ੍ਹੇ ਵੱਲ ਕੱਠੇ ਟੁਰ ਪਏ । ਅਤੇ ਮੁਗਲੀ ਨੇ ਪਧਰੇ ਪੱਥਰ'ਤੇ ਖੱਲ ਖਿਲਾਰ ਦਿਤ੍ਤੀ ਜਿੱਥੇ ਕਲ੍ਹਾ ਬੈਠਿਆ ਕਰਦਾ ਸੀ। ਅਤੇ ਬਾਂਸ ਦੇ ਚਾਰ ਚਿੱਪਰਾਂ ਨਾਲ ਕੱਸ ਦਿਤ੍ਤੀ । ਅਤੇ ਕਲ੍ਹਾ ਓੁਧੇ ਓੁੱਪਰ ਚੜ੍ਹਕੇ ਬੈਹ ਗਿਆ । ਅਤੇ ਪੁਰਾਨੀ ਸਦ੍ਦੂ ਲਈ ਅਵਾਜ ਪੰਚਾਇਤ ਬੁਲਾਓੁਣ ਵਾਸ੍ਤੇ ਕੱਢੀ । "ਵੇੱਖੋ - ਚੰਗੀ ਤਰ੍ਹਾਂ ਵੇਖੋ । ਓਹ ਬਘਿਆੜੋ" ਬਿਲਕੁਲ ਓੁੰਞ ਹੀ ਜਦੋਂ ਮੁਗਲੀ ਨੂੰ ਓੁੱਥੇ ਪਹਲੀ ਵਾਰ ਲਿਆਇਆ ਗਿਆ ਸੀ ॥

ਜਦੋਂ'ਤੋਂ ਕਲ੍ਹੇ ਨੂੰ ਸਰਦਾਰੀ'ਤੋਂ ਬੇਦਖਲ ਕੀਤ੍ਤਾ ਗਿਆ ਹੈ । ਦਲ ਕਿਸੇ ਸਰਦਾਰ'ਤੋਂ ਬਿਨਾ ਹੀ । ਜਦੋਂ ਓਨ੍ਹਾਂ ਦਾ ਦਿਲ ਕਰਦਾ ਹੈ ਸ਼ਿਕਾਰ ਕਰਦਾ ਹੈ'ਤੇ ਲੜਦਾ ਹੈ ॥ ਮਗਰ ਓਨ੍ਹਾਂ ਨੇ ਆਦਤ ਵੱਜੋਂ ਸਦ੍ਦੂ ਲਈ ਲਗਾਈ ਅਵਾਜ ਦਾ ਜਵਾਬ ਦਿਤ੍ਤਾ । ਅਤੇ ਕੁਝ ਕੁੜਿਕੀ'ਚ ਫੱਸਣ ਕਰਕੇ ਲੰਗੜੇ ਹੋ ਗਏ ਸੀ । ਅਤੇ ਕੁਝ ਗੋਲੀ ਵੱਜਣ ਦੇ ਜੱਖਮਾਂ ਕਰਕੇ ਲੰਗ ਮਾਰਦੇ ਸੀ । ਅਤੇ ਕੁਝ ਖਰਾਬ ਭੋਜਨ ਖਾਣ ਕਰਕੇ ਖੁਰਕ ਦੇ ਮਾਰੇ ਹੋਏ ਸੀ । ਅਤੇ ਕਈ ਲਾਪਤਾ ਸੀ ॥ ਮਗਰ ਓਹ ਸਾਰੇ ਪੰਚਾਇਤੀ ਥੜ੍ਹੇ'ਤੇ ਆਏ । ਜੋ ਭੀ ਬਚ ਖੁਚ ਗਏ ਸੀ । ਅਤੇ ਓਨ੍ਹਾਂ ਨੇ ਸ਼ੇਰ ਖਾਂ ਦੀ ਧਾਰੀਦਾਰ ਖੱਲ ਨੂੰ ਪੰਚਾਇਤੀ ਥੜ੍ਹੇ'ਤੇ ਵੇਖਿਆ । ਅਤੇ ਵੱਢੇ ਪੰਜੇ ਖਾਲੀ ਪੈਰਾਂ ਦੇ ਅਖੀਰ'ਚ ਲਟਕਦੇ ਪਏ ਸੀ ॥ ਓੁਸ ਵਕ੍ਤ ਮੁਗਲੀ ਨੇ ਇਕ ਗੀਤ ਬਨਾਇਆ । ਇਕ ਇਹੋ ਜਿਹਾ ਗੀਤ ਜਿੜ੍ਹਾ ਓੁਧੇ ਮੂੰਹ'ਚ ਅਪਨੇ ਆਪ ਆ ਗਿਆ ਸੀ । ਅਤੇ ਓਹ ਜੋਰ ਦੀ ਚੀਕਿਆ । ਛਣਕਦੀ ਖੱਲ ਦੇ ਓੁੱਪਰ ਹੇਠਾਂ ਕਦਮ ਪੁਟ੍ਟਦਾ ਰਿਹਾ । ਅਤੇ ਜਦੋਂ ਤਕ ਓੁਧਾ ਸਾਹ ਨਹੀਂ ਸੁੱਕ ਗਿਆ ਅਪਨੀਆਂ ਅੱਡੀਆਂ ਨਾਲ ਸਮੇਂ ਨੂੰ ਕੁਟ੍ਟਦਾ ਰਿਹਾ । ਜਦੋਂ ਕਿ ਸਲੇਟੀ ਭਰਾ ਅਤੇ ਕਲ੍ਹਾ ਤੁਕਾਂ ਦੇ ਵਿਚ ਵਿਚ ਭੌਂਕ ਦੇਂਦੇ ਸੀ ॥

"ਚੰਗੀ ਤਰ੍ਹਾਂ ਵੇਖੋ । ਓਹ ਬਘਿਆੜੋ ॥ ਕਿ ਮੈਂ ਅਪਨੀ ਗੱਲ ਰੱਖੀ ?" ਮੁਗਲੀ ਨੇ ਕਿਹਾ ॥ ਅਤੇ ਬਘਿਆੜ ਬੋਲੇ "ਹਾਂ ।" ਅਤੇ ਇਕ ਮਰਿਆ ਜਿਹਾ ਬਘਿਆੜ ਭੋਂਕਿਆ :

"ਸਾੱਢੀ ਫੇਰ'ਤੋਂ ਸਰਦਾਰੀ ਕਰ । ਓਹ ਕਲ੍ਹਿਆ ॥ ਫੇਰ ਤੋਂ ਸਰਦਾਰੀ ਕਰ । ਓਹ ਆਦਮੀ ਦੇ ਬਲੂੰਗੜਿਆ । ਕਿਓੁਂਕਿ ਅਸੀਂ ਇਸ ਅਰਾਜਕਤਾ'ਤੋਂ ਤੰਗ ਆ ਚੁੱਕੇ ਹਾਂ । ਅਤੇ ਇਕ ਵਾਰੀ ਫੇਰ ਅਜਾਦ ਲੋਕ ਹੋਣਾ ਚਾਹੁੰਦੇ ਹਾਂ ॥"

"ਨਹੀਂ।" ਬਘੀਰਾ ਮਮਿਆਇਆ। "ਇਹ ਨਹੀਂ ਹੋ ਸਕਦਾ॥ ਜਦੋਂ ਤੁਸੀਂ ਰੱਜੇ ਹੋਵੋਂਗੇ। ਤਾਂ ਤੁਹਾਡੇ'ਤੇ ਪਾਗਲਪਨ ਦਾ ਦੌਰਾ ਫੇਰ ਪੈਹ ਜਾਣਾ ਹੈ॥ ਤੁਸੀਂ ਐਂਵੇ ਹੀ ਨਹੀਂ ਅਜਾਦ ਲੋਕ ਕਹਾਉਂਦੇ ਹੋ॥ ਤੁਸੀਂ ਅਜਾਦੀ ਵਾਸ੍ਤੇ ਲੜਾਈ ਲੜੀ ਹੈ। ਅਤੇ ਇਹ ਤੁਹਾਡੀ ਹੈ॥ ਇਸ ਨੂੰ ਖਾਓ। ਓਹ ਬਘਿਆੜੋ॥

"ਆਦਮੀਆਂ ਦੇ ਦਲ ਅਤੇ ਬਘਿਆੜਾਂ ਦੇ ਦਲ ਨੇ ਮੈਨੂੰ ਕੱਢ ਦਿਤ੍ਤਾ ਹੈ।" ਮੁਗਲੀ ਨੇ ਕਿਹਾ॥ "ਹੁਣ ਮੈਂ ਜੰਗਲ'ਚ ਕਲ੍ਹਾ ਹੀ ਸ਼ਿਕਾਰ ਕਰਾਂਗਾ॥"

"ਅਤੇ ਅਸੀਂ ਤੇਰੇ ਨਾਲ ਸ਼ਿਕਾਰ ਕਰਾਂਗੇ।" ਚਾਰੋਂ ਬਲੂੰਗੜਿਆਂ ਨੇ ਕਿਹਾ॥

ਸੋ ਮੁਗਲੀ ਚਲਾ ਗਿਆ ਅਤੇ ਉਸ ਦਿਨ ਤੋਂ ਬਾਦ ਓਨ੍ਹੇ ਚਾਰਾਂ ਬਲੂੰਗੜਿਆਂ ਨਾਲ ਜੰਗਲ'ਚ ਸ਼ਿਕਾਰ ਕੀਤ੍ਤਾ॥ ਮਗਰ ਓਹ ਹਮੇਸ਼ਾਂ ਕਲ੍ਹਾ ਨਹੀਂ ਰਿਹਾ। ਕਿਓਂਕਿ। ਕਈ ਸਾਲਾਂ ਬਾਦ। ਓਹ ਆਦਮੀ ਹੋ ਗਿਆ ਅਤੇ ਓਨ੍ਹੇ ਵਿਆਹ ਕਰ ਲਿਆ॥

ਮਗਰ ਇਹ ਕਹਾਣੀ ਵੱਢੇ ਲੋਕਾਂ ਵਾਸ੍ਤੇ ਹੈ॥



"ਓਹ ਪੰਚੈਤੀ ਥੜ੍ਹੇ'ਤੇ ਕੱਠੇ ਚੜ੍ਹੇ। ਅਤੇ ਮੁਗਲੀ ਨੇ ਪਧਰੇ ਪੱਥਰ'ਤੇ ਚਮੜੀ ਖਲਾਰ ਦਿਤ੍ਤੀ॥"

# ਮੁਗਲੀ ਦਾ ਗੀਤ

ਜਿੜ੍ਹਾ ਓਨ੍ਹੇ ਪੰਚਾਇਤੀ ਥੜ੍ਹੇ'ਤੇ ਗਾਇਆ ਸੀ ਜਦੋਂ ਓਹ ਸ਼ੇਰ ਖਾਂ ਦੀ ਖੱਲ'ਤੇ ਨ੍ਹਚਿਆ ਸੀ ॥

ਮੁਗਲੀ ਦਾ ਗੀਤ - ਮੈਂ। ਮੁਗਲੀ। ਗਾ ਰਿਹਾ ਹਾਂ ॥ ਜੰਗਲ ਨੂੰ ਸੁਣਨ ਦਿਓ ਜਿੜ੍ਹੇ ਕੱਮ ਮੈਂ ਕੀਤੇ ਨੇ ਓਨ੍ਹਾਂ ਬਾਰੇ ॥

ਸ਼ੇਰ ਖਾਂ ਨੇ ਕਿਹਾ ਸੀ ਕਿ ਓਹ ਮਾਰੂਗਾ - ਓਹ ਮਾਰੂਗਾ ! ਦਰਵਾਜਿਆਂ'ਤੇ ਸ਼ਾਮ ਨੂੰ ਓਹ ਮੁਗਲੀ ਨੂੰ ਮਾਰੂਗਾ। ਜਿੜ੍ਹਾ ਹੈ ਡੱਡੂ !

ਓਨ੍ਹੇ ਖਾਧਾ'ਤੇ ਪੀਤ੍ਹਾ ॥ ਰੱਜ ਕੇ ਪੀ। ਸ਼ੇਰ ਖਾਂ। ਫੇਰ ਕਦੇ ਤੂੰ ਪੀਏਂਗਾਂ ਦੁਬਾਰਾ ? ਸੌਂ ਅਤੇ ਸੁਪਨਾ ਵੇਖ ਮਾਰਨ ਦਾ ॥

ਮੈਂ ਚਰਗਾਹ'ਤੇ ਕਲ੍ਹਾ ਹਾਂ ॥ ਸਲੇਟੀ ਭਰਾ। ਮੇਰੇ ਕੋਲ ਆ ! ਮੇਰੇ ਕੋਲ ਆ। ਕਲ੍ਹੇ ਬਘਿਆੜ। ਕਿਓਂਕਿ ਸ਼ਿਕਾਰ ਹੈ ਨੇੜੇ ਵੱਢਾ ॥

ਮਹਾਨ ਝੋਟ੍ਹੇ ਮੱਝਾਂ ਲੈਕੇ ਆ। ਨੀਲੀ ਚੰਮੜੀ ਵਾਲੇ ਇੱਜੜ ਦੇ ਝੋਟ੍ਹੇ ਜਿਨ੍ਹਾਂ ਦੀਆਂ ਹੈਂ ਗੁੱਸੇ ਭਰੀਆਂ ਅੱਖਾਂ ॥ ਓਨ੍ਹਾਂ ਨੂੰ ਗ੍ਹਾਂ ਪਿਛਾਂ ਨ੍ਹੱਸਾ ਜਿਵੇਂ ਹੁਕਮ ਮੈਂ ਦੇਵਾਂ ॥

ਨੀਂਦ'ਚ ਅਰਾਮ ਨਾਲ ਪਿਆ ਹੈਂ। ਕੀ ਤੂੰ ਸ਼ੇਰ ਖਾਂ ? ਉੱਠ। ਵੇ। ਉੱਠ ! ਇੱਥੇ ਮੈਂ ਆਇਆ। ਅਤੇ ਝੋਟ੍ਹੇ ਨੇ ਮੇਰੇ ਮਗਰ ॥

ਰਾਮਾ। ਮੱਝਾਂ ਦੇ ਰਾਜੇ ਨੇ। ਅਪਨੇ ਪੈਰਾਂ ਨਾਲ ਮਿਧ ਸਿਟ੍ਹਿਆ ॥ ਓਹ ਪਾਣੀਓਂ ਵੇਨਗੰਗਾ ਦੇ। ਕਿੱਥੇ ਗਇਆ ਸ਼ੇਰ ਖਾਂ ?

ਓਹ ਇੱਕੀ ਨਹੀਂ ਹੈ ਜਿੜ੍ਹਾ ਟੋਏ ਪੁਟ੍ਹੇ। ਜਾਂ ਫੇਰ ਮਾਓ ਮੋਰ। ਕਿ ਓਹ ਉੱਡੇ ॥ ਓਹ ਮੰਗ੍ਹ ਚੱਮਗਿਦ੍ਹੜ ਨਹੀਂ।
ਜਿੜ੍ਹਾ ਟ੍ਹਾਣੀਆਂ'ਚ ਪੁੱਠਾ ਲਟਕੇ ॥ ਛੋਟ੍ਹੇ ਬਾਂਸੋ ਜਿੜ੍ਹੇ ਕੱਠੇ ਤਿੜਕਦੇ ਪਏ ਹੋਂ। ਮੈਨੂੰ ਦੱਸੋ ਓਹ ਨ੍ਹੱਸ ਗਿਆ ਹੈ ਕਿੱਥੇ ?

ਓਹ ! ਓਹ ਓੱਥੇ ਹੈ ॥ ਵਾਹ ! ਓਹ ਓਥੇ ਹੈ ॥ ਰਾਮਾ ਦੇ ਪੈਰਾਂ ਹੇਠ ਪਿਆ ਹੈ ਲੰਗੜਾ ! ਉਠ। ਸ਼ੇਰ ਖਾਂ !

ਉਠ'ਤੇ ਮਾਰ ! ਮਾਸ ਇੱਥੇ ਹੈ। ਝੋਟ੍ਹਿਆਂ ਦੀ ਗਰਦਨ ਤੋੜ ਦੇ !

ਸ਼ਸ਼ਸ਼ ! ਓਹ ਸੌਂ ਰਿਹਾ ਹੈ। ਅਸੀਂ ਓਨ੍ਹੂ ਨਹੀਂ ਹੈ ਉਠਾਉਣਾ। ਕਿਓਂਕਿ ਓ੍ਹਧੀ ਤਾਕਤ ਹੈ ਬਹੁਤ ਜਿਆਦਾ ॥
ਬਾਜ ਹੇਠਾਂ ਓਨ੍ਹੂ ਵੇਖਨ ਆਏ ਨੇ ॥ ਕਾਲੇ ਕਾੱਢੇ ਓਨ੍ਹੂ ਉੱਪਰ ਜਾਣਨ ਵਾਸ੍ਹੇ ਆਏ ਨੇ ॥
ਓਥੇ ਇਕ ਵੱਢਾ ਹੋਇਆ ਹੈ ਕੱਠ ਓਨ੍ਹੂ ਦੇਨ ਵਾਸ੍ਹੇ ਸਤਕਾਰ ॥

ਅਲਾਲਾ ! ਮੇਰੇ ਕੋਲ ਢਕਣ ਵਾਸ੍ਤੇ ਕੋਈ ਨਹੀਂ ਹੈ ਕਪੜਾ ॥ ਬਾਜ ਵੇਖਣਗੇ ਕਿ ਮੈਂ ਹਾਂ ਨੰਗਾ ॥
ਮੈਨੂੰ ਇਨ੍ਹਾਂ ਲੋਕਾਂ ਨੂੰ ਮਿਲਨ ਵਾਸ੍ਤੇ ਆਓਂਦੀ ਹੈ ਸ਼ਰਮ ॥

ਮੈਨੂੰ ਅਪਨੀ ਜਤੁ ਉਧਾਰ ਦੇਦੇ । ਸ਼ੇਰ ਖਾਂ ॥ ਮੈਨੂੰ ਅਪਨੀ ਵਧੀਆ ਧਾਰੀਦਾਰ ਜਤੁ ਉਧਾਰ ਦੇਦੇ ਤਾਕਿ ਮੈਂ ਪੰਚਾਇਤੀ ਥੜ੍ਹੇ'ਤੇ ਜਾ ਸਕਾਂ ॥

ਉਸ ਝੋਟ੍ਰੇ ਦੀ ਕਸਮ ਜਿਨ੍ਹੇ ਮੇਰੀ ਕੀਮਤ ਸੀ ਅਦਾ ਕੀਤ੍ਰੀ । ਮੈਂ ਖਾਧੀ ਹੈ ਇਕ ਕਸਮ ਛੋਟ੍ਰੀ ਜਿਹੀ - ਕਸਮ ਛੋਟ੍ਰੀ ਜਿਹੀ ॥
ਅਪਨੀ ਗੱਲ ਰੱਖਨ ਵਾਸ੍ਤੇ ਸਿਰਫ ਇਕ ਤੇਰੀ ਖੱਲ ਦੀ ਹੈ ਕਮੀ ॥

ਛੁਰੇ ਨਾਲ । ਛੁਰੇ ਨਾਲ ਜਿਸ ਦਾ ਇੱਸ੍ਤੁਮਾਲ ਆਦਮੀ ਕਰਦੇ ਨੇ । ਛੁਰੇ ਨਾਲ ਨਾਲ ਸ਼ਿਕਾਰੀ ਦੇ । ਮੈਂ ਅਪਨੇ ਤੋਹਫੇ ਵਾਸ੍ਤੇ ਹੇਠਾਂ ਝੁਕਾਂਗਾ ॥

ਵੇਨਗੰਗਾ ਦੇ ਪਾਣੀਓਂ । ਸ਼ੇਰ ਖਾਂ ਨੇ ਮੈਨੂੰ ਅਪਨੀ ਖੱਲ ਦਿਤ੍ਰੀ ਹੈ ਇਸ ਵਾਸ੍ਤੇ ਕਿ ਜਿੜ੍ਹਾ ਉ੍ਧਾ ਪਿਆਰ ਮੇਰੇ ਲਈ ਹੈ ॥
ਖਿਚ੍ਹ । ਸਲੇਟੀ ਭਰਾ ! ਖਿਚ੍ਹ । ਕਲ੍ਹਿਆ ! ਭਾਰੀ ਹੈ ਸ਼ੇਰ ਖਾਂ ਦੀ ਖੱਲ॥

ਆਦਮੀਆਂ ਦਾ ਦਲ ਮੇਰੇ ਤੋਂ ਖਫਾ ਹੈ । ਓਹ ਮਾਰਦੇ ਨੇ ਪੱਥਰ'ਤੇ ਕਰਦੇ ਨੇ ਬਚਕਾਨੀਆਂ ਗੱਲਾਂ ॥ ਮੇਰੇ ਮੂੰਹ ਤੋਂ ਲ੍ਹੂ ਵਗ੍ਹ ਰਿਹਾ ਹੈ ॥ ਮੈਨੂੰ ਨ੍ਹੱਸ ਜਾਣ ਦਿਓ ॥

ਇਸ ਰਾਤ'ਚ । ਇਸ ਗਰਮ ਰਾਤ'ਚ । ਮੇਰੇ ਨਾਲ ਤੇਜ ਦੌੜ੍ਹੋ । ਮੇਰੇ ਭਰਾਵੋ ॥ ਅਸੀਂ ਪਿੰਡ ਦੀਆਂ ਬਤ੍ਰੀਆਂ ਛੱਡ ਜਾਂਵਾਂਗੇ ਝੁਕੇ ਹੋਏ ਚੰਦ੍ਰਮਾਂ ਵੱਲ ॥

ਵੇਨਗੰਗਾ ਦੇ ਪਾਣੀਓਂ । ਆਦਮੀਆਂ ਦੇ ਦਲ ਨੇ ਮੈਨੂੰ ਦਿਤ੍ਰਾ ਹੈ ਕੱਢ ॥ ਮੈਂ ਓਨ੍ਹਾਂ ਦਾ ਕੁਝ ਮਾੜਾ ਨਹੀਂ ਸੀ ਕੀਤ੍ਰਾ ।
ਮਗਰ ਓਹ ਮੇਰੇ ਤੋਂ ਖੌਫ ਸੀ ਖਾਂਦੇ ॥ ਕਿਓਂ ?

ਬਘਿਆੜਾਂ ਦੇ ਦਲ । ਤੁਸੀ ਭੀ ਮੈਨੂੰ ਬਾਹਰ ਦਿਤ੍ਰਾ ਹੈ ਕੱਢ ॥ ਜੰਗਲ ਦਾ ਰਾਹ ਮੇਰੇ ਵਾਸ੍ਤੇ ਬੰਦ ਹੈ ਅਤੇ ਪਿੰਡ ਦੇ ਦਰਵਾਜੇ ਮੇਰੇ ਵਾਸ੍ਤੇ ਬੰਦ ਨੇ ॥ ਕਿਓਂ ?

ਜਿਵੇਂ ਮੰਗੂ ਵ੍ਰਸ਼ੀਆਂ ਅਤੇ ਪਰਿੰਦਿਆਂ'ਚ ਉੱਡਦਾ ਹੈ । ਇੰਝ ਮੈਂ ਉਡਦਾ ਹਾਂ ਪਿੰਡ ਅਤੇ ਜੰਗਲ'ਚ ॥ ਕਿਓਂ ?

ਮੈਂ ਸ਼ੇਰ ਖਾਂ ਦੀ ਖੱਲ ਤੇ ਨਚ੍ਹਦਾ ਹਾਂ । ਪਰ ਮੇਰਾ ਦਿਲ ਬ੍ਹਤ ਭਾਰੀ ਹੈ ॥ ਮੇਰਾ ਮੂੰਹ ਪਿੰਡ ਦੇ ਪੱਥਰਾਂ ਕਰਕੇ ਵੱਢਿਆ ਅਤੇ ਜਖਮੀ

ਹੈ। ਮਗਰ ਮੇਰਾ ਦਿਲ ਬੜਾ ਹਲਕਾ ਹੈ। ਕਿਓਂਕਿ ਮੈਂ ਜੰਗਲ'ਚ ਵਾਪਸ ਆ ਗਿਆ ਹਾਂ ॥ ਕਿਓਂ?

ਇਹ ਦੋ ਗੱਲਾਂ ਮੇਰੇ ਅੰਦਰ ਜੰਗ ਕਰਦੀਆਂ ਪਈਆਂ ਨੇ ਜਿਵੇਂ ਸੱਪ ਲੜਦੇ ਨੇ ਬਸੰਤ'ਚ ॥
ਮੇਰੀਆਂ ਅੱਖਾਂ'ਚੋਂ ਪਾਣੀ ਆਓਂਦਾ ਹੈ ॥ ਪਰ ਫੇਰ ਭੀ ਮੈਂ ਹੱਸਦਾ ਹਾਂ ਜਦੋਂ ਇਹ ਡਿਗਦਾ ਹੈ ॥ ਕਿਓਂ ?

ਮੈਂ ਦੋ ਮੁਗਲੀ ਹਾਂ। ਪਰ ਸ਼ੇਰ ਖਾਂ ਦੀ ਖੱਲ ਮੇਰੇ ਪੈਰਾਂ'ਚ ਹੈ ॥

ਪੂਰਾ ਜੰਗਲ ਜਾਣਦਾ ਹੈ ਕਿ ਮੈਂ ਸ਼ੇਰ ਖਾਂ ਨੂੰ ਮਾਰ ਦਿਤ੍ਤਾ ਹੈ ॥ ਵੇੱਖੋ - ਚੰਗੀ ਤਰ੍ਹਾਂ ਵੇੱਖੋ। ਓਹ ਬਘਿਆੜੋ !

ਆਹਾ ! ਜੇੜ੍ਹੀਆਂ ਗੱਲਾਂ ਮੈਨੂੰ ਸਮਝ ਨਹੀਂ ਆਓਂਦੀਆਂ ਓਨ੍ਹਾਂ ਕਰਕੇ ਮੇਰਾ ਦਿਲ ਹੈ ਬੜਾ ਭਾਰੀ ॥

ਇਸ ਕਿਤਾਬ ਦੀ ਨਕਲ ਤੁਸੀਂ http://www.KhalsaSchool.net ਤੋਂ ਮੁਫ਼ਤ ਪਰਾਪਤ ਕਰ ਸਕਦੇ ਹੋਂ ॥

# STRICTLY FOR FREE DISTRIBUTION.

A free copy of this book can be obtained from http://www.KhalsaSchool.net